
SKY TRANSPORT SOLUTIONS
ਟਰੱਕਾਂ ਵਾਲਿਆਂ ਵੀਰਾਂ ਦੇ ਲਈ ਸਕਾਈ
ਟਰਾਂਸਪੋਰਟ ਸਾਲਿਊਸ਼ਨ ਦੀਆਂ ਵਿਸ਼ੇਸ਼ ਸੇਵਾਵਾਂ
PHONE: 209-855-6938



ਹਫਤਾਵਾਰੀ

# ਦੇਸ਼ ਦੁਆਬਾ

VOL - 7 ISSUE - 23
September 19, 2018
Postal Address
5101 Doe Hollow Pl., Antelope, CA-95843
www.deshdoaba.com
www.ambedkartimes.com



Golden State Truck Sales Inc.
ਟਰੱਕ-ਟਰੇਲਰ
ਖਰੀਦਣ ਅਤੇ ਵੇਚਣ ਲਈ ਮਿਲੋ
ਸਸਤੀਆਂ ਵਿਆਜ ਦਰਾਂ ਤੇ ਟਰੱਕ
ਦਾ ਲੋਨ ਲੈਣ ਲਈ
ਅਸੀਂ ਤੁਹਾਡੀ ਮਦਦ ਕਰਾਂਗੇ

Call : Dharminder Singh
Cell : 530-870-6600
Email: myfuturetruck@gmail.com



ਮੁੱਖ ਸੰਪਾਦਕ : ਪ੍ਰੇਮ ਕੁਮਾਰ ਚੁੰਬਰ ਸੰਪਰਕ : 916-947-8920 ਫੈਕਸ : 916-238-1393 E-mail : deshdoaba@yahoo.com ਸੰਪਾਦਕ : ਤਰਸੇਮ ਜਲੰਧਰੀ


## ਕਰਤਾਰਪੁਰ ਸਾਹਿਬ ਦੇ ਲਾਂਘੇ ਲਈ ਬਣਨ ਲੱਗੀ ਸਹਿਮਤੀ

**ਚੰਡੀਗੜ੍ਹ (ਬਿਊਰੋ)–** ਪੰਜਾਬ ਦੇ ਸਥਾਨਕ ਸਰਕਾਰਾਂ ਬਾਰੇ ਵਿਭਾਗ ਦੇ ਮੰਤਰੀ ਨਵਜੋਤ ਸਿੰਘ ਸਿੱਧੂ ਨੇ ਕੇਂਦਰੀ ਵਿਦੇਸ਼ ਮੰਤਰੀ ਸੁਸ਼ਮਾ ਸਵਰਾਜ ਵੱਲੋਂ ਕਰਤਾਰਪੁਰ ਸਹਿਬ ਦੇ ਲਾਂਘੇ ਪ੍ਰਤੀ ਹਾਂ ਪੱਖੀ ਹੁੰਗਾਰਾ ਭਰੇ ਜਾਣ ਦਾ ਦਾਅਵਾ ਕੀਤਾ ਹੈ। ਇੱਥੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਉਨ੍ਹਾਂ ਕਿਹਾ ਕਿ ਕੇਂਦਰੀ ਮੰਤਰੀ ਨਾਲ 15 ਕੁ ਮਿੰਟ ਦੀ ਮੀਟਿੰਗ ਦੌਰਾਨ ਜੋ ਗੱਲਬਾਤ ਹੋਈ ਉਸ ਤੋਂ ਇਹੀ ਸਿੱਟਾ ਸਾਹਮਣੇ ਆਉਂਦਾ ਹੈ ਕਿ ਕੇਂਦਰ ਸਰਕਾਰ ਕਰਤਾਰਪੁਰ ਸਹਿਬ ਦੇ ਲਾਂਘੇ ਪ੍ਰਤੀ ਕਦਮ ਚੁੱਕ ਰਹੀ ਹੈ। ਉਨ੍ਹਾਂ ਕਿਹਾ ਕਿ ਪਾਕਿਸਤਾਨ ਦੇ ਸੱਦੇ ਦਾ ਇੰਤਜ਼ਾਰ ਕੀਤੇ ਬਿਨਾਂ ਭਾਰਤ ਸਰਕਾਰ ਨੂੰ ਚਾਹੀਦਾ ਹੈ ਕਿ ਪਾਕਿਸਤਾਨ ਸਰਕਾਰ ਨੂੰ ਤੁਰੰਤ ਪੱਤਰ ਲਿਖਿਆ ਜਾਵੇ। ਉਨ੍ਹਾਂ ਕਿਹਾ ਕਿ ਪਾਕਿਸਤਾਨ ਦੇ ਪ੍ਰਧਾਨ ਮੰਤਰੀ ਮੀਆਂ ਇਮਰਾਨ ਖਾਨ ਨੇ ਸਾਰੀਆਂ ਧਿਰਾਂ ਨਾਲ ਗੱਲਬਾਤ ਕਰਨ ਤੋਂ ਬਾਅਦ ਹਾਂ ਪੱਖੀ ਹੁੰਗਾਰਾ ਭਰਿਆ ਹੈ।



ਸ੍ਰੀ ਸਿੱਧੂ ਨੇ ਕਿਹਾ ਕਿ ਜਦੋਂ ਗੁਰਦੁਆਰਾ ਪਾਕਿਸਤਾਨ ਦੀ ਧਰਤੀ ’ਤੇ ਸਥਿਤ ਹੈ ਤਾਂ ਇਹੀ ਬਣਦਾ ਹੈ ਕਿ ਭਾਰਤ ਸਰਕਾਰ ਪਹਿਲਕਦਮੀ ਕਰੇ ਤਾਂ ਜੋ 10 ਕਰੋੜ ਨਾਨਕ ਨਾਮ ਲੇਵਾ ਸੰਗਤ ਦੀਆਂ ਉਮੀਦਾਂ ਪੂਰੀਆਂ ਹੋਣ। ਉਨ੍ਹਾਂ ਕਿਹਾ ਕਿ ਕੇਂਦਰੀ ਵਿਦੇਸ਼ ਮੰਤਰੀ ਨਾਲ ਮੁਲਾਕਾਤ ਕਰਨ ਸਮੇਂ ਸਾਬਕਾ ਕੇਂਦਰੀ ਮੰਤਰੀ ਡਾ. ਐਮਐਸ ਗਿੱਲ ਵੀ ਮੌਜੂਦ ਸਨ ਤੇ ਉਨ੍ਹਾਂ ਵਿਦੇਸ਼ ਮੰਤਰੀ ਨੂੰ ਇਹੀ ਕਿਹਾ ਹੈ ਕਰੋੜਾਂ ਲੋਕਾਂ ਦੀਆਂ ਧਾਰਮਿਕ ਭਾਵਨਾਵਾਂ ਅਤੇ ਸ਼ਰਧਾ ਦਾ ਸਵਾਲ ਹੈ ਇਸ ਵਿੱਚ ਦੇਰੀ ਨਹੀਂ ਹੋਣੀ ਚਾਹੀਦੀ।

## ਯੂਨਾਈਟਡ ਸਪੋਰਟਸ ਕਲੱਬ ਦੇ 14ਵੇਂ ਵਿਸ਼ਵ ਕੱਪ ਨੇ ਸਿਰਜਿਆ ਸਫਲਤਾ ਦਾ ਨਵਾਂ ਇਤਿਹਾਸ




ਵਿਸਥਾਰਿਤ ਰਿਪੋਰਟ ਅਤੇ ਅਦਾਰਾ “ਦੇਸ਼ ਦੁਆਬਾ” ਵੱਲੋਂ ਲਈਆਂ ਗਈਆਂ ਤਸਵੀਰਾਂ ਅੰਦਰ ਦੇਖੋ




MANDEEP SANDHU
SANDHU IMMIGRATION CONSULTANT
ਇੰਮੀਗ੍ਰੇਸ਼ਨ ਸਬੰਧੀ ਆ ਰਹੀਆਂ ਮੁਸ਼ਕਿਲਾਂ ਲਈ, ਪਾਸਪੋਰਟ, ਵੀਜਾ, ਗਰੀਨ ਕਾਰਡ ਆਦਿ ਲਈ ਮਿਲੋ
Passports, Visas, Green Cards, Sponsorship, Immigration Forms , Citizenship, Spouse/Family Petitions, Study Visas
All Kinds of Immigration Forms/Petitions/Visa
ਵੀਜ਼ਾ
WE OPEN 7-DAYS A WEEK
Note: I am not an Immigration Attorney.
msandhu2014@gmail.com
(209-373-3562)
3222 PENELOPE DR. STOCKTON, CA- 95212
(NEAR HWY 99 ON MORADA LANE)

BAGGA JEWELERS
SINCE 1996
916-912-8842, 916-329-8772
jewelers.Bagga@gmail.com
ਸੈਕਰਾਮੈਂਟੋ ਵਿਚ 22 ਅਤੇ 24 ਕੈਰੇਟ ਦੇ ਗਹਿਣਿਆਂ ਦਾ ਸਟੋਰ ਖੁੱਲ੍ਹ ਗਿਆ ਹੈ, ਜਿੱਥੇ ਸੋਨੇ, ਚਾਂਦੀ ਦੇ ਗਹਿਣੇ ਆਰਡਰ ’ਤੇ ਵੀ ਤਿਆਰ ਕਰਵਾ ਸਕਦੇ ਹੋ। ਸੋਨਾ ਵੇਚਣ, ਖਰੀਦਣ ਅਤੇ ਪੁਰਾਣੇ ਬਦਲੇ ਨਵਾਂ ਸੋਨੇ ਤੇ ਕੈਸ਼ ਵੀ ਲੈ ਸਕਦੇ ਹੋ। ਇੱਥੇ ਚਾਂਦੀ ਦੇ ਗਹਿਣੇ ਅਤੇ ਚਾਂਦੀ ਦੇ ਬਰਤਨ ਵੀ ਮਿਲਦੇ ਹਨ। ਹਰ ਕਿਸਮ ਦੇ ਗਹਿਣੇ ਸਟੋਰ ਦੇ ਅੰਦਰ ਹੀ ਤਿਆਰ ਕੀਤੇ ਜਾਂਦੇ ਹਨ।

6930 65TH STREET # 115 SACRAMENTO CA 95823
Sandeep Jony Bagga


RAMESH SUMAN
Broker Realtor
RCS-D ™
MAJESTIC HOMES
Office (925) 779-1234
Direct (925) 366-3618
Fax (905) 219-3918
DRE Licence- 00871752
www.majestichomes.us
ramesh@rameshsuman.com
P.O. Box 3434, Antioch, CA 94531-3434

SAROAY INVESTMENT REALTY
Ram Saroay
Broker/Realtor
Business License 031035
ramsaroay@hotmail.com

39039 Paseo Padre Parkway Suite # 205 Fremont, CA 94538
Office: (510) 742-8120, Cell; (510) 368-3983

Amrik Chand (CPA)
Phone : 510-490-8200
Fax : 510-490-8202
Email : achand@pacbell.net

Income Tax Preparation
(Individual, Corporation & LLC)
Payroll Services & Bookkeeping Services
* We are in this business since 1989.
Your satisfaction is our goal.
* Please call us for Professional & reliable services at reasonable rates.
959 Corporate Way, Fremont, CA. 94539


BERKSHIRE HATHAWAY
Home Services
ELITE REAL ESTATE
* ਅਸੀਂ ਪੰਜਾਬੀ, ਹਿੰਦੀ, ਅੰਗਰੇਜ਼ੀ
ਤਿੰਨੇ ਭਾਸ਼ਾਵਾਂ ਵਿਚ ਗੱਲ ਕਰ ਸਕਦੇ ਹਾਂ।
** ਕਿਸੇ ਵੀ ਕਿਸਮ ਦੀ ਸੰਪਤੀ ਦੀ ਖਰੀਦ-ਵੇਚ,
ਅਸਾਨ ਕਿਸ਼ਤਾਂ ਤੇ ਘਰ ਖਰੀਦਣ ਲਈ ਸੰਪਰਕ ਕਰੋ;
Shangara Ram
Realtor CalBRE# 01969522
Cell: 916-479-5587
Fax # 916-721-2373
Office: 916-681-5112
shangararam2@gmail.com
7412 Elsie Ave., Sacramento, CA 95828


Don't wait until it's too late. Come give your car a break at Brake Time
Brake Time Auto Repair
6315 Watt Ave. Unit 115
North Highlands, CA. 95660
* Brakes, Suspension, A/C
* Engine Diagnostic, Tune-ups
* Water Pumps, Timing belts
* Performance, 30/60/90K
J. Singh
(916) 800-0400
Open Mon-Fri 2 pm to 9pm
Sat - Sun 9 am to 9pm
Appointments only
ਇੱਥੇ ਆਟੋ ਰਿਪੇਅਰ ਦਾ ਤਸੱਲੀ ਬਖਸ਼ ਕੰਮ ਕੀਤਾ ਜਾਂਦਾ ਹੈ

S. Makhan Singh Bains & Giani Ravinder Singh Ji with S. Amolak Singh Gakhal, S. Iqbal Singh Gakhal, S. Major Singh Bains, S. Sarabjit Singh Thiara, S. Jugraj Singh Gakhal, S. Jagir Singh, Lasher Brothers and more during Kabaddi Tournament's opening ceremony and honoring Carol Dutra-Vernaci Mayor of Union City & City Council Members and others personalities.

Raja
SWEETS & CATERING
WORK (510) 489-9100
CELL (510) 715-1619

















## ਬੋਪਾਰਾਏ ਭਰਾਵਾਂ ਵੱਲੋਂ ਯੂਨਾਈਟਿਡ ਸਪੋਰਟਸ ਕਲੱਬ ਕੈਲੇਫੋਰਨੀਆ ਵੱਲੋਂ 14ਵਾਂ ਸਾਲਾਨਾ ਇੰਟਰਨੈਸ਼ਨਲ ਕਬੱਡੀ ਕੱਪ ਸਫਲਤਾਪੂਰਵਕ ਕਰਵਾਏ ਜਾਣ ਦੀਆਂ ਸਮੂਹ ਪ੍ਰਬੰਧਕਾਂ ਅਤੇ ਸਹਿਯੋਗੀਆਂ ਨੂੰ ਲੱਖ ਲੱਖ ਵਧਾਈਆਂ।















## ਚੜ੍ਹਦਾ ਪੰਜਾਬ ਕਲੱਬ ਰੋਜ਼ਵਿਲ (ਕੈਲੇਫੋਰਨੀਆ) ਵੱਲੋਂ

29 ਸਤੰਬਰ 2018 ਨੂੰ ਕਿੰਗਜ਼ ਸਪੋਰਟਸ ਕਲੱਬ ਕੈਲੇਫੋਰਨੀਆ ਅਤੇ ਅਕਤੂਬਰ ਮਹੀਨੇ ਸ਼ਹੀਦ ਬਾਬਾ ਦੀਪ ਸਿੰਘ ਸਪੋਰਟਸ ਅਕੈਡਮੀ ਸੈਕਰਾਮੈਂਟੋ ਵੱਲੋਂ ਕਰਵਾਏ ਜਾ ਰਹੇ ਵਿਸ਼ਵ ਕਬੱਡੀ ਕੱਪ ਟੂਰਨਾਮੈਂਟਾਂ ਵਿਚ ਪਹਿਲੇ ਨੰਬਰ 'ਤੇ ਜੇਤੂ ਰਹਿਣ ਵਾਲੀਆਂ ਕਬੱਡੀ ਟੀਮਾਂ ਨੂੰ ਪਹਿਲਾਂ ਦੀ ਤਰ੍ਹਾਂ ਇਸ ਸਾਲ ਵੀ ਚੜ੍ਹਦਾ ਪੰਜਾਬ ਕਲੱਬ ਰੋਜ਼ਵਿਲ (ਕੈਲੇਫੋਰਨੀਆ) ਵੱਲੋਂ ਇਨਾਮ ਦਿੱਤੇ ਜਾਣਗੇ। ਚੜ੍ਹਦਾ ਪੰਜਾਬ ਕਲੱਬ ਰੋਜ਼ਵਿਲ, ਕੈਲੇਫੋਰਨੀਆ ਵਾਲੇ ਸ. ਬਲਜੀਤ ਸਿੰਘ ਬਾਸੀ, ਬਲਵਿੰਦਰ ਸਿੰਘ ਵਿਰਕ ਅਤੇ ਸੇਵਾ ਸਿੰਘ ਸਿੱਧੂ ਪ੍ਰਸਿੱਧ ਕਬੱਡੀ ਖਿਡਾਰੀ ਸ. ਦੀਪਾ ਮੁਠੱਡਿਆਂ ਵਾਲਾ ਅਤੇ ਹੋਰਾਂ ਨਾਲ 'ਦੇਸ਼ ਦੁਆਬਾ' ਵੱਲੋਂ ਲਈਆਂ ਤਿੰਨ ਯਾਦਗਾਰੀ ਤਸਵੀਰਾਂ।







# ਕਰਮਨ ਵਿਖੇ ਸਲਾਨਾ ਪਰੇਡ ਅਤੇ ਹਾਰਵੈਸਟਰ ਫੈਸਟੀਵਲ ਦਾ ਲੋਕਾਂ ਨੇ ਮਾਣਿਆਂ ਭਰਪੂਰ ਅਨੰਦ





**ਫਰਿਜ਼ਨੋ, ਕੈਲੀਫੋਰਨੀਆ (ਕੁਲਵੰਤ ਧਾਲੀਆ/ਨੀਟਾ ਮਾਛੀਕੇ):** ਫਰਿਜ਼ਨੋ ਦੇ ਨਜ਼ਦੀਕੀ ਕਰਮਨ ਸ਼ਹਿਰ ਵਿਖੇ ਹਰ ਸਾਲ ਦੀ ਤਰ੍ਹਾਂ 74 ਵੇ "ਹਾਰਵੈਸਟਰ ਫਿਸਟੀਵਲ" (Harvest Festival) ਦੀ ਸੁਰੂਆਤ ਪਰੇਡ ਨਾਲ ਹੋਈ। ਜਿਸ ਦਾ ਮਹੌਲਾਂ ਬਲਕੁਲ ਭਾਰਤ ਦੀ ਵਿਸਾਖੀ ਦੇ ਮੇਲੇ ਵਰਗਾ ਸੀ। ਬੇਸੱਕ ਇੱਥੇ ਲੋਕ ਵੱਡੇ ਸ਼ਹਿਰਾਂ ਵਿੱਚ ਰਹਿ ਰਹੇ ਹਨ, ਪਰ ਇਥੇ ਵੀ ਲੋਕ ਆਪਣੀ ਪੱਕੀ ਫਸਲ ਦੀ ਕਟਾਈ ਕਰਨ ਦੀ ਖ਼ੁਸ਼ੀ ਪਰੰਪਰਾਗਤ ਮੇਲੇ ਦੇ ਰੂਪ ਵਿੱਚ ਮਨਾਉਦੇ ਆ ਰਹੇ ਹਨ। ਜਿਸ ਦੀ ਸੁਰੂਆਤ ਨਗਰ ਕੀਰਤਨ ਵਾਂਗ ਪਰੇਡ ਨਾਲ ਕੀਤੀ ਜਾਦੀ ਹੈ ਅਤੇ ਇਕੱਠ ਵੀ ਅਮੈਰੀਕਨ ਭਾਈਚਾਰੇ ਦਾ ਬਹੁਤ ਹੁੰਦਾ ਹੈ। ਹਰ ਸਾਲ 50 ਤੋਂ ਵਧੀਕ ਫਲੋਟ ਸਭ ਦੀ ਖਿੱਚ ਦਾ ਕਾਰਨ ਬਣਦੇ ਹਨ। ਇਸ ਤੋਂ ਇਲਾਵਾ ਲੋਕ ਆਪਣੇ ਪੁਰਾਣੇ ਟਰੱਕ, ਟਰੈਕਟਰ, ਕਾਰਾਂ ਅਤੇ ਹੋਰ ਪੁਰਾਤਨ ਸਾਜੋ-ਸਮਾਨ ਦਾ ਵੀ ਲਿਸ਼ਕਾਂ-ਚਮਕਾ ਕੇ ਖੁੱਲ੍ਹਾਂ ਪਰਦਰਸ਼ਨ ਕਰਦੇ ਹਨ।

ਭਾਵ ਵੱਖ-ਵੱਖ ਭਾਈਚਾਰੇ ਦੇ ਲੋਕ ਆਪਣੇ-ਆਪਣੇ ਸੱਭਿਆਚਾਰ ਦਾ ਖੁੱਲ ਕੇ ਪ੍ਰਦਸ਼ਨ ਕਰਦੇ ਹਨ। ਇੰਨ੍ਹਾਂ ਫਲੋਟਾ ਨੂੰ ਵਧੀਆਂ ਸਜਾਉਣ ਦੇ ਮੁਕਾਬਲੇ ਵੀ ਦਿਲਚਸਪ ਹੁੰਦੇ ਹਨ। ਜਿਸ ਦੇ ਇਨਾਮ ਵੀ ਦਿੱਤੇ ਜਾਂਦੇ ਹਨ। ਸਥਾਨਕ ਲੋਕ ਸੜਕ ਦੇ ਦੋਨੋ ਪਾਸੇ ਬੈਠ ਇਸ ਪਰੰਪਰਾਗਤ ਪਰੇਡ ਦਾ ਖੁੱਲ ਕੇ ਅਨੰਦ ਮਾਣਦੇ ਹਨ ਅਤੇ ਹਿੱਸਾ ਲੈਣ ਵਾਲਿਆਂ ਦੀ ਹੌਸ਼ਲਾ ਅਫਜ਼ਾਈ ਕਰਦੇ ਹਨ।

ਇਸ ਪਰੇਡ ਦੀ ਸਮਾਪਤੀ ਉਪਰੰਤ ਚਾਰ ਦਿਨ ਮੇਲਾ ਦਾ ਲੋਕ ਗੀਤ-ਸੰਗੀਤ, ਖੇਡਾਂ, ਰਾਈਡਾਂ, ਤਰ੍ਹਾਂ-ਤਰ੍ਹਾਂ ਦੇ ਝੂਲਿਆਂ ਅਤੇ ਖਾਣਿਆ ਦਾ ਅਨੰਦ ਮਾਣਦੇ ਹਨ। ਇਸੇ ਤਰ੍ਹਾਂ ਇਤਿਹਾਸਕ ਤਸਵੀਰਾਂ ਅਤੇ ਵਸਤਾਂ ਦੀ ਪ੍ਰਦਰਸ਼ਨੀ ਵੀ ਦੇਖਣਯੋਗ ਸੀ। ਇਹ ਮੇਲੇ ਸਾਰੇ ਸ਼ਹਿਰਾਂ ਵੱਚ ਲਗਾਤਾਰ ਪਰੰਪਰਾਵਾਂ ਨੂੰ ਕਾਇਮ ਰੱਖਦੇ ਹੋਏ ਲੱਗਦੇ ਹਨ। ਜਿੱਥੇ ਲੋਕ ਆਪਸੀ ਰਲ ਮੇਲ ਵਧਾਉਦੇ ਹਨ, ਉੱਥੇ ਲੱਗੇ ਵੱਖ-ਵੱਖ ਸਟਾਲਾਂ ਤੋਂ ਸੁਆਦਿਸ਼ਟ ਖਾਣਿਆ ਦਾ ਵੀ ਖੁੱਲ ਕੇ ਅਨੰਦ ਮਾਣਦੇ ਹਨ। ਕਰਮਨ ਸ਼ਹਿਰ ਦਾ ਇਸ ਸਾਲ ਦਾ ਮੇਲਾ ਵੀ ਹਮੇਸਾ ਵਾਂਗ ਖੁਸ਼ੀਆਂ ਵੰਡਦਾ ਹੋਇਆਂ ਯਾਦਗਾਰੀ ਹੋ ਨਿਬੜਿਆ।

# ਭਗਵਾਨ ਵਾਲਮੀਕ ਜੀ ਦਾ ਪ੍ਰਗਟ ਦਿਵਸ 28 ਅਕਤੂਬਰ ਨੂੰ ਮਨਾਇਆ ਜਾਵੇਗਾ

**ਯੂਬਾ ਸਿਟੀ–** ਬੀਤੇ ਐਤਵਾਰ ਮਹਾਂਰਿਸ਼ੀ ਵਾਲਮੀਕ ਸਭਾ ਯੂ. ਐਸ. ਏ. (ਯੂਬਾ ਸਿਟੀ) ਕੈਲੇਫੋਰਨੀਆ ਦੀ ਮੀਟਿੰਗ ਸ੍ਰੀ ਪ੍ਰੇਮ ਸੌਂਧੀ ਦੀ ਪ੍ਰਧਾਨਗੀ ਹੇਠ ਮਹਾਂਰਿਸ਼ੀ ਵਾਲਮੀਕ ਟੈਂਪਲ ਯੂਬਾ ਸਿਟੀ ਵਿਖੇ ਹੋਈ, ਜਿਸ ਵਿਚ ਵੱਡੀ ਗਿਣਤੀ ਵਿਚ ਸੰਗਤਾਂ ਨੇ ਭਾਗ ਲਿਆ। ਮੀਟਿੰਗ ਵਿਚ ਬੀਬੀਆਂ ਵੀ ਵਿਸ਼ੇਸ਼ ਤੌਰ ’ਤੇ ਸ਼ਾਮਲ ਹੋਈਆਂ। ਸਾਰੇ ਪ੍ਰੋਗਰਾਮਾਂ ਨੂੰ ਬਹੁਤ ਹੀ ਵਧੀਆ ਤੇ ਸਾਰਥਕ ਬਣਾਉਣ ਲਈ ਸੰਗਤਾਂ ਵੱਲੋਂ ਵਿਚਾਰਾਂ ਕੀਤੀਆਂ ਗਈਆਂ। ਬਹੁਤ ਸਾਰੇ ਕੀਮਤੀ ਸੁਝਾਅ ਦਿੱਤੇ ਗਏ। ਸਾਰੀਆਂ ਸੰਗਤਾਂ ਵੱਲੋਂ ਸਰਬਸੰਮਤੀ ਨਾਲ ਫੈਸਲਾ ਕੀਤਾ ਗਿਆ ਕਿ ਪ੍ਰੋਗਰਾਮ ਲਗਾਤਾਰ ਤਿੰਨ ਦਿਨ ਚਲਾਇਆ ਜਾਵੇਗਾ, ਜਿਸ ਵਿਚ ਅਕਤੂਬਰ 26, 2018 ਦਿਨ ਨੂੰ ਸ੍ਰੀ ਯੋਗ ਵਸ਼ਿਸ਼ਟ ਸਾਹਿਬ ਜੀ ਦੇ ਪਾਠ ਦੇ ਭੋਗ ਪਾਏ ਜਾਣਗੇ। 27 ਅਕਤੂਬਰ ਨੂੰ ਸਵੇਰੇ 10 ਵਜੇ ਨਿਸ਼ਾਨ ਸਾਹਿਬ ਚੜ੍ਹਾਏ ਜਾਣਗੇ। 28 ਅਕਤੂਬਰ ਦਿਨ ਐਤਵਾਰ ਨੂੰ ਪਾਠ ਦੇ ਭੋਗ ਪਾਏ ਜਾਣਗੇ ਤੇ ਸਵੇਰੇ 12 ਵਜੇ ਤੋਂ ਸ਼ਾਮ 4 ਵਜੇ ਤੱਕ ਵੱਖ ਵੱਖ ਕਲਾਕਾਰਾਂ ਵੱਲੋਂ ਸਤਿਗੁਰੂ ਵਾਲਮੀਕ ਜੀ ਦੀ ਸ਼ੋਭਾ ਵਿਚ ਸ਼ਬਦ ਗਾਇਨ ਕੀਤਾ ਜਾਵੇਗਾ ਤੇ






ਕਥਾ ਵਾਚਕ ਕਥਾ ਰਾਹੀਂ ਸਤਿਗੁਰੂ ਵਾਲਮੀਕ ਜੀ ਦੇ ਗੁਣਗਾਨ ਕਰਨਗੇ। ਤੇ ਵੱਖ-ਵੱਖ ਬੁਲਾਰੇ ਭਗਵਾਨ ਜੀ ਦੇ ਜੀਵਨ ਤੇ ਸਿੱਖਿਆਵਾਂ ਬਾਰੇ ਆਪਣੇ ਆਪਣੇ ਵਿਚਾਰ ਸੰਗਤਾਂ ਨਾਲ ਸਾਂਝੇ ਕਰਨਗੇ। ਸਕਿਊਰਟੀ ਦਾ ਤਿੰਨੇ ਦਿਨ ਵਿਸ਼ੇਸ਼ ਪ੍ਰਬੰਧ ਹੋਵੇਗਾ। ਕਾਰਾਂ ਦੀ ਪਾਰਕਿੰਗ ਦਾ ਵੀ ਪੂਰਾ ਪ੍ਰਬੰਧ ਹੋਵੇਗਾ। ਪ੍ਰੋਗਰਾਮ ਦੌਰਾਨ ਤਿੰਨੇ ਦਿਨ ਹੀ ਲੰਗਰਾਂ ਦੀ ਅਤੁੱਟ ਸੇਵਾ ਚੱਲੇਗੀ। ਸਭਾ ਵੱਲੋਂ ਸੰਗਤਾਂ ਨੂੰ ਬੇਨਤੀ ਹੈ ਕਿ ਕੋਈ ਸ਼ਰਧਾਵਾਨ ਸੇਵਾਦਾਰ ਵਿਸ਼ੇਸ਼ ਸੇਵਾ ਲੈਣਾ ਚਾਹੁੰਦਾ ਹੈ ਤਾਂ ਪ੍ਰਧਾਨ ਪ੍ਰੇਮ ਸੌਂਧੀ ਫੋਨ ਨੰਬਰ 530-751-3887 ਜਾਂ ਸੀਨੀਅਰ ਵਾਈਸ ਪ੍ਰਧਾਨ ਸੰਤੋਖ ਸਿੰਘ ਗਿੱਲ ਫੋਨ ਨੰਬਰ 530-740-3056 ’ਤੇ ਸੰਪਰਕ ਕੀਤਾ ਜਾ ਸਕਦਾ ਹੈ। ਪ੍ਰੈਸ ਨੂੰ ਇਹ ਜਾਣਕਾਰੀ ਸਭਾ ਦੇ ਜਨਰਲ ਸਕੱਤਰ ਜਸਪਾਲ ਮਾਲੜੀ ਤੇ ਵਿਸ਼ਾਲ ਸ਼ਰਬਤੀ ਵੱਲੋਂ ਸਾਂਝੇ ਤੌਰ ’ਤੇ ਦਿੱਤੀ ਗਈ।

**ਰਿਪੋਰਟ– ਸੰਤੋਖ ਸਿੰਘ ਗਿੱਲ**

# ਇੰਡੋ ਅਮੈਰੀਕਨ ਹੈਰੀਟੇਜ਼ ਫੋਰਮ ਵਲੋਂ ਅਗਲੇ ਪ੍ਰੋਗਰਾਮਾਂ ਦਾ ਐਲਾਨ

## ਸਮੂਹ ਭਾਈਚਾਰੇ ਨੂੰ ਸਹਿਯੋਗ ਦੀ ਅਪੀਲ

**ਫਰਿਜ਼ਨੋ (ਬਿਊਰੋ)–** ਇੰਡੋ ਅਮੈਰੀਕਨ ਹੈਰੀਟੇਜ ਫੋਰਮ ਦੀ ਅਗਜੈਕਟਿਵ ਕਮੇਟੀ ਦੀ ਇਕ ਮੀਟਿੰਗ ਫਰਿਜ਼ਨੋ ਵਿਚ ਹੋਈ। ਇਸ ਮੀਟਿੰਗ ਵਿਚ ਫੋਰਮ ਦੇ ਪਿਛਲੇ ਪ੍ਰੋਗਰਾਮਾਂ ਦੀ ਕਾਰਗੁਜ਼ਾਰੀ ਨੂੰ ਵਿਚਾਰਦਿਆਂ ਆਉਣ ਵਾਲੇ ਪ੍ਰੋਗਰਾਮਾਂ ਬਾਰੇ ਵਿਚਾਰਾ ਕੀਤੀਆਂ ਗਈਆਂ। ਮੀਟਿੰਗ ਵਿਚ ਇਹ ਫੈਸਲਾ ਲਿਆ ਗਿਆ ਕਿ ਪਿਛਲੇ ਸਾਲਾਂ ਦੀ ਤਰਾਂ ਹੀ ਇਸ ਵਾਰ ਵੀ ਸ਼ਹੀਦ ਕਰਤਾਰ ਸਿੰਘ ਸਰਾਭਾ ਦੀ ਸ਼ਹੀਦੀ ਨੂੰ ਸਮਰਪਿਤ ਪ੍ਰੋਗਰਾਮ ਦੋਨਾਂ ਸਹਿਰਾ, ਸਾਂਨ ਫਰਾਂਸਿਸਕੋ ਅਤੇ ਫਰਿਜ਼ਨੋ ਵਿਚ ਕਰਵਾਏ ਜਾਣਗੇ। ਪਹਿਲਾ ਪ੍ਰੋਗਰਾਮ 11 ਨਵੰਬਰ ਦਿਨ ਐਤਵਾਰ ਨੂੰ ਇੰਡੀਆਂ ਉਵਨ ਫਰਿਜ਼ਨੋ ਦੇ ਹਾਲ ਵਿਚ ਹੋਵੇਗਾ ਅਤੇ ਦੁਪਹਿਰ 1 ਵਜੇ ਤੋਂ ਸ਼ੁਰੂ ਹੋਵੇਗਾ।

ਦੂਜਾ ਪ੍ਰੋਗਰਾਮ ਗਦਰ ਪਾਰਟੀ ਦੇ ਮੁਢਲੇ ਦਫ਼ਤਰ ਯੁਗਾਂਤਰ ਆਸ਼ਰਮ ਜਿਸ ਨੂੰ ਗਦਰ ਮੈਮੋਰੀਅਲ ਦੇ ਨਾਂ ਨਾਲ ਵੀ ਜਾਣਿਆ ਜਾਂਦਾ ਹੈ, 5 ਵੁਡ ਸਟਰੀਟ ਸ਼ਾਨ ਫਰਾਸ਼ਿਸਕੋ ਵਿਚ 17 ਨਵੰਬਰ ਦਿਨ ਸ਼ਨੀਵਾਰ ਨੂੰ ਸਵੇਰ 11 ਵਜੇ ਹੋਵੇਗਾ। ਇਨ੍ਹਾਂ ਦੋਨਾਂ ਪ੍ਰੋਗਰਾਮਾਂ ਵਿਚ ਵੱਖ ਵੱਖ ਬੁਲਾਰੇ ਸ਼ਹੀਦ ਕਰਤਾਰ ਸਿੰਘ ਸਰਾਭਾ ਨੂੰ ਸ਼ਰਧਾਂਜਲੀ ਭੇਂਟ ਕਰਨਗੇ। ਫੋਰਮ ਨੇ ਸਮੂਹ ਭਾਈਚਾਰੇ ਨੂੰ ਇਨ੍ਹਾਂ ਪ੍ਰੋਗਰਾਮਾਂ ਵਿਚ ਸ਼ਾਮਲ ਹੋਣ ਦੀ ਅਪੀਲ ਕੀਤੀ ਹੈ। ਸ਼ਾਨ ਫਰਾਸ਼ਿਸਕੋ ਵਿਚ 17 ਨਵੰਬਰ ਨੂੰ ਹੋਣ ਵਾਲੇ ਪ੍ਰੋਗਰਾਮ ਲਈ ਬੇ-ਏਰੀਆਂ ਅਤੇ ਹੋਰ ਆਸ ਪਾਸ ਦੇ ਇਲਾਕੇ ਦੇ ਦੋਸਤਾਂ ਨੂੰ ਇਸ ਇਤਿਹਾਸਿਕ ਥਾਂ ਤੇ ਪਹੁੰਚਣ ਦੀ ਖਾਸ ਅਪੀਲ ਕੀਤੀ ਜਾਂਦੀ ਹੈ।

ਇਸ ਦੇ ਨਾਲ ਹੀ ਮੀਟਿੰਗ ਵਿਚ ਅਗਲੇ ਸਾਲ ਦੇ ਮੁੱਖ ਪ੍ਰੋਗਰਾਮ ਮੇਲਾ ਗਦਰੀ ਬਾਬਿਆਂ ਦਾ 2019 ਲਈ ਵੀ ਤਰੀਕ ਦਾ ਐਲਾਨ ਕਰ ਦਿੱਤਾ ਹੈ। ਇਹ ਮੇਲਾ 31 ਮਾਰਚ 2019 ਦਿਨ ਐਤਵਾਰ ਨੂੰ ਸੈਂਟਰਲ ਹਾਈ ਸਕੂਲ ਫਰਿਜ਼ਨੋ ਦੇ ਜਿਮਨੇਜੀਅਮ ਵਿਚ ਹੋਵੇਗਾ। ਸੰਨ 2019 ਦਾ ਸਾਲ ਜਲਿਆਂਵਾਲੇ ਬਾਗ ਦੇ ਸਾਕੇ ਦੀ ਸ਼ਤਾਬਦੀ ਸਾਲ ਹੈ ਅਤੇ ਇਹ ਮੇਲਾ ਦੇਸ਼ ਦੀ ਆਜ਼ਾਦੀ ਅਤੇ ਲੋਕਾਂ ਦੀ ਏਕਤਾ ਅਖੰਡਤਾ ਲਈ ਆਪਣੀਆਂ ਜਾਣਾ ਕੁਰਬਾਨ ਕਰਨ ਵਾਲੇ ਜਲਿਆਂਵਾਲੇ ਬਾਗ ਦੇ ਸਹੀਦਾ ਨੂੰ ਸਮਰਪਿਤ ਹੋਵੇਗਾ।

ਇਨ੍ਹਾਂ ਪ੍ਰੋਗਰਾਮਾਂ ਦੇ ਹੋਰ ਵੇਰਵੇ ਆਉਣ ਵਾਲੇ ਦਿਨਾਂ ਵਿਚ ਸਾਂਝੇ ਕੀਤੇ ਜਾਣਗੇ। ਫੋਰਮ ਨੇ ਫਰਿਜਨੋ ਏਰੀਏ ਅਤੇ ਸੈਂਟਰਲ ਕੈਲੇਫੋਰਨੀਆ ਦੀਆਂ ਸਾਰੀਆਂ ਸੰਸਥਾਵਾਂ ਨੂੰ ਅਪੀਲ ਕੀਤੀ ਹੈ ਕਿ ਉਹ ਆਪਣੇ ਪ੍ਰੋਗਰਾਮ ਇਨ੍ਹਾਂ ਤਰੀਕਾਂ ਦਾ ਧਿਆਨ ਰੱਖਦਿਆਂ ਉਲੀਕਣ।

ਕਿਸੇ ਤਰਾਂ ਦੀ ਜਾਣਕਾਰੀ ਲਈ ਸੁਰਿੰਦਰ ਮੰਢਾਲੀ (559-473-9269) ਜਾਂ ਹਰਜਿੰਦਰ ਢੇਸੀ (559-618-0156) ਨਾਲ ਸੰਪਰਕ ਕਰ ਸਕਦੇ ਹੋ।

ਮੀਟਿੰਗ ਵਿਚ ਇਸ ਸਾਲ ਅਪਰੈਲ ਦੇ ਮਹੀਨੇ ਕਰਵਾਏ ਗਏ 18 ਵੇਂ ਮੇਲੇ ਅਤੇ ਅਗਸਤ 2018 ਵਿਚ ਕਰਵਾਏ ਵਿਦਿਆਰਥੀਆਂ ਦੇ ਭਾਸ਼ਨ ਮੁਕਾਬਲਿਆ ਦੇ ਪ੍ਰੋਗਰਾਮਾਂ ਵਿਚ ਮਿਲੇ ਭਰਪੂਰ ਸਹਿਯੋਗ ਲਈ ਸਭ ਦਾ ਧੰਨਵਾਦ ਕੀਤਾ ਅਤੇ ਆਉਣ ਵਾਲੇ ਪ੍ਰੋਗਰਾਮਾਂ ਲਈ ਭਰਪੂਰ ਸਹਿਯੋਗ ਦੀ ਅਪੀਲ ਕੀਤੀ।

ਇਸ ਮੀਟਿੰਗ ਵਿਚ ਭਾਰਤ ਦੇ ਸੂਬੇ ਕੇਰਲਾ, ਸਾਉਥ ਏਸ਼ੀਆਈ ਦੇਸ਼ ਫਿਲੇਪੀਨ ਅਤੇ ਅਮਰੀਕਾ ਦੇ ਪੂਰਬੀ ਹਿਸੇ ਵਿਚ ਸਮੁੰਦਰੀ ਤੁਫ਼ਾਨਾਂ ਕਾਰਨ ਅਤੇ ਕੈਲੇਫੋਰਨੀਆਂ ਦੇ ਕਈ ਸਹਿਰਾ ਵਿਚ ਜੰਗਲੀ ਅੱਗਾਂ ਜਿਹੀਆਂ ਕੁਦਰਤੀ ਆਫਤਾਂ ਦੀ ਬਰਬਾਦੀ ਝੱਲ ਰਹੇ ਲੋਕਾਂ ਨਾਲ ਹਮਦਰਦੀ ਪਰਗਟ ਕੀਤੀ ਅਤੇ ਬਿਪਤਾ ਵਿਚ ਫਸੇ ਇਨ੍ਹਾਂ ਲੋਕਾਂ ਦੀ ਸਹਾਇਤਾ ਲਈ ਪਹੁੰਚੀਆ ਸੰਸਥਾਵਾਂ ਦਾ ਧੰਨਵਾਦ ਵੀ ਕੀਤਾ।



ਸਾਬਕਾ ਸੂਚਨਾ ਅਤੇ ਬ੍ਰਾਡਕਾਸਟਿੰਗ ਮੰਤਰੀ ਸ੍ਰੀ ਮਨੀਸ਼ ਤਿਵਾੜੀ ਨੂੰ ਆਲ ਇੰਡੀਆ ਕਾਂਗਰਸ ਕਮੇਟੀ ਵੱਲੋਂ ਵਿਦੇਸ਼ ਮਾਮਲਿਆਂ ਦੇ ਵਿਭਾਗ ਦਾ ਜਨਰਲ ਸਕੱਤਰ ਚੁਣਿਆ ਗਿਆ ਹੈ। ਉਹਨਾਂ ਦੇ ਸਮਰਥਕਾਂ ਨੇ ਸ੍ਰੀ ਤਿਵਾੜੀ ਦੀ ਇਸ ਨਿਯੁਕਤੀ ਬਦਲੇ ਕਾਂਗਰਸ ਪ੍ਰਧਾਨ ਰਾਹੁਲ ਗਾਂਧੀ ਦਾ ਵਿਸ਼ੇਸ਼ ਧੰਨਵਾਦ ਕੀਤਾ।


## Matrimonials

### ਲੜਕੀ ਦੀ ਲੋੜ

27 ਸਾਲਾ ਸਾਊਦੀ ਅਰਬ ਗਏ ਹੋਏ ਲੜਕੇ ਲਈ ਵਿਦੇਸ਼ ਵਿਚ ਸੈਟਲ ਲੜਕੀ ਦੀ ਲੋੜ ਹੈ। ਲੜਕੇ ਦਾ ਗੋਤ ਵੜੈਚ, ਪਿੰਡ ਅਮਲੋਹ, ਕੱਦ 6 ਫੁੱਟ, ਸੋਹਣਾ ਸੁਨੱਖਾ ਵੈਸ਼ਨੋ ਹੈ। ਚਾਹਵਾਨ ਸੰਪਰਕ ਕਰਨ ਜਸਵੀਰ ਰਾਣਾ 91-98156-59220

Suitable Match Required For RAVIDASIA
Beautiful & Smart Girl 03-11-90 Ht.5'-4"
M.Sc. Biotechnology. (IELTS 6 BAND) Presently on
Teaching job in Pvt.Inst. Contact NRI only.
Minimum Degree (Med/Non-Med/Engg.) Doaba Area Preffered
Family Detail:
Father: Civil Engineer, Mother: House Wife
2 Brothers: (Civil Engineers)
Cell: +91-9877505351,
WhatsApp: +91-8054208733

# ਪਹਿਲੇ ਭਾਰਤੀ ਅਮਰੀਕੀ ਸਿੱਖ ਅੰਸ਼ਦੀਪ ਸਿੰਘ ਭਾਟੀਆ ਨੂੰ ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਦੀ ਸੁਰੱਖਿਆ ਦਾ ਮੈਂਬਰ ਨਾਮਜ਼ਦ ਕੀਤਾ ਗਿਆ





**ਵਾਸ਼ਿੰਗਟਨ ( ਹੁਸਨ ਲੜੋਆ ਬੰਗਾ)–** ਅਮਰੀਕੀ ਸਿੱਖ ਅੰਸ਼ਦੀਪ ਸਿੰਘ ਭਾਟੀਆ ਨੂੰ ਪਿਛਲੇ ਹਫਤੇ ਆਪਣੀ ਸਿਖਲਾਈ ਦੇ ਪੂਰਾ ਹੋਣ 'ਤੇ ਅਮਰੀਕੀ ਰਾਸ਼ਟਰਪਤੀ ਡੌਨਾਡ ਟਰੰਪ ਦੀ ਸੁਰੱਖਿਆ ਵਿੱਚ ਲਗਾਇਆ ਗਿਆ ਹੈ। ਭਾਟੀਆ ਦਾ ਇਸ ਅਹੁਦੇ ਲਈ ਨਾਮਜਦਗੀ ਲਈ ਨਾਮ ਦਿੱਤਾ ਗਿਆ ਸੀ। ਅੰਸ਼ਦੀਪ ਸਿੰਘ ਭਾਟੀਆ ਨੇ ਇਸ ਅਹੁਦੇ ਲਈ ਕੜੀ ਮੁਸ਼ੱਕ ਕਰਕੇ ਸਾਰੇ ਪੜਾਅ ਪੂਰੇ ਕੀਤੇ ਤੇ ਮੰਜਿਲ ਪ੍ਰਾਪਤ ਕੀਤੀ। ਅੰਸ਼ਦੀਪ ਸਿੰਘ ਭਾਟੀਆ ਦਾ ਪਹਿਲਾਂ ਤੋਂ ਹੀ ਇਹ ਵਿਸ਼ਵਾਸ਼ ਸੀ ਕਿ ਇਕ ਦਿੱਨ ਜਰੂਰ ਅਮਰੀਕੀ ਰਾਸ਼ਟਰਪਤੀ ਦੀ ਸੁਰੱਖਿਆ ਦਾ ਹਿੱਸਾ ਬਣਨਗੇ। ਰਿਪੋਰਟ ਮੁਤਾਬਕ, ਭਾਟੀਆ ਨੂੰ ਰਾਸ਼ਟਰਪਤੀ ਦੀ ਸੁਰੱਖਿਆ ਟੀਮ ਵਿਚ ਨੌਕਰੀ ਲਈ ਆਪਣੀ 'ਦਿੱਖ' ਬਦਲਣ ਲਈ ਕਿਹਾ ਗਿਆ ਸੀ, ਪਰ ਉਹ ਇਸ ਹੁਕਮ ਦੇ ਖਿਲਾਫ ਅਦਾਲਤ ਵਿਚ ਗਿਆ।

ਜੇਕਰ ਅੰਸ਼ਦੀਪ ਸਿੰਘ ਭਾਟੀਆ ਦੇ ਪਿਛੋਕੜ ਵੱਲ ਨਜਰ ਮਾਰੀਏ ਤਾਂ 1984 ਵਿਚ ਸਿੱਖ ਵਿਰੋਧੀ ਦੰਗਿਆਂ ਵੇਲੇ ਭਾਟੀਆ ਦਾ ਪਰਿਵਾਰ 1984 ਵਿਚ ਕਾਨਪੁਰ ਤੋਂ ਲੁਧਿਆਣਾ ਆਇਆ ਸੀ। ਰਿਪੋਰਟ ਵਿਚ ਕਿਹਾ ਗਿਆ ਹੈ ਕਿ ਬਾਂਰਾ ਵਿਚ ਕਾਨਪੁਰ ਦੀ ਕੇਡੀਏ ਕਲੋਨੀ ਵਿਚ ਉਨ੍ਹਾਂ ਦੇ ਘਰ ਤੇ ਹਮਲਾ ਕਰਨ ਤੋਂ ਬਾਅਦ ਉਨ੍ਹਾਂ ਦੇ ਚਾਚੇ ਅਤੇ ਨਜ਼ਦੀਕੀ ਰਿਸ਼ਤੇਦਾਰ ਦੀ ਮੌਤ ਹੋ ਗਈ ਸੀ।

ਰਿਪੋਰਟ ਅਨੁਸਾਰ, ਨਵੇਂ ਟਰੰਪ ਸਕਿਉਰਿਟੀ ਵੇਰਵੇ ਵਾਲੇ ਅਫਸਰ ਦੇ ਪਿਤਾ, ਦੇਵੇਂਦਰ ਸਿੰਘ, ਵੀ ਹਮਲੇ ਵਿਚ ਜ਼ਖਮੀ ਹੋਏ ਸਨ ਅਤੇ ਤਿੰਨ ਜ਼ਖਮੀ ਹੋ ਗਏ ਸਨ। ਉਨ੍ਹਾਂ ਦੇ ਦਾਦਾ ਅਮਰੀਕ ਸਿੰਘ ਭਾਟੀਆ, ਜੋ ਪੰਜਾਬ ਅਤੇ ਸਿੰਧ ਬੈਂਕ ਦੇ ਮੈਨੇਜਰ ਸਨ, ਨੇ ਲੁਧਿਆਣਾ ਨੂੰ ਟਰਾਂਸਫਰ ਕਰਨ ਦਾ ਫੈਸਲਾ ਕੀਤਾ. ਉਨ੍ਹਾਂ ਦੇ ਪਿਤਾ, ਜੋ ਕਾਨਪੁਰ ਵਿਚ ਫਾਰਮਾ ਕਾਰੋਬਾਰ ਦੇ ਸਨ, ਲੁਧਿਆਣਾ ਵਿਚ ਵਿਆਹੇ ਹੋਏ ਸਨ ਅਤੇ 2000 ਵਿਚ ਭਾਟੀਆ 10 ਸਾਲ ਦੇ ਆਪਣੇ ਪਰਿਵਾਰ ਨਾਲ ਅਮਰੀਕਾ ਚਲੇ ਗਏ ਸਨ। ਸਿਖ ਭਾਈਚਾਰਾ ਇਸ ਨਿਯੁਕਤੀ ਤੇ ਮਾਣ ਮਹਿਸੂਸ ਕਰਦਾ ਹੈ ਕਿਉਂਕਿ ਹੁਣ ਉਹ ਪਹਿਲੇ ਪਗੜੀਧਾਰੀ ਸਿੱਖ ਹੋਣਗੇ ਜੋ ਅਮਰੀਕਾ ਦੇ ਰਾਸ਼ਟਰਪਤੀ ਦੇ ਸੁਰੱਖਿਆ ਵਿੱਚ ਸ਼ਾਮਲ ਹੋਣਗੇ।

# ਕੈਲੀਫੋਰਨੀਆ ਵਿੱਚ ਗਨਮੈਨ ਨੇ ਆਪਣੀ ਪਤਨੀ ਤੇ 4 ਹੋਰਨਾਂ ਨੂੰ ਮਾਰ ਕੇ ਤੇ ਖੁਦ ਨੂੰ ਵੀ ਮਾਰ ਮੁਕਾਇਆ

**ਬੇਕਰਫੀਲਡ, ਕੈਲੀਫੋਰਨੀਆ (ਹੁਸਨ ਲੜੋਆ ਬੰਗਾ)–** ਇਕ ਸਿਰਫਿਰੇ ਬੰਦੂਕਧਾਰੀ ਨੇ ਕੈਰਨ ਕਾਉਂਟੀ, ਕੈਲੀਫੋਰਨੀਆ ਵਿਚ ਪਹਿਲਾਂ ਆਪਣੀ ਪਤਨੀ ਨੂੰ ਗੋਲੀ ਮਾਰੀ ਤੇ ਫਿਰ 4 ਹੋਰਨਾਂ ਨੂੰ ਮਾਰ ਕੇ ਤੇ ਖੁਦ ਨੂੰ ਵੀ ਗੋਲੀ ਮਾਰ ਲਈ ।ਕੇਰਨ ਕਾਉਂਟੀ ਸ਼ੈਰਿਫ ਦੇ ਲੈਫਟੀਨੈਂਟ ਮਾਰਕ ਕਿੰਗ ਨੇ ਕਿਹਾ ਕਿ ਬੁੱਧਵਾਰ ਸ਼ਾਮ ਨੂੰ ਘਰੇਲੂ ਹਿੰਸਾ ਦੌਰਾਨ ਇਹ ਘਟਨਾ ਵਾਪਰੀ ਪਰ ਉਸ ਨੇ ਕਿਹਾ ਕਿ ਅਜੇ ਵੀ ਜਾਂਚ ਕੀਤੀ ਜਾ ਰਹੀ ਹੈ ਅਤੇ ਹੋਰ ਜਾਣਕਾਰੀ ਨਹੀਂ ਦਿੱਤੀ।




ਮਰਨ ਵਾਲਿਆਂ ਨੂੰ ਇਕ ਟਰੱਕਿੰਗ ਕੰਪਨੀ ਦੇ ਨੇੜੇ ਤੇ ਨੇੜੇ ਅਤੇ ਫਿਰ ਬੈਕਸਰਫੀਲਡ ਵਿਚ ਇਕ ਘਰ ਵਿਚ ਗੋਲੀ ਮਾਰ ਦਿੱਤੀ ਗਈ ਸੀ, ਜੋ ਲਾਸ ਏਂਜਲਸ ਦੇ ਉੱਤਰ ਵਿਚ ਲਗਭਗ 90 ਮੀਲ (145 ਕਿਲੋਮੀਟਰ) ਹੈ।ਕੈਰਨ ਕਾਉਂਟੀ ਸ਼ੈਰਿਫ ਡੌਨੀ ਯੰਗਬੁੱਲ ਨੇ ਪੱਤਰਕਾਰਾਂ ਨੂੰ ਦੱਸਿਆ ਕਿ ਗੋਲੀਬਾਰੀ ਦੀਆਂ ਘਟਨਾਵਾਂ ਇਕਸਾਰ ਸਨ। ਉਸ ਨੇ ਕਿਹਾ ਤੇ ਇਹ ਸਿਰਫ ਉਸਦੇ ਪਤੀ ਦੇ ਗੁਸੇ ਦਾ ਨਤੀਜਾ ਸੀਇਸ ਆਦਮੀ ਨੂੰ ਪਹਿਲੀ ਵਾਰ ਆਪਣੀ ਪਤਨੀ ਨਾਲ 5:30 ਵਜੇ ਤੋਂ ਥੋੜ੍ਹੀ ਦੇਰ ਪਹਿਲਾਂ ਕੰਪਨੀ ਵਿਚ ਦੇਖਿਆ ਗਿਆ. ਜਿੱਥੇ ਉਸ ਨੇ ਇਕ ਹੋਰ ਆਦਮੀ ਨਾਲ ਝਗੜਾ ਕੀਤਾ। ਸ਼ੈਰਿਫ ਨੇ ਕਿਹਾ, ਪਤੀ ਨੇ ਟਰੱਕਿੰਗ ਕੰਪਨੀ ਵਿਚ ਵਿਅਕਤੀ ਨੂੰ ਗੋਲੀ ਮਾਰ ਦਿੱਤੀ ਅਤੇ ਫਿਰ ਉਸ ਨੇ ਆਪਣੀ ਪਤਨੀ ਨੂੰ ਗੋਲੀ ਮਾਰ ਦਿੱਤੀ" ਅਤੇ ਫਿਰ ਉਸ ਦਾ ਪਿੱਛਾ ਕੀਤਾ ਅਤੇ ਇਕ ਹੋਰ ਆਦਮੀ ਨੂੰ ਗੋਲੀ ਮਾਰ ਕੇ ਮਾਰਿਆ। ਇਸ ਤੋਂ ਬਾਦ ਫਿਰ ਗਨਮੈਨ ਇਕ ਘਰ ਗਿਆ ਜਿੱਥੇ ਉਸ ਨੇ ਇਕ ਆਦਮੀ ਅਤੇ ਇਕ ਔਰਤ ਨੂੰ ਗੋਲੀ ਮਾਰ ਕੇ ਮਾਰ ਦਿੱਤਾ, ਉਸ ਨੇ ਫਿਰ ਇੱਕ ਔਰਤ ਨੂੰ ਹਾਈਜੈਕ ਕਰ ਲਿਆ ਜੋ ਬੱਚੇ ਨਾਲ ਕਾਰ ਨੂੰ ਚਲਾ ਰਹੀ ਸੀ ਪਰ ਔਰਤ ਅਤੇ ਬੱਚੇ ਬਚ ਗਏ ਅਤੇ ਉਹ ਆਦਮੀ ਉਸ ਹਾਈਵੇ 'ਤੇ ਚਲੇ ਗਏ ਜਿੱਥੇ ਇੱਕ ਸ਼ੈਰਿਫ਼ ਦੇ ਡਿਪਟੀ ਨੇ ਉਸ ਨੂੰ ਦੇਖਿਆ। ਜਦੋਂ ਗਨਮੈਨ ਨੂੰ ਡਿਪਟੀ ਨੇ ਦੇਖਿਆ ਅਤੇ ਇਕ ਪਾਰਕਿੰਗ ਵਿਚ ਖਿੱਚ ਲਿਆ, ਜਦੋਂ ਡਿਪਟੀ ਨੇ ਉਸ ਵੱਲ ਬੰਦੂਕ ਤਾਣੀ ਤਾਂ ਆਦਮੀ ਨੇ ਆਪਣੇ ਆਪ ਦੇ ਛਾਤੀ ਵਿਚ ਗੋਲੀ ਮਾਰੀ। ਉਸ ਵਿਅਕਤੀ ਦੀ ਪਛਾਣ ਨੂੰ ਤੁਰੰਤ ਜਨਤਕ ਨਹੀਂ ਕੀਤਾ ਗਿਆ ਸੀ।

ਗਨਮੈਨ ਦੀ ਪਤਨੀ ਤੋਂ ਇਲਾਵਾ ਅਧਿਕਾਰੀਆਂ ਨੇ ਇਸ ਬਾਰੇ ਕੋਈ ਜਾਣਕਾਰੀ ਨਹੀਂ ਦਿੱਤੀ ਕਿ ਪੀੜਤਾਂ ਨਾਲ ਉਸਦੇ ਕਿਸ ਤਰ੍ਹਾਂ ਦੇ ਸਬੰਧ ਸਨ ।ਸ਼ੈਰਿਫ ਨੇ ਕਿਹਾ ਲਗਭਗ 30 ਲੋਕਾਂ ਨੇ ਇਸ ਗੋਲੀਬਾਰੀ ਨੂੰ ਦੇਖਿਆ ।

# "ਆਪਣਾ ਪੰਜਾਬ" ਮੀਡੀਆ ਗਰੁੱਪ ਨਿਊਯਾਰਕ ਨੇ 14ਵੀ ਵਰ੍ਹੇਗੰਢ ਮਨਾਈ

**ਨਿਊਯਾਰਕ, (ਹੁਸਨ ਲੜੋਆ ਬੰਗਾ):** ਆਪਣਾ ਪੰਜਾਬ ਮੀਡੀਆ ਗਰੁੱਪ ਵੱਲੋਂ ਆਪਣੀ 14ਵੀਂ ਵਰ੍ਹੇਗੰਢ ਸ਼ਾਨਦਾਰ ਤਰੀਕੇ ਨਾਲ ਮਨਾਈ ਗਈ। ਇਸ ਸਮਾਰੋਹ ਵਿਚ ਪੰਜਾਬ ਦੇ ਸਾਬਕਾ ਮੰਤਰੀ ਤੇ ਸੀਨੀਅਰ ਕਾਂਗਰਸੀ ਆਗੂ ਲਾਲ ਸਿੰਘ ਮੁੱਖ ਮਹਿਮਾਨ ਵੱਜੋਂ ਸ਼ਾਮਲ ਹੋਏ, ਜਿਨ੍ਹਾਂ ਦਾ ਆਪਣਾ ਪੰਜਾਬ ਦੇ ਸੀ.ਈ.ਓ. ਅਤੇ ਪ੍ਰੈਜ਼ੀਡੈਂਟ ਗੁਰਮੀਤ ਸਿੰਘ ਵੱਲੋਂ ਸਵਾਗਤ ਤੇ ਸਨਮਾਨ ਕੀਤਾ ਗਿਆ। ਰਿਚੀ ਰਿਚ ਪੈਲੇਸ, ਰਿਚਮੰਡ ਹਿੱਲ, ਨਿਊਯਾਰਕ 'ਚ ਹੋਏ ਇਸ ਸਮਾਰੋਹ ਵਿਚ ਮਹਾਨ ਸ਼ਖਸੀਅਤਾਂ ਪਹੁੰਚੀਆਂ ਹੋਈਆਂ ਸਨ। ਨਿਊਯਾਰਕ ਦਾ ਪੱਤਰਕਾਰ ਭਾਈਚਾਰਾ ਵੀ ਉਚੇਚੇ ਤੌਰ 'ਤੇ ਪਹੁੰਚਿਆ ਹੋਇਆ ਸੀ। ਇਸ ਮੌਕੇ ਆਪਣੇ ਸੰਬੋਧਨ 'ਚ ਗੁਰਮੀਤ ਸਿੰਘ ਆਪਣਾ ਪੰਜਾਬ ਨੇ ਸਭ ਤੋਂ ਪਹਿਲਾਂ ਸਭ ਨੂੰ ਜੀ ਆਈਆਂ ਕਿਹਾ ਅਤੇ ਉਸ ਤੋਂ ਬਾਅਦ ਆਪਣਾ ਪੰਜਾਬ ਦੇ 14 ਸਾਲਾਂ ਦੇ ਸਫ਼ਰ ਬਾਰੇ ਵਿਸਥਾਰਪੂਰਵਕ ਚਾਨਣਾ ਪਾਇਆ। ਇਸ ਮੌਕੇ ਆਪਣਾ ਪੰਜਾਬ ਮੀਡੀਆ ਗਰੁੱਪ ਵੱਲੋਂ ਆਪਣੇ ਆਪਣਾ ਪੰਜਾਬ ਐਨ.ਆਰ.ਆਈ. ਟੀ.ਵੀ. ਦੀ ਐਪ ਵੀ ਲਾਂਚ ਕੀਤੀ ਗਈ। ਵੱਖ-ਵੱਖ ਬੁਲਾਰਿਆਂ ਨੇ ਟੀ.ਵੀ. ਦੀ ਐਪ ਲਾਂਚ ਕਰਨ 'ਤੇ ਗੁਰਮੀਤ ਸਿੰਘ ਆਪਣਾ ਪੰਜਾਬ ਨੂੰ ਵਧਾਈਆਂ ਦਿੱਤੀਆਂ। ਬੁਲਾਰਿਆਂ ਨੇ ਕਿਹਾ ਕਿ ਅਸੀਂ ਆਪਣੇ ਅੱਖੀ ਵੇਖਿਆ ਹੈ ਕਿ ਕਿਸ ਤਰ੍ਹਾਂ ਆਪਣਾ ਪੰਜਾਬ ਨੇ ਸੰਘਰਸ਼ ਕਰਦਿਆਂ ਅੱਜ ਇਹ ਮੰਜ਼ਿਲ ਪ੍ਰਾਪਤ ਕੀਤੀ ਹੈ। ਉਨ੍ਹਾਂ ਨੇ ਕਿਹਾ ਕਿ ਆਪਣਾ ਪੰਜਾਬ ਨੇ ਪੰਜਾਬ, ਪੰਜਾਬੀ ਤੇ ਪੰਜਾਬੀਅਤ ਦੀ ਮੁਫ਼ਤ ਸੇਵਾ ਕਰਦਿਆਂ ਵੀ ਇਸ ਕੜੀ ਨੂੰ ਟੁੱਟਣ ਨਹੀਂ ਦਿੱਤਾ ਅਤੇ 14 ਸਾਲਾਂ ਤੋਂ ਲਗਾਤਾਰ ਬਿਨਾ ਕਿਸੇ ਨਾਗੇ ਤੋਂ ਇਹ ਸਫ਼ਰ ਜਾਰੀ ਹੈ। ਬੁਲਾਰਿਆਂ ਨੇ ਆਪਣਾ ਪੰਜਾਬ ਦੀ ਚੜ੍ਹਦੀਕਲਾ ਲਈ ਕਾਮਨਾ ਕੀਤੀ ਤੇ ਅਖੀਰ ਵਿਚ ਗੁਰਮੀਤ ਸਿੰਘ ਆਪਣਾ ਪੰਜਾਬ ਵੱਲੋਂ ਆਏ ਸੱਜਣਾਂ ਦਾ ਧੰਨਵਾਦ ਕੀਤਾ ਗਿਆ।




## ਹੋਊ ਬਿਸਤਰਾ ਗੋਲ?

ਗੁਰੂ ਗ੍ਰੰਥ ਬਿਅਦਬੀ ਦੇ ਮਾਮਲੇ 'ਤੇ
ਸਿਆਸੀ ਪਿੜਾਂ ਵਿਚ ਹੋ ਰਿਹਾ ਘੋਲ ਮੀਆਂ।
ਕੱਖੋਂ ਹੌਲੇ ਕਮਿਸ਼ਨ ਨੇ ਕਰੇ ਜਿਹੜੇ
ਹੁਣ ਉਹ ਫਿਰਦੇ ਨੇ ਖੋਲ੍ਹਦੇ ਪੋਲ ਮੀਆਂ।

ਜਿਨ੍ਹਾਂ ਲਾਈ ਸੀ ਅੱਗ ਸ਼ਰਾਰਤਾਂ ਦੀ
ਲਏ ਕੈਪਟਨ ਸਰਕਾਰ ਨੇ ਟੋਲ ਮੀਆਂ।
ਵਿਚ ਰੈਲੀਆਂ ਸੱਦ ਕੇ ਵੈਲੀਆਂ ਨੂੰ
ਕੁੱਟੀ ਜਾਂਦੇ ਨੇ ਕੁਫ਼ਰ ਦੇ ਢੋਲ ਮੀਆਂ।

ਸਜ਼ਾ ਦੇਣ ਲਈ ਪਈ ਸਰਕਾਰ ਸੋਚੇ
ਜੱਕੋ-ਤੱਕੀ ਵਿਚ ਪਰਾਂ ਨੂੰ ਤੋਲ ਮੀਆਂ।
ਲੱਗਦੈ ਖਿਝੇ ਪੰਜਾਬ ਦੇ ਵਾਸੀਆਂ ਨੇ
ਕਰਨਾ ਬਿਸਤਰਾ ਇਨ੍ਹਾਂ ਦਾ ਗੋਲ ਮੀਆਂ।



ਤਰਲੋਚਨ ਸਿੰਘ ਦੁਪਾਲਪੁਰ
001-408-915-1268


A & S
Auto Repair & Services
Specializing in Brakes & Axles
10% of any repair of $ $75.00 or More
Free Tire Rotation and Brake Inspection with purchase of Oil Service for most cars
Diagnose check Engine light pre-buyers inspection tune-ups and more
Dealer Recommended Service Shocks/Struts A/C Servics



9:00 AM to 6:00 PM Mon-Sat



Ph: 916-238-4431
649 W. Elkhorn Blvd. Suite B2
Rio Linda, CA 95673
Amarjit Sandhu

ਦੇਸ਼ ਦੁਆਬਾ

## ਬੇਵਿਸਾਹੀਆਂ ਵਿਚਕਾਰ ਵੀ ਸ਼ਾਂਤੀ ਲਈ ਯਤਨ ਜਾਰੀ

ਕੁਝ ਮਹੀਨੇ ਪਹਿਲਾਂ ਅਜਿਹਾ ਲੱਗਦਾ ਸੀ ਕਿ ਦੁਨੀਆਂ ਦੂਜੀ ਵਿਸ਼ਵ ਜੰਗ ਤੋਂ ਬਾਅਦ ਬਹੁਤ ਜਲਦੀ ਪਰਮਾਣੂ ਬੰਬਾਂ ਦੀ ਤਬਾਹੀ ਦੇ ਕਿਨਾਰੇ ਤੇ ਆ ਖੜ੍ਹੀ ਹੋਈ ਹੈ। ਉਤਰ ਕੋਰੀਆ ਅਤੇ ਅਮਰੀਕਾ ਵਿਚਕਾਰ ਵਧੀ ਤਲਖੀ ਦੇ ਕਾਰਨ ਜਾਪਾਨ ਸਮੇਤ ਕਈ ਮੁਲਕ ਯੁੱਧ ਦੀ ਲਪੇਟ ਵਿਚ ਆਉਣ ਵਾਲੇ ਸਨ। ਦੱਖਣੀ ਕੋਰੀਆ ਦੀ ਵਿਸ਼ਾਲ ਫੌਜ ਜੰਗ ਲਈ ਤਿਆਰ-ਬਰ-ਤਿਆਰ ਖੜ੍ਹੀ ਸੀ। ਅਮਰੀਕਾ ਨੇ ਆਪਣਾ ਐਂਟੀ ਮਿਜ਼ਾਇਲ ਸਿਸਟਮ ਸਾਰੇ ਪ੍ਰਸ਼ਾਂਤ ਮਹਾਂਸਾਗਰ ਵਿਚ ਤਾਇਨਾਤ ਕਰ ਦਿੱਤਾ ਸੀ। ਅਜਿਹੇ ਹਾਲਾਤਾਂ ਵਿਚਕਾਰ ਆਸ ਦੀ ਕਿਰਨ ਫੁੱਟੀ ਅਤੇ ਭਾਰਤ ਵਰਗੇ ਸ਼ਾਂਤੀ ਪਸੰਦ ਮੁਲਕਾਂ ਦੀ ਦਖਲ ਅੰਦਾਜ਼ੀ ਦੇ ਕਾਰਨ ਉਤਰ ਅਤੇ ਦੱਖਣੀ ਕੋਰੀਆ ਨੂੰ ਨੇੜੇ ਲਿਆਂਦਾ ਗਿਆ। ਹੁਣ ਇਹਨਾਂ ਮੁਲਕਾਂ ਦੇ ਸ਼ਾਸਕ ਤਿੰਨ ਚਾਰ ਵਾਰ ਮੁਲਾਕਾਤਾਂ ਕਰ ਚੁੱਕੇ ਹਨ। ਇਹ ਚੰਗੀ ਸ਼ੁਰੂਆਤ ਹੈ ਪਰ ਅੱਜ ਦੇ ਵਿਸ਼ਵ ਵਿਚ ਵੱਧ ਰਹੀ ਹਥਿਆਰਾਂ ਦੀ ਦੌੜ ਨੂੰ ਦੇਖਦਿਆਂ ਦੁਨੀਆਂ ਤੇ ਖਤਰੇ ਦੇ ਬੱਦਲ ਲਗਾਤਾਰ ਮੰਡਰਾਉਂਦੇ ਜਾ ਰਹੇ ਹਨ। ਹੁਣ ਸਮਾਂ ਤੋਪਾਂ, ਟੈਂਕਾਂ ਦੀ ਲੜਾਈ ਤੋਂ ਅੱਗੇ ਲੰਘ ਕੇ ਸਾਈਬਰ, ਸਪੇਸ ਵਾਰ ਵੱਲ ਵੱਧ ਗਿਆ ਹੈ। ਦੁਨੀਆਂ ਦੇ ਕਈ ਮੁਲਕ ਅਜਿਹੇ ਭਿਆਨਕ ਹਥਿਆਰ ਬਣਾ ਰਹੇ ਹਨ, ਜਿਹਨਾਂ ਦਾ ਅਚੂਕ ਨਿਸ਼ਾਨਾ ਕਿਸੇ ਵੀ ਮੁਲਕ ਨੂੰ ਮਿੰਟਾਂ ਵਿਚ ਮਿਟਾ ਸਕਦਾ ਹੈ। ਅਜਿਹੀਆਂ ਭਿਆਨਕ ਤਕਨੀਕਾਂ ਨਾਲ ਲੈਸ ਹਥਿਆਰ ਭਵਿੱਖ ਵਿਚ ਸਾਹਮਣੇ ਆਉਣਗੇ, ਜਿਹਨਾਂ ਦਾ ਤੋੜ ਵੀ ਸਿਰਫ ਗਿਣੇ-ਚੁਣੇ ਮੁਲਕਾਂ ਦੇ ਕੋਲ ਹੋਵੇਗਾ।

ਪਰ ਇਸ ਸਭ ਵਿਚਕਾਰ ਆਸ ਦੀ ਇਕ ਕਿਰਨ ਇਹ ਵੀ ਹੈ ਕਿ ਦੁਨੀਆਂ ਇਨਸਾਨੀ ਫਿਤਰਤ ਮੁਤਾਬਕ ਹੀ ਚਲਦੀ ਹੈ। ਇਨਸਾਨ ਵੀ ਬਾਕੀ ਪਸ਼ੂਆਂ ਵਾਂਗ ਮਾਰ-ਖੋਰ ਜਾਨਵਰ ਹੈ। ਪਰ ਇਸ ਦੀ ਇਕ ਖਾਸੀਅਤ ਇਹ ਵੀ ਹੈ ਕਿ ਤਕੜਾ ਤਾਂ ਮਾੜੇ ਨੂੰ ਡਰਾ ਲੈਂਦਾ ਹੈ ਪਰ ਕਈ ਮਾੜੇ ਇਕੱਠੇ ਹੋ ਕੇ ਤਕੜੇ ਨੂੰ ਵੀ ਦਬਕਾ ਲੈਂਦੇ ਹਨ। ਅੱਜ ਦਾ ਵਿਸ਼ਵ ਸ਼ਾਇਦ ਇਸੇ ਥਿਊਰੀ ਤੇ ਹੀ ਚੱਲ ਰਿਹਾ ਹੈ। ਤਾਕਤ ਦਾ ਸੰਤੁਲਨ ਜੇਕਰ ਵਿਗੜ ਗਿਆ ਤਾਂ ਮਨੁੱਖਤਾ ਨੂੰ ਭਿਆਨਕ ਸਮੇਂ ਦਾ ਸਾਹਮਣਾ ਕਰਨਾ ਪਵੇਗਾ। ਦੂਜੇ ਵਿਸ਼ਵ ਯੁੱਧ ਵਿਚ ਵੀ ਅਜਿਹਾ ਹੀ ਹੋਇਆ ਸੀ, ਸ਼ਾਇਦ ਹੁਣ ਅਜਿਹਾ ਨਾ ਹੋਵੇ।

ਸਾਰੇ ਲੇਖਕ/ ਪੱਤਰਕਾਰ ਵੀਰਾਂ ਨੂੰ ਬੇਨਤੀ ਹੈ ਕਿ ਆਪਣੇ ਲੇਖ ਜਾਂ ਖਬਰ ਦੇ ਨਾਲ ਆਪਣਾ ਨਾਂ, ਫੋਨ ਨੰਬਰ ਅਤੇ ਐਡਰੈਸ ਤੇ ਤਸਵੀਰ ਭੇਜਿਆ ਕਰਨ। ਅਸੀਂ ਉਹਨਾਂ ਦੀ ਤਸਵੀਰ ਲੇਖ ਦੇ ਨਾਲ ਲਗਾਵਾਂਗੇ। ਸਾਰੇ ਲੇਖਕ/ ਪੱਤਰਕਾਰ ਆਨਰੇਰੀ ਹਨ, ਉਹਨਾਂ ਨੂੰ ਲਿਖਤ ਬਦਲੇ ਕੋਈ ਅਦਾਇਗੀ ਨਹੀਂ ਕੀਤੀ ਜਾਂਦੀ। ਲੇਖਕ ਆਪਣੇ ਲੇਖ ਅਤੇ ਪੱਤਰਕਾਰ ਆਪਣੀਆਂ ਖਬਰਾਂ ਲਈ ਖੁਦ ਜ਼ਿੰਮੇਵਾਰ ਹੋਣਗੇ। -ਸੰਪਾਦਕ

# ਗੁਰਬਾਣੀ ਇਸੁ ਜਗ ਮਹਿ ਚਾਨਣੁ॥ (ਗੁਰੂ ਗ੍ਰੰਥ ਸਾਹਿਬ)

ਲੜੀ ਨੰਬਰ-81

## ਗੁਰਬਾਣੀ ਚਾਨਣ 'ਚ ਕੁਦਰਤ



ਅਵਤਾਰ ਸਿੰਘ ਮਿਸ਼ਨਰੀ
510-432-5827

ਕੁਦਰਤਿ ਅਰਬੀ ਦਾ ਲਫਜ਼ ਤੇ ਅਰਥ ਹਨ ਬਲ, ਤਾਕਤ, ਸ਼ਕਤੀ, ਮਾਇਆ, ਰਚਨਾ, ਪ੍ਰਕਾਸ਼ ਅਤੇ ਕਰਤਾਰ। ਕੁਦਰਤ ਕਾਦਰ ਦਾ ਹੀ ਪ੍ਰਕਾਸ਼ ਹੈ। ਕਾਦਰ ਨੂੰ ਅਸੀਂ ਕੁਦਰਤਿ ਵਿੱਚ ਹੀ ਦੇਖ ਸਕਦੇ ਹਾਂ। ਕਾਦਰ (ਰੱਬ) ਕੀ ਹੈ? ਜਿਵੇਂ ਇੱਕ ਦਰੱਖਤ ਹੈ ਉਸ ਦੀਆਂ ਜੜਾਂ, ਤਣੇ, ਛਿੱਲ, ਟਾਹਣੀਆਂ, ਪੱਤੇ ਅਤੇ ਫੁੱਲ ਫਲ ਹਨ ਇਨਾਂ ਸਾਰਿਆਂ ਨੂੰ ਸਮੁੱਚੇ ਰੂਪ ਚ ਦਰੱਖਤ ਕਿਹਾ ਜਾਂਦਾ ਹੈ ਇਵੇਂ ਕਾਦਰ ਦੀ ਕੁਦਰਤ ਦਾ ਸਾਰਾ ਪਸਾਰਾ ਹੀ ਰੱਬ ਹੈ। ਉਹ ਕਾਦਰ ਕੁਰਦਤ ਕਰਕੇ ਹੀ ਸਰਬਨਿਵਾਸੀ ਘਟਿ ਘਟਿ ਵਾਸੀ ਹੈ-ਕੁਦਰਤਿ ਕਰਕੈ ਵਸਿਆ ਸੋਇ॥ (੮੪) ਉਹ ਨਿਰਗੁਣ ਤੇ ਸਰਗੁਣ ਰੂਪ ਚ ਆਪ ਹੀ ਹੈ-ਨਿਰਗੁਨੁ ਆਪਿ ਸਰਗੁਨੁ ਭੀ ਓਹੀ॥ ਕਲਾ ਧਾਰਿ ਜਿਨਿ ਸਗਲੀ ਮੋਹੀ॥ (੨੮੭) ਅਵਲਿ ਅਲਹ ਨੂਰੁ ਉਪਾਇਆ ਕੁਰਦਤਿ ਕੇ ਸਭ ਬੰਦੇ॥ (੧੩੪੯) ਗੁਰੂ ਨਾਨਕ ਸਾਹਿਬ ਨੇ ਕੁਰਦਤ ਪਸਾਰੇ ਦਾ ਵਰਨਨ ਇਉਂ ਕੀਤਾ ਹੈ-

ਕੁਦਰਤਿ ਦਿਸੈ ਕੁਦਰਤਿ ਸੁਣੀਐ ਕੁਦਰਤਿ ਭਉ ਸੁਖ ਸਾਰੁ॥ ਕੁਦਰਤਿ ਪਾਤਾਲੀ ਆਕਾਸੀ ਕੁਦਰਤਿ ਸਰਬ ਆਕਾਰੁ॥ਕੁਦਰਤਿ ਵੇਦ ਪੁਰਾਣ ਕਤੇਬਾ ਕੁਦਰਤਿ ਸਰਬ ਵੀਚਾਰੁ॥ਕੁਦਰਤਿ ਖਾਣਾ ਪੀਣਾ ਪੈਨ੍ਣੁ ਕੁਦਰਤਿ ਸਰਬ ਪਿਆਰੁ॥ਕੁਦਰਤਿ ਜਾਤੀ ਜਿਨਸੀ ਰੰਗੀ ਕੁਦਰਤਿ ਜੀਅ ਜਹਾਨ॥ਕੁਦਰਤਿ ਨੇਕੀਆ ਕੁਦਰਤਿ ਬਦੀਆ ਕੁਦਰਤਿ ਮਾਨੁ ਅਭਿਮਾਨੁ॥ਕੁਦਰਤਿ ਪਉਣੁ ਪਾਣੀ ਬੈਸੰਤਰੁ ਕੁਦਰਤਿ ਧਰਤੀ ਖਾਕੁ॥ਸਭ ਤੇਰੀ ਕੁਦਰਤਿ ਤੂੰ ਕਾਦਿਰੁ ਕਰਤਾ ਪਾਕੀ ਨਾਈ ਪਾਕੁ॥ (੪੬੪)

ਭਾਈ ਗੁਰਦਾਸ ਜੀ ਵੀ ਲਿਖਦੇ ਹਨ ਕਿ-ਕਾਦਰੁ ਕਿਨੇ ਨ ਲਖਿਆ ਕੁਦਰਤਿ ਸਾਜਿ ਕੀਆ ਅਵਤਾਰਾ। ਇਕ ਦੂ ਕੁਦਰਤਿ ਲਖ ਕਰਿ ਲਖ ਬਿਅੰਤ ਅਸੰਖ ਅਪਾਰਾ। ਰੋਮੋ ਰੋਮਿ ਵਿਚਿ ਰਖਿਓਨਿ ਕਰਿ ਬ੍ਰਹਮੰਡਿ ਕਰੋੜਿ ਸੁਮਾਰਾ॥ (ਵਾਰ-੧ ਪੌੜੀ-੪) ਕਾਦਰ ਕੁਦਰਤ ਅੰਦਰ ਹੀ ਦਿਸਦੈ ਕਿਉਂਕਿ ਉਹ ਕੁਰਦਤ ਰੂਪ ਹੈ-ਕਾਦਰੁ ਮਨਹੁੰ ਵਿਸਾਰਿਆ, ਕੁਰਦਤਿ ਅੰਦਰਿ ਕਾਦਰੁ ਦਿਸੈ॥(ਵਾਰ-੧ ਪੌੜੀ-੧੪) ਭਾ ਨੰਦ ਲਾਲ ਜੀ ਵੀ ਫੁਰਮਾਂਦੇ ਹਨ ਕਿ ਸਰਬ ਸ਼ਕਤੀਮਾਨ ਆਪਣੀ ਰਚਨਾ ਤੋਂ ਪ੍ਰਗਟ ਹੁੰਦਾ ਤੇ ਉਹ ਆਪਣੀ ਰਚਨਾ ਚ ਸਮਾਇਆ ਹੋਇਆ ਹੈ-ਕਾਦਿਰਿ ਮੁਤਲਕ ਬ-ਕੁਦਰ ਜ਼ਾਹਿਰ ਅਸਤ। ਦਰਮਿਆਨੇ ਕੁਦਰਤੇ ਖੁਦ ਕਾਦਿਰ ਅਸਤ॥੩੦੩॥ (ਜਿੰਦਗੀ ਨਾਮਹ ਭਾ ਨੰਦ ਲਾਲ ਜੀ)

ਦੇਖੋ! ਕੁਦਰਤ ਨੇ ਸਾਨੂੰ ਕਈ ਨਿਆਮਤਾ ਨਾਲ ਨਿਵਾਜਿਆ ਹੈ ਜਿਵੇਂ ਹਵਾ, ਪਾਣੀ, ਊਰਜਾ, ਪੰਛੀ, ਰੁੱਖ, ਭੋਜਨ, ਨਿਵਾਸ, ਜਮੀਨ ਆਦਿ। ਸੰਸਾਰ ਦੇ ਸਾਰੇ ਜੀਵ ਜੰਤੂ ਕੁਦਰਤ ਦੇ ਨਿਯਮ 'ਚ ਬੱਝੇ ਹੋਏ ਆ ਪਰ ਮਨੁੱਖ ਨੇ ਇਸ ਨਿਯਮ ਨੂੰ ਤੋੜਨ ਦਾ ਯਤਨ ਕੀਤਾ ਜਿਸ ਦੇ ਨਤੀਜੇ ਉਸ ਦੇ ਸਾਹਮਣੇ ਹਨ। ਜਰਾ ਧਿਆਨ ਦਿਓ,ਕੁਦਰਤ 'ਚ ਵਿਗਾੜ ਇਕੱਲਾ ਵਿਅਕਤੀ ਵਿਸੇਸ ਨਹੀਂ ਲਿਆ ਸਕਦਾ ਜਦ ਪੂਰੀ ਮਾਨਵ ਜਾਤੀ ਹੀ ਕੁਦਰਤੀ ਨਿਯਮਾਂ ਤੋ ਉਲਟ ਕੰਮ ਕਰੇ ਤਦ ਹੀ ਇਸ ਵਿੱਚ ਵਿਗਾੜ ਆਉਦਾ ਹੈ। ਜਦ ਵੀ ਕੁਦਰਤ 'ਚ ਵਿਗਾੜ ਆਉਦਾ ਹੈ ਇਸ ਦਾ ਸਿੱਟਾ ਸਭ ਜਾਤੀਆਂ ਨੂੰ ਭੁਗਤਣਾ ਪੈਂਦੈ, ਕਿਤੇ ਸੋਕਾ ਕਿਤੇ ਹੜ੍ਹ ਆ ਜਾਂਦੇ ਤੇ ਕਿਤੇ ਸੁਨਾਮੀ ਆ ਜਾਦੀ ਹੈ। ਜੇਕਰ ਮਨੁੱਖ ਜਾਤੀ ਕੁਦਰਤ ਦੇ ਨਿਯਮ ਅਨੁਸਾਰ ਚੱਲੇ ਤਾ ਉਹ ਕੁਦਰਤ ਦੇ ਵਿਨਾਸ਼ ਤੋ ਬਚ ਸਕਦੀ ਹੈ। ਮਨੁੱਖ ਕੁਦਰਤ ਨਾਲ ਜੁੜ ਕੇ ਹੀ ਬਹੁਤ ਕੁਝ ਚੰਗਾ ਪ੍ਰਾਪਤ ਕਰ ਸਕਦਾ ਹੈ। ਕੁਦਰਤ ਦੀਆ ਰਹਿਮਤਾ ਤਾਂ ਹੀ ਹੋਣਗੀਆ ਜੇ ਅਸੀ ਸਾਰੇ ਕੁਦਰਤ ਦੇ ਗੁੱਝੇ ਭੇਦਾਂ ਦਾ ਅਨੰਦ ਮਾਣੀਏ ਤੇ ਕੁਦਰਤ ਨੂੰ ਸਮਝਦੇ, ਉਸ ਨਾਲ ਛੇੜ ਛਾੜ ਨਾ ਕਰੀਏ।

ਸਾਨੂੰ ਰੱਬ ਤੇ ਕੁਦਰਤ ਵਾਲੇ ਝਗੜੇ ਚ ਵੀ ਨਹੀਂ ਪੈਣਾ ਚਾਹੀਦਾ ਕਿਉਂਕਿ ਰੱਬ ਹੀ ਕੁਦਰਤ ਤੇ ਕੁਦਰਤ ਹੀ ਰੱਬ ਹੈ। ਸਾਨੂੰ ਤਾਂ ਰੱਬੀ ਨਿਯਮਾਂ ਦੀ ਹੀ ਪਾਲਣਾ ਕਰਨੀ ਚਾਹੀਦੀ ਹੈ। ਭਲਿਓ ਸਾਨੂੰ ਜੋ ਕੁਝ ਵੀ ਅੱਖਾਂ ਨਾਲ ਦਿਸਦੈ, ਉਹ ਹੀ ਕਾਦਰ ਤੇ ਉਹ ਹੀ ਕੁਦਰਤਿ ਹੈ। ਜਿਵੇਂ ਬੁੱਲ੍ਹੇ ਸ਼ਾਹ ਵੀ ਕਹਿੰਦੇ ਹਨ ਕਿ-ਬੁੱਲਿਆ ਰੱਬ ਤੈਥੋਂ ਵੱਖ ਨਹੀਂ ਪਰ ਤੇਰੀ ਵੇਖਣ ਵਾਲੀ ਅੱਖ ਨਹੀਂ। ਕੁਦਰਤ ਦਾ ਪਸਾਰਾ ਬਹੁਤ ਵੱਡਾ ਹੈ ਅਸੀਂ ਇਸ ਦਾ ਅੰਤ ਤਾਂ ਨਹੀਂ ਪਾ ਸਕਦੇ ਪਰ ਬੇਅੰਤ ਚੋਂ ਉਸ ਦੇ ਰੱਬੀ (ਕੁਦਰਤੀ) ਨਿਯਮਾਂ ਦੀ ਖੋਜ ਕਰਕੇ, ਆਪਣਾ ਜੀਵਨ ਸੁਹੇਲਾ ਕਰ ਸਕਦੇ ਹਾਂ। ਕੁਦਰਤ ਦੇ ਵਿਰੁੱਧ ਚੱਲਣਾ ਮਨੁੱਖਤਾ ਦੀ ਤਬਾਹੀ ਤੇ ਅਨੁਸਾਰੀ ਹੋ ਖੋਜੀ ਹੋਣਾ ਉਸ ਦੀਆਂ ਨਿਆਮਤਾਂ ਦੇ ਭੰਡਾਰ ਭਰਣਾ ਹੈ। ਕੁਦਰਤ ਨਿਤ ਨਵੀਆਂ ਪੁਲਾਘਾਂ ਪੁੱਟਦੀ ਹੈ। ਇਸ ਲਈ ਸਾਨੂੰ ਵੀ ਕੁਰਤ ਦੇ ਕਦਮ 'ਚ ਕਦਮ ਰੱਖ ਕੇ ਜਿੰਦਗੀ ਚਾਲ ਚਲਣਾ ਚਾਹੀਦਾ ਹੈ। ਕੁਦਰਤ ਦੇ ਨਿਯਮਾਂ ਨੂੰ ਸਮਝ ਕੇ ਜਿੰਦਗੀ ਸੁਹਣੀ ਬਣ ਜਾਂਦੀ ਅਤੇ ਕੁਦਰਤੀ ਨਿਆਮਤਾਂ ਨਾਲ ਫਲੀਭੂਤ ਹੋ ਜਾਂਦੀ ਹੈ।

# ਅੱਜ ਦੇ ਬੰਦੇ ਬਾਂਦਰ ਕਿਉਂ ਨਹੀਂ ਬਣ ਰਹੇ?



ਮੇਘ ਰਾਜ ਮਿੱਤਰ
+91-98887-87440

ਐਤਵਾਰ ਦਾ ਦਿਨ ਸੀ। ਸਵੇਰੇ ਹੀ ਮੇਰਾ ਮਿੱਤਰ ਰਾਮ ਲਾਲ ਆ ਗਿਆ। ਕਹਿਣ ਲੱਗਿਆ, "ਤੂੰ ਰੋਜ਼ ਇਹ ਕਹਿੰਦਾ ਰਹਿੰਦਾ ਹੈਂ ਕਿ ਬੰਦੇ ਦਾ ਵਿਕਾਸ ਬਾਂਦਰ ਤੋਂ ਹੋਇਆ ਹੈ। ਮੈਨੂੰ ਦੱਸ ਕਿ ਅੱਜ ਦੇ ਬਾਂਦਰ ਬੰਦੇ ਕਿਉਂ ਨਹੀਂ ਬਣ ਰਹੇ? ਮੈਂ ਉਸ ਨੂੰ ਪੁੱਛਿਆ ਕਿ "ਆਹ ਮੇਰੇ ਪੋਤੇ ਪਾਵੇਲ ਦੇ ਹੱਥ ਵਿੱਚ ਕੀ ਹੈ?'' ਉਹ ਕਹਿਣ ਲੱਗਿਆ ਕਿ ਟੀ.ਵੀ. ਦਾ ਰਿਮੋਟ। "ਤੇਰੇ ਬਾਬੇ ਦੇ ਹੱਥ ਇਸ ਉਮਰ ਵਿੱਚ ਕੀ ਹੁੰਦਾ ਸੀ?'' ਕਹਿਣ ਲੱਗਿਆ "ਪਸ਼ੂਆਂ ਨੂੰ ਹੱਕਣ ਵਾਲੀ ਸੋਟੀ। ਉਸ ਵੇਲੇ ਤਾਂ ਸਕੂਲ ਹੁੰਦੇ ਹੀ ਨਹੀਂ ਸਨ। ਕਿਤੇ-ਕਿਤੇ ਕੋਈ ਮੌਲਵੀ ਮਸਜਿਦ ਵਿੱਚ ਜ਼ਰੂਰ ਕੁਝ ਇਲਮ ਦਾ ਗਿਆਨ ਦਿੰਦਾ ਹੁੰਦਾ ਸੀ। ਇਸ ਲਈ ਮੇਰਾ ਬਾਬਾ ਤਾਂ ਅਨਪੜਖ਼ ਸੀ।''

ਮੇਰਾ ਉਸਨੂੰ ਇਹ ਦੱਸਣ ਦਾ ਇੱਕ ਢੰਗ ਸੀ ਕਿ ਕਿਵੇਂ ਪੀੜਖ਼ੀ ਦਰ ਪੀੜਖ਼ੀ ਨਸਲਾਂ ਵਿੱਚ ਕੁੱਝ ਨਾ ਕੁੱਝ ਸੁਧਾਰ ਹੁੰਦਾ ਜਾਂਦਾ ਹੈ। ਇੱਕ ਪੀੜੀ ਤੋਂ ਦੂਜੀ ਪੀੜੀ ਤੱਕ ਜਾਂਦਿਆਂ ਇਹ ਫ਼ਰਕ ਭਾਵੇਂ ਅੱਧ ਫੀਸਦੀ ਹੀ ਹੁੰਦਾ ਹੈ ਪਰ ਹਜ਼ਾਰ ਦੋ ਹਜ਼ਾਰ ਪੀੜਖ਼ੀਆਂ ਦਾ ਸਫ਼ਰ ਵੱਡੇ ਫ਼ਰਕ ਪਾ ਦਿੰਦਾ ਹੈ।

ਬਾਂਦਰ ਤੋਂ ਬੰਦੇ ਬਣਨ ਦਾ ਸਫ਼ਰ ਕੋਈ ਦਸ ਵੀਹ ਸਾਲਾਂ ਦਾ ਨਹੀਂ ਹੈ, ਸਗੋਂ ਇਹ ਤਾਂ ਲੱਖਾਂ ਵਰਿਖ਼ਆਂ ਦਾ ਹੈ। ਇਸ ਦੌਰਾਨ ਜੇ ਪੀੜੀਆਂ ਦੀ ਗਿਣਤੀ ਕਰਨੀ ਵੀ ਹੋਵੇ ਤਾਂ ਇਹ ਲੱਖਾਂ ਵਿੱਚ ਹੋ ਜਾਂਦੀ ਹੈ। ਸੋ ਲੱਖਾਂ ਪੀੜੀਆਂ ਵਿੱਚ ਤਬਦੀਲੀਆਂ ਵੀ ਹਜ਼ਾਰਾਂ ਗੁਣਾਂ ਹੋ ਸਕਦੀਆਂ ਹਨ। ਮੇਰੇ ਬਾਪ ਨੇ ਜਦੋਂ ਸਾਈਕਲ ਚਲਾਉਣਾ ਸਿੱਖਿਆ ਸੀ ਤਾਂ ਤਿੰਨ ਜਣੇ ਸਾਈਕਲ ਨੂੰ ਪਿੱਛੋਂ ਫੜਦੇ ਸਨ, ਫਿਰ ਉਹ ਬੈਠਦਾ ਸੀ ਤੇ ਤਾਂ ਵੀ ਉਸਦੇ ਗੋਡਿਆਂ ਤੇ ਟਾਕੀਆਂ ਲਹਿ ਜਾਂਦੀਆਂ ਸਨ ਪਰ ਜਦੋਂ ਮੇਰੇ ਪੋਤੇ ਨੇ ਸਾਈਕਲ ਸਿੱਖਿਆ ਤਾਂ ਸਾਨੂੰ ਪਤਾ ਵੀ ਨਾ ਲੱਗਿਆ ਕਿ ਕਦੋਂ ਉਹ ਸਿੱਖ ਗਿਆ? ਸੋ ਇੱਕ ਪੀੜੀ ਤੋਂ ਦੂਜੀ ਪੀੜੀ ਵਿੱਚ ਜਾਂਦੇ, ਤਬਦੀਲੀਆਂ ਆਉਂਦੀਆਂ ਜ਼ਰੂਰ ਨੇ ਪਰ ਇਹ ਵਿਖਾਈ ਨਹੀਂ ਦਿੰਦੀਆਂ। ਲੱਖਾਂ ਸਾਲਾਂ ਵਿੱਚ ਵਾਪਰਨ ਵਾਲਾ ਵਰਤਾਰਾ ਸੱਤਰ ਅੱਸੀ ਸਾਲਾਂ ਵਿੱਚ ਤਾਂ ਵੇਖਿਆ ਹੀ ਨਹੀਂ ਜਾ ਸਕਦਾ।

ਧਰਤੀ ਉੱਪਰ ਬਾਂਦਰਾਂ ਦੀਆਂ ਸੈਂਕੜੇ ਨਸਲਾਂ ਉਪਲਬਧ ਹਨ। ਇਹਨਾਂ ਵਿੱਚੋਂ ਚਿਪੈਂਜੀ, ਔਰਿੰਜੋਟੇਨ, ਗੁਰੀਲਾ ਆਦਿ ਨਸਲਾਂ ਮਨੁੱਖ ਜਾਤੀ ਦੇ ਜ਼ਿਆਦਾ ਨੇੜੇ ਹਨ। ਟੀ.ਵੀ. ਉੱਤੇ ਅਤੇ ਦੁਨੀਆਂ ਦੇ ਵੱਖ ਵੱਖ ਚਿੜੀਆ ਘਰਾਂ ਵਿੱਚ ਮੈਂ ਔਰਿੰਜੋਟੇਨਾਂ ਨੂੰ ਆਪਣੀ ਬੁੱਧੀ ਦਾ ਇਸਤੇਮਾਲ ਕਰਦੇ ਵੇਖਿਆ ਹੈ। ਉਹ ਬਲਾਕਾਂ ਨੂੰ ਇੱਕ ਦੂਜੇ ਉੱਪਰ ਤਰਤੀਬ ਨਾਲ ਚਿਣ ਕੇ ਛੱਤ ਤੇ ਟੰਗੇ ਫ਼ਲ ਉਤਾਰ ਕੇ ਖਾਂਦੇ ਵੇਖੇ ਹਨ। ਉਹ ਤੰਗ ਮੂੰਹ ਵਾਲੇ ਬਰਤਨਾਂ ਵਿੱਚੋਂ ਮੂੰਗਫਲੀ ਚੁੱਕਣ ਲਈ ਉਹਨਾਂ ਵਿੱਚ ਪਾਣੀ ਪਾਉਂਦੇ ਜਾਂ ਪਿਸ਼ਾਬ ਕਰਦੇ ਮੈਂ ਖ਼ੁਦ ਵੇਖੇ ਹਨ। ਉਹ ਦਰੱਖਤਾਂ ਦੇ ਤਣੇ ਤੋੜ ਕੇ ਆਪਣੇ ਬਿ-ਸਤਰੇ ਬਣਾਉਂਦੇ ਵੀ ਤੁਹਾਨੂੰ ਨਜ਼ਰੀਂ ਆਏ ਹੋਣਗੇ। ਹੱਥਾਂ ਨਾਲ ਪੱਥਰ ਚੁੱਕ ਕੇ ਫ਼ਲ ਤੋੜਦੇ ਸਾਡੇ ਵਿੱਚੋਂ ਬਹੁਤਿਆਂ ਨੇ ਤੱਕੇ ਹੋਣਗੇ।

ਇੱਥੇ ਇਹ ਗੱਲ ਨੋਟ ਕਰਨ ਵਾਲੀ ਹੈ ਕਿ ਜਦੋਂ ਪਹਿਲਾਂ-ਪਹਿਲ ਕੁੱਝ ਲੋਕ ਆਸਟ੍ਰੇਲੀਆ ਗਏ ਸਨ ਤਾਂ ਉਹਨਾਂ ਨੇ ਉੱਥੇ ਇੱਕ ਅਜਿਹੀ ਮਨੁੱਖੀ ਨਸਲ ਐਵੋਰਿਜ਼ਨ ਵੀ ਵੇਖੀ ਸੀ, ਜੋ ਨਾ ਤਾਂ ਰਹਿਣ ਲਈ ਆਪਣਾ ਘਰ ਬਣਾਉਂਦੀ ਸੀ ਅਤੇ ਨਾ ਹੀ ਖਾਣਾ ਬਣਾਉਣ ਲਈ ਬਰਤਨਾਂ ਦਾ ਇਸਤੇਮਾਲ ਕਰਨਾ ਜਾਣਦੀ ਸੀ। ਸਗੋਂ ਉਸਦੇ ਮੈਂਬਰ ਸਮੁੰਦਰੀ ਕਿਨਾਰਿਆਂ ਨੇੜੇ ਉੱਚੀਆਂ ਥਾਵਾਂ 'ਤੇ ਆਪਣੀਆਂ ਖੁੱਡਾਂ ਪੁੱਟ ਲੈਂਦੇ ਸਨ ਤੇ ਜਦੋਂ ਵੀ ਕੋਈ ਡੱਡੂ ਜਾਂ ਮੱਛੀ ਨਜ਼ਰ ਆਉਂਦੀ ਤਾਂ ਉਸਨੂੰ ਫੜਖ਼ ਕੇ ਖਾ ਜਾਂਦੇ ਸਨ।

ਇਹ ਘਟਨਾ ਇਸ ਗੱਲ ਦੀ ਤਸਦੀਕ ਕਰਦੀ ਹੈ ਕਿ ਮਨੁੱਖੀ ਵਿਕਾਸ ਇੱਕ ਪਾਸੜ ਹੀ ਨਹੀਂ ਹੁੰਦਾ। ਕਈ ਵਾਰੀ ਇਹ ਵਿਕਾਸ ਉਲਟਾ ਵੀ ਸ਼ੁਰੂ ਹੋ ਜਾਂਦਾ ਹੈ। ਲੱਖ ਕੁ ਸਾਲ ਪਹਿਲਾਂ ਆਸਟਰੇਲੀਆ ਦੀ ਧਰਤੀ ਏਸ਼ੀਆ ਦੀ ਧਰਤੀ ਨਾਲ ਜ਼ਮੀਨੀ ਰਸਤੇ ਤੋਂ ਜੁੜੀ ਹੋਈ ਸੀ। ਮਨੁੱਖਾਂ ਦੀ ਕੋਈ ਜਾਤੀ ਕਿਸ਼ਤੀਆਂ ਰਾਹੀਂ ਹੀ ਆਸਟਰੇਲੀਆ ਜਾ ਪੁੱਜੀ ਸੀ। ਉੱਥੇ ਉਹਨਾਂ ਦਾ ਵਿਕਾਸ ਉਲਟਾ ਹੋਣਾ ਸ਼ੁਰੂ ਹੋ ਗਿਆ। ਜੋ ਕੁੱਝ ਉਸ ਸਮੇਂ ਸਿੱਖਿਆ ਸੀ ਉਹ ਪੀੜੀਆਂ ਦਰ ਪੀੜੀਆਂ ਭੁੱਲਦਾ ਗਿਆ। ਸੋ ਐਵੋਰਜਿਨ ਦੀ ਪੈਦਾਇਸ਼ ਦੀ ਵਿਆਖਿਆ ਇਹ ਹੀ ਹੈ। ਸੋ ਮਨੁੱਖ ਵਿੱਚ ਨਜ਼ਰ ਆਉਂਦਾ ਵਿਕਾਸ ਕੋਈ ਜ਼ਿਆਦਾ ਪੁਰਾਣਾ ਨਹੀਂ। ਦਸ ਕੁ ਹਜ਼ਾਰ ਸਾਲ ਪਹਿਲਾਂ ਮਨੁੱਖ ਕਬੀਲਿਆਂ ਵਿੱਚ ਹੀ ਰਹਿੰਦਾ ਸੀ। ਹੌਲੀ-ਹੌਲੀ ਇੱਥੇ ਰਿਆਸਤਾਂ ਦੀ ਹੋਂਦ ਆਉਣੀ ਸ਼ੁਰੂ ਹੋਈ ਅਤੇ ਇਸ ਤੋਂ ਬਾਅਦ ਹੀ ਇੱਥੇ ਬਾਦਸ਼ਾਹੀਆਂ ਬਣਨ ਲੱਗ ਪਈਆਂ। ਅੱਜ ਦੀਆਂ ਜਮਹੂਰੀ ਸਰਕਾਰਾਂ ਤਾਂ ਦੋ ਤਿੰਨ ਸੌ ਸਾਲ ਹੀ ਪੁਰਾਣੀਆਂ ਹਨ। ਅਜੇ ਵੀ ਕੁੱਝ ਦੇਸ਼ ਧਰਤੀ ਤੇ ਅਜਿਹੇ ਹਨ, ਜਿੱਥੇ ਇਸਤਰੀਆਂ ਨੂੰ ਵੋਟ ਪਾਉਣ ਦੇ ਅਧਿਕਾਰ ਵੀ ਨਹੀਂ। ਬ੍ਰਹਿਮੰਡ ਦੇ ਮੌਜੂਦਾ ਰੂਪ ਦੀ ਸ਼ੁਰੂਆਤ ਤੋਂ ਮਨੁੱਖ ਤੱਕ ਦੇ ਸਫ਼ਰ ਦਾ ਇਤਿਹਾਸ ਬਹੁਤ ਹੀ ਲੰਬਾ ਹੈ। ਜੇ ਬ੍ਰਹਿਮੰਡ ਦੀ ਸ਼ੁਰੂਆਤ ਪਹਿਲੀ ਜਨਵਰੀ ਨੂੰ ਹੋਈ ਮੰਨ ਲਈ ਜਾਵੇ ਤਾਂ ਇੱਥੇ ਮਨੁੱਖ ਦੀ ਆਮਦ ਤਾਂ ਇਕੱਤੀ ਦਸੰਬਰ ਰਾਤੀਂ ਸੱਤ ਵੱਜ ਕੇ ਪੰਦਰਾਂ ਮਿੰਟ 'ਤੇ ਹੀ ਹੁੰਦੀ ਹੈ। ਜੇ ਸਭਿਅਕ ਮਨੁੱਖ ਦੀ ਆਮਦ ਨੂੰ ਗਿਣਨਾ ਹੋਵੇ ਤਾਂ ਇਹ ਕੁੱਲ ਪੱਚੀ ਸੈਕਿੰਡ ਤੋਂ ਵੱਧ ਦੀ ਨਹੀਂ।

ਸੋ ਮਨੁੱਖੀ ਨਸਲ ਦੇ ਵਿਕਾਸ ਦੀ ਰਫ਼ਤਾਰ ਪਿਛਲੀਆਂ ਦੋ ਤਿੰਨ ਸਦੀਆਂ ਤੋਂ ਬਹੁਤ ਤੇਜ਼ੀ ਨਾਲ ਵਧ ਰਹੀ ਹੈ। ਵਿਗਿਆਨ ਦੀ ਹਰ ਲੱਭਤ ਇਸ ਵਿਕਾਸ ਨੂੰ ਵੀ ਪਰ ਲਾ ਦਿੰਦੀ ਹੈ। ਭਵਿੱਖ ਵਿੱਚ ਮਨੁੱਖ ਕਿਹੋ ਜਿਹਾ ਹੋਵੇਗਾ, ਇਸ ਦਾ ਅੱਜ ਅੰਦਾਜ਼ਾ ਲਗਾਉਣਾ ਅਸੰਭਵ ਹੈ।

ਪਰ ਚੇਤਨ ਮਨੁੱਖ ਪਿਛਲੇ ਇੱਕ ਦਹਾਕੇ ਵਿੱਚ ਹੀ ਹੋਈਆਂ ਤਬਦੀਲੀਆਂ ਨੂੰ ਮੁੱਖ ਰੱਖ ਕੇ ਆਉਣ ਵਾਲੇ ਕੁੱਝ ਦਹਾਕਿਆਂ ਵਿਚ ਹੋਣ ਵਾਲੀਆਂ ਤਬਦੀਲੀਆਂ ਦਾ ਅੰਦਾਜ਼ਾ ਜ਼ਰੂਰ ਲਗਾ ਸਕਦੇ ਹਨ। ਮੋਬਾਈਲ ਤੇ ਇੰਟਰਨੈੱਟ ਨੇ ਸਮੁੱਚੀ ਦੁਨੀਆਂ ਨੂੰ ਇੱਕ ਪਿੰਡ ਵਿੱਚ ਬਦਲ ਦਿੱਤਾ ਹੈ। ਅੱਜ ਤੁਸੀਂ ਦੁਨੀਆਂ ਦੀ ਕਿਸੇ ਵੀ ਲਾਇਬਰੇਰੀ ਦੀ ਕੋਈ ਵੀ ਕਿਤਾਬ ਜਾਂ ਅਖ਼ਬਾਰ ਆਪਣੇ ਘਰ ਬੈਠਿਆਂ ਹੀ ਪੜ ਜਾਂ ਖਰੀਦ ਸਕਦੇ ਹੋ। ਲੱਖਾਂ ਕੁੜੀਆਂ ਮੁੰਡਿਆਂ ਲਈ ਵਰ ਕੰਪਿਊਟਰ ਹੀ ਉਪਲਬਧ ਕਰਵਾ ਦਿੰਦਾ ਹੈ। ਹਵਾਈ ਜਹਾਜ਼ ਦੀ ਟਿਕਟ ਹੋਵੇ ਜਾਂ ਰੇਲਵੇ ਦੀ, ਘਰ ਬੈਠਿਆਂ ਹੀ ਉਪਲਬਧ ਹੋ ਜਾਂਦੀ ਹੈ। ਕੰਪਿਊਟਰੀਕਰਨ ਤੇ ਸਟੈਮ ਸੈੱਲ ਟੈਕਨੀਕ ਨੇ ਇਲਾਜ ਦੇ ਖੇਤਰ ਵਿੱਚ ਵੱਡੀਆਂ ਤਬਦੀਲੀਆਂ ਤੱਕ ਤੁਹਾਡੀ ਪਹੁੰਚ ਕਰ ਦਿੱਤੀ ਹੈ।

ਅੱਜ ਤੱਕ ਅਸੀਂ ਤਰਕਸ਼ੀਲ ਲੋਕਾਂ ਨੂੰ ਇਹ ਕਹਿੰਦੇ ਰਹੇ ਹਾਂ ਕਿ ਬੰਦੇ ਦਾ ਵਿਕਾਸ ਬਾਂਦਰ ਤੋਂ ਹੋਇਆ ਹੈ। ਇਸ ਲਈ ਅਸੀਂ ਧਰਤੀ ਦੀਆਂ ਤਹਿਆਂ ਵਿੱਚੋਂ ਮਿਲਣ ਵਾਲੀਆਂ ਹੱਡੀਆਂ ਦਾ ਪ੍ਰਮਾਣ ਦਿੰਦੇ ਰਹੇ ਹਾਂ। ਅਸੀਂ ਦੱਸਦੇ ਰਹੇ ਹਾਂ ਕਿ ਬਾਂਦਰ ਤੇ ਮਨੁੱਖ ਦੇ ਡੀ.ਐਨ.ਏ. 98 ਪ੍ਰਤੀਸ਼ਤ ਇੱਕ ਦੂਜੇ ਨਾਲ ਮੇਲ ਖਾਂਦੇ ਹਨ। ਲੋਕ ਇਹ ਵੀ ਪੁੱਛਦੇ ਰਹੇ ਨੇ ਕਿ ਕਿਵੇਂ ਕੁੱਝ ਵਿਅਕਤੀਆਂ ਦੇ ਪਿਛਲੇ ਪਾਸੇ ਪੂਛ ਵੀ ਹੁੰਦੀ ਹੈ।

ਲੋਕ ਅਖ਼ਬਾਰਾਂ ਵਿੱਚ ਛਪੀਆਂ ਪੂਛਾਂ ਦੇ ਅਪਰੇਸ਼ਨਾਂ ਦੀਆਂ ਖ਼ਬਰਾਂ ਦੀਆਂ ਕਟਿੰਗਾਂ ਵੀ ਸਾਨੂੰ ਭੇਜਦੇ ਰਹੇ ਨੇ। ਅਸੀਂ ਉਨਖ਼ਾਂ ਦੀ ਇਹ ਕਹਿ ਕੇ ਹੀ ਤਸੱਲੀ ਕਰਵਾਉਂਦੇ ਰਹੇ ਹਾਂ ਕਿ ਇਹ ਸਾਰੀਆਂ ਗੱਲਾਂ ਬੰਦੇ ਦੇ ਬਾਂਦਰ ਤੋਂ ਹੋਏ ਵਿਕਾਸ ਦੀ

ਬਾਕੀ ਸਫਾ 21 'ਤੇ)


The opinions expressed in this newspaper do not necessarily represent the views or opinions of the staff or employees of "Desh Doaba". All disputes subjected to Sacramento (California) jurisdiction.
ਅਦਾਰਾ ਦੇਸ਼ ਦੁਆਬਾ ਇਸ ਅਖਬਾਰ ਵਿਚ ਛਪੇ ਇਸ਼ਤਿਹਾਰਾਂ 'ਡਿਸਪਲੇ/ਕਲਾਸੀਫਾਈਡ) ਦੇ ਤੱਥਾਂ ਲਈ ਜ਼ਿੰਮੇਵਾਰੀ ਨਹੀਂ ਲੈਂਦਾ। ਸਾਡਾ ਅਖਬਾਰ ਇਹਨਾਂ ਨੂੰ ਤਸਦੀਕ ਨਹੀਂ ਕਰਦਾ। ਪਾਠਕਾਂ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਉਹ ਇਨ੍ਹਾਂ ਇਸ਼ਤਿਹਾਰਾਂ 'ਤੇ ਕਾਰਵਾਈ ਕਰਨ ਤੋਂ ਪਹਿਲਾਂ ਤੱਥਾਂ ਦੀ ਪੁਸ਼ਟੀ ਕਰ ਲੈਣ।

# ਸ੍ਰੀ ਗੁਰੂ ਰਵਿਦਾਸ ਟੈਂਪਲ ਯੂਬਾ ਸਿਟੀ ਦੀ ਪ੍ਰਬੰਧਕ ਕਮੇਟੀ ਵੱਲੋਂ ਗੁਰੂ ਗ੍ਰੰਥ ਸਾਹਿਬ ਜੀ ਮਹਾਰਾਜ ਦਾ ਪਹਿਲਾ ਪ੍ਰਕਾਸ਼ ਉਤਸਵ ਮਨਾਇਆ











**ਯੂਬਾ ਸਿਟੀ–** ਸ੍ਰੀ ਗੁਰੂ ਰਵਿਦਾਸ ਟੈਂਪਲ ਯੂਬਾ ਸਿਟੀ ਦੀ ਪ੍ਰਬੰਧਕ ਕਮੇਟੀ ਵੱਲੋਂ ਸਮੂਹ ਸਾਧ ਸੰਗਤ ਜੀ ਦੇ ਸਹਿਯੋਗ ਨਾਲ ਧੰਨ ਧੰਨ ਗੁਰੂ ਗ੍ਰੰਥ ਸਾਹਿਬ ਮਹਾਰਾਜ ਜੀ ਦਾ ਪਹਿਲਾ ਪ੍ਰਕਾਸ਼ ਉਤਸਵ ਮਿਤੀ 14, 15, 16 ਸਤੰਬਰ ਦਿਨ ਸ਼ੁੱਕਰਵਾਰ, ਸ਼ਨਿਚਰਵਾਰ, ਐਤਵਾਰ ਨੂੰ ਮਨਾਇਆ ਗਿਆ।

ਜਿਸ ਵਿਚ 14 ਸਤੰਬਰ ਦਿਨ ਸ਼ੁੱਕਰਵਾਰ ਨੂੰ ਗੁਰੂ ਘਰ ਵਿਖੇ ਸ੍ਰੀ ਅਖੰਡ ਪਾਠ ਸਾਹਿਬ ਜੀ ਆਰੰਭ ਕੀਤੇ ਗਏ, ਜਿਹਨਾਂ ਦੇ ਭੋਗ 16 ਸਤੰਬਰ ਦਿਨ ਐਤਵਾਰ ਨੂੰ ਪਾਏ ਗਏ।

ਭੋਗ ਉਪਰੰਤ ਮਹਾਨ ਕੀਰਤਨ ਦਰਬਾਰ ਸਜਾਏ ਗਏ, ਜਿਸ ਵਿਚ ਗੁਰੂ ਘਰ ਦੇ ਹੈੱਡ ਗ੍ਰੰਥੀ ਭਾਈ ਪ੍ਰਿਤਪਾਲ ਸਿੰਘ ਜੀ, ਬੀਬੀ ਲੋਚਨਾ ਰਾਏ, ਭਾਈ ਹੀਰਾ ਸਿੰਘ ਜੀ ਨੇ ਗੁਰਬਾਣੀ ਕੀਰਤਨ ਦੁਆਰਾ ਸੰਗਤਾਂ ਨੂੰ ਨਿਹਾਲ ਕੀਤਾ। ਇਸ ਤੋਂ ਇਲਾਵਾ ਪੰਥ ਪ੍ਰਸਿੱਧ ਕਥਾਵਾਚਕ ਭਾਈ ਉਂਕਾਰ ਸਿੰਘ ਜੀ ਨੇ ਗੁਰਬਾਣੀ ਕੀਰਤਨ ਦੁਆਰਾ ਸੰਗਤਾਂ ਨੂੰ ਨਿਹਾਲ ਕੀਤਾ। ਗੁਰੂ ਘਰ ਦੀ ਪ੍ਰਬੰਧਕ ਕਮੇਟੀ ਵੱਲੋਂ ਭਾਈ ਉਂਕਾਰ ਸਿੰਘ ਜੀ ਨੂੰ ਸਿਰੋਪਾਓ ਬਖਸ਼ਿਸ਼ ਕੀਤੇ ਗਏ।

ਭਾਈ ਗੁਰਦੀਪ ਸਿੰਘ ਜੀ ਨੇ ਸਟੇਜ ਸੈਕਟਰੀ ਦੀ ਸੇਵਾ ਨਿਭਾਉਂਦੇ ਹੋਏ ਆਪਣੀਆਂ ਕਵਿਤਾਵਾਂ ਦੁਆਰਾ ਸੰਗਤਾਂ ਨੂੰ ਨਿਹਾਲ ਕੀਤਾ। ਗੁਰੂ ਕੇ ਲੰਗਰ ਤਿੰਨੇ ਦਿਨ ਅਤੁੱਟ ਵਰਤਾਏ ਗਏ, ਇਹਨਾਂ ਸਮਾਗਮਾਂ ਵਿਚ ਬਹੁਤ ਵੱਡੀ ਗਿਣਤੀ ਵਿਚ ਸਾਧ ਸੰਗਤ ਨੇ ਹਾਜ਼ਰੀ ਲਗਵਾਈ। ਅੰਤ ਵਿਚ ਗੁਰੂ ਘਰ ਦੇ ਪ੍ਰਧਾਨ ਸ੍ਰੀ ਦਲਵਿੰਦਰ ਰੱਲ੍ਹ ਨੇ ਆਈਆਂ ਸੰਗਤਾਂ ਦਾ ਧੰਨਵਾਦ ਕੀਤਾ।




## ਭਾਰਤੀ ਅਮਰੀਕੀ ਸਟੋਰ ਕਰਿੰਦੇ ਨੂੰ 25 ਡਾਲਰ ਦੀ ਸ਼ਰਾਬ ਦੀ ਬੋਤਲ ਬਦਲੇ ਕਤਲ ਕੀਤੇ ਜਾਣ ਵਾਲੀ ਔਰਤ ਨੂੰ ਜੇਲ੍ਹ ਵਿੱਚ ਉਮਰ ਕੈਦ ਦੀ ਸਜ਼ਾ

**ਆਰਕਾਨਸਾਸ, ਅਮਰੀਕਾ (ਹੁਸਨ ਲੜੋਆ ਬੰਗਾ)–** ਇਕ ਭਾਰਤੀ ਅਮਰੀਕੀ ਸਟੋਰ ਕਲਰਕ ਦੀ 25 ਡਾਲਰ ਦੀ ਵਿਸਕੀ ਦੀ ਖਾਤਿਰ ਕੀਤੇ ਕਤਲ ਤੇ, ਕੋਰਟ ਜਿਊਰੀ ਨੇ ਸਿਰਫ਼ 4 ਘੰਟੇ ਦੇ ਵਿਚਾਰ-ਵਟਾਂਦਰੇ ਤੋਂ ਬਾਦ ਜੇਲ੍ਹ ਵਿੱਚ ਉਮਰ ਕੈਦ ਦੀ ਸਜ਼ਾ ਸੁਣਾਈ। ਅਗਸਤ 2016 ਵਿੱਚ, ਸ਼ਾਨੀਕੋਆ ਮੋਨੀਕ ਫਿਨਲੇ, 27, ਨੇ ਨਾਰਥ ਲਿਟਲ ਰੌਕ, ਆਰਕਾਨਸਾਸ ਵਿੱਚ ਬੈਸਟ ਸ਼ਾਟ ਲਿਕਰ ਵਿੱਚ ਦੋ ਕਲਰਕਾਂ ਤੋਂ ਸ਼ਰਾਬ ਲੁੱਟ ਲਈ ਸੀ, ਜਿਸਨੇ ਲੁੱਟ ਦੌਰਾਨ 65 ਸਾਲਾ ਦਲੀਪ ਕੁਮਾਰ ਪਟੇਲ ਨੂੰ ਮਾਰ ਦਿੱਤਾ ਅਤੇ 66 ਸਾਲਾ ਨਿਰੰਜਨਾ ਮੋਦੀ 'ਤੇ ਗੋਲੀ ਮਾਰ ਦਿੱਤੀ, ਜੋ ਗੋਲੀ ਲੱਤ, ਛਾਤੀ ਤੇ ਬਾਹਾਂ ਲੱਗੀ। ਨਿਰੰਜਨ ਮੋਦੀ ਸਟੋਰ ਮਾਲਕ ਗੌਰੰਗ ਮੋਦੀ ਦੀ ਮਾਂ ਸੀ,ਤੇ ਪਟੇਲ ਗੌਰੰਗ ਮੋਦੀ ਦੇ ਸਹੁਰੇ ਸਨ।ਸ਼ੂਟਿੰਗ ਦੇ 11 ਦਿਨ ਬਾਅਦ ਉਹ ਮਰ ਗਿਆ ਸੀ। ਸ਼ਾਨੀਕੋਆ ਮੋਨੀਕ ਫਿਨਲੇ ਵਿਸਕੀ ਦੀ ਬੋਤਲ ਲੈ ਕੇ ਵਾਰਦਾਤ ਵਾਲੀ ਥਾਂ ਤੋਂ ਭੱਜ ਕੇ ਬਾਹਰ ਭੱਜ ਗਈ, ਜੋ ਬਾਅਦ ਵਿਚ ਉਸ ਦੇ ਘਰ ਦੇ ਫਰਿਜ ਵਿਚੋਂ ਪੁਲੀਸ ਨੂੰ ਤਫਦੀਸ਼ ਦੌਰਾਨ ਅੱਧੀ ਖਾਲੀ ਮਿਲੀ ਸੀ ਤੇ ਜੋ ਬੋਤਲ ਬੈਸਟ ਸ਼ਾਟ ਸਟੋਰ ਦੀਆਂ ਬਾਕੀ ਬੋਤਲਾਂ ਨਾਲ ਮਿਲਦੀ ਸੀ। ਇੱਕ ਪਿਸਤੌਲ, ਵੀ ਸ਼ਾਨੀਕੋਆ ਮੋਨੀਕ ਫਿਨਲੇ ਦੇ ਅਪਾਰਟਮੈਂਟ ਵਿੱਚੋਂ ਮਿਲਿਆ ਸੀ।

ਪੁਲਿਸ ਨੇ ਸ਼ਾਨੀਕੋਆ ਮੋਨੀਕ ਫਿਨਲੇ ਨੂੰ ਉਸ ਦੀ ਵੱਖਰੀ ਰੰਗ ਦੀ ਕਾਰ ਦੁਆਰਾ ਪਛਾਇਆਂ ਕੀਤੀ। ਡਿਫੈਂਸ ਅਟਾਰਨੀ ਫਰਨਾਂਡੋ ਪਡੀਲਾ ਨੇ ਆਪਣੇ ਕਲਾਇੰਟ ਦੇ ਖਿਲਾਫ ਕੇਸ ਦੀ ਪੈਰਵਾਈ ਕੀਤੀ। ਪ੍ਰੌਸੀ-ਕਿਊਟਰਾਂ ਕੋਲ ਇਹ ਸਾਬਤ ਕਰਨ ਲਈ ਕੋਈ ਡੀ ਐਨ ਏ ਜਾਂ ਫਿੰਗਰਪ੍ਰਿੰਟ ਨਹੀਂ ਸਨ ਜੋ ਇਹ ਸਾਬਤ ਕਰਦਾ ਕਿ ਸ਼ਾਨੀਕੋਆ ਮੋਨੀਕ ਫਿਨਲੇ ਸਟੋਰ ਵਿੱਚ ਨਹੀਂ ਗਈ।

ਨਿਰੰਜਨਾ ਨੇ ਗੁਜਰਾਤੀ ਭਾਸ਼ਾ ਵਿਚ ਗਵਾਹੀ ਦਿੱਤੀ ਕਿ ਜੂਰੀ ਨੂੰ ਕਿਹਾ ਕਿ ਸ਼ਾਨੀਕੋਆ ਮੋਨੀਕ ਫਿਨਲੇ ਨੇ ਬੰਦੂਕ ਕੱਢੀ ਜਦੋਂ ਉਸ ਨੇ ਵਿਸਕੀ ਨੂੰ ਖਰੀਦਣ ਲਈ ਆਈਡੀ ਨੂੰ ਪੁੱਛਿਆ. ਮੋਦੀ ਨੇ ਕਿਹਾ,ਕਿ "ਮੈਂ ਆਈਡੀ ਤੋਂ ਬਿਨਾਂ ਸ਼ਰਾਬ ਨਹੀਂ ਵੇਚਦਾ." ਤੇ "ਉਸ ਨੇ ਤੁਰੰਤ ਗੋਲੀਆਂ ਮਾਰੀਆਂ. ਇਹ ਦੋ ਜਾਂ ਤਿੰਨ ਗੋਲੀਆਂ ਮਾਰੀਆਂ"ਮੋਦੀ ਦੀ ਛਾਤੀ ਅਤੇ ਬਾਹਾਂ ਵਿਚ ਖੂਨ ਨਿਕਲਣ ਦੇ ਬਾਵਜੂਦ ਕਾਊਂਟਰ ਹੇਠ ਛੁਪ ਗਿਆ ਜਦਕਿ ਜ਼ਖਮੀ ਪਟੇਲ, ਜਿਸਨੂੰ ਛਾਤੀ 'ਚ ਗੋਲੀ ਮਾਰੀ ਗਈ ਤੇ ਸਟੋਰ ਦੇ ਪਿਛਲੇ ਪਾਸੇ ਇਕ ਦਫਤਰ ਵੱਲ ਭੱਜਿਆ ਤੇ ਜਾਨ ਬਚਾਈ।

ਪਾਰਰੀਆ ਜੋਕਾਰਡ ਰੌਸ, ਇੱਕ ਨਾਈ ਜੋ ਕਿ ਸਟੋਰ ਦੇ ਨਾਲਦੇ ਸਟੋਰ ਤੇ ਕੰਮ ਕਰਦਾ ਸੀ, ਨੇ ਗਵਾਹੀ ਦਿੱਤੀ ਕਿ ਉਸ ਨੇ ਦੇਖਿਆ ਤੇ ਬਲੱਡ ਨਾਲ ਭਿੱਜੇ ਮੋਦੀ ਤੇ ਪਟੇਲ ਦੀ ਸਹਾਇਤਾ ਕਰਨ ਦੀ ਕੋਸ਼ਿਸ਼ ਕੀਤੀ ਤੇ ਫਿਰ 911 ਕਾਲ ਕੀਤੀ।

AAA
AUTO AND BODY WORKS
ਸਾਡੇ ਇੱਥੇ ਹਰ ਕਿਸਮ ਦੀਆਂ ਕਾਰਾਂ ਦੀ ਮੁਰੰਮਤ ਅਤੇ ਰਿਪੇਅਰ ਤੋਂ ਇਲਾਵਾ ਕਾਰਾਂ ਦੇ ਪੇਂਟ ਦਾ ਕੰਮ ਤਸੱਲੀਬਖਸ਼ ਕੀਤਾ ਜਾਂਦਾ ਹੈ। ਪੁਰਾਣੀਆਂ ਕਾਰਾਂ ਖਰੀਦਣ ਅਤੇ ਟੋ-ਟਰੱਕ ਦਾ ਖਾਸ ਪ੍ਰਬੰਧ ਹੈ।
We Do Complete Engine Trans-mission, Body and Paint Work We Sell Used Cars at a Good Price
Free Estimates
Free Towing
510- 733- 2222
1421 Industrial PKWY West#F Hay-ward, CA 94544
Prop: Jasbir Singh Takhar
510-755-2132
Harmandeep Singh







## ਗੁਰੂ ਘਰ ਟਾਇਰਾ ਬਿਊਨਾ ਯੂਬਾ ਸਿਟੀ ਦੇ ਅਗਸਤ ਮਹੀਨੇ ਦੇ ਪ੍ਰੋਗਰਾਮ

19 ਸਤੰਬਰ ਤੋਂ 21 ਸਤੰਬਰ ਅਖੰਡ ਪਾਠ ਸੇਵਾ ਸਮੂਹ ਸਾਧ ਸੰਗਤ ਵੱਲੋਂ ਹੋਵੇਗੀ ਜੀ।

21 ਸਤੰਬਰ ਸ਼ੁੱਕਰਵਾਰ ਤੋਂ 23 ਸਤੰਬਰ ਐਤਵਾਰ ਤੱਕ 10 ਅਖੰਡ ਪਾਠ ਸਾਹਿਬ ਪ੍ਰਕਾਸ਼ ਹੋਣਗੇ ਜੀ। 1. ਗੁਰਦੇਵ ਸਿੰਘ ਸੇਖੋਂ, 2. ਪਲਵਿੰਦਰ ਸਿੰਘ ਲਾਲੀ, 3. ਕਮਲਜੀਤ ਤੇ ਪ੍ਰਭਵੀਰ ਸਿੰਘ, 4. ਜੋਗਾ ਸਿੰਘ ਲਾਲੀ, 5. ਸੁਰਜੀਤ ਸਿੰਘ ਮੱਲ੍ਹੀ, 6. ਕੁਲਵੰਤ ਸਿੰਘ, 7. ਗੁਰਦਿਆਲ ਸਿੰਘ, 8. ਗੁਰਪਾਲ ਸਿੰਘ ਤੂਰ, 9. ਹਰਜਿੰਦਰ ਸਿੰਘ ਕਲੇਰ, 10. ਪਰਮਜੀਤ ਸਿੰਘ ਰੰਧਾਵਾ।

22 ਸਤੰਬਰ ਦਿਨ ਸ਼ਨਿਚਰਵਾਰ ਸੁਖਮਨੀ ਸਾਹਿਬ ਅਤੇ ਲੰਗਰ ਸੇਵਾ ਸਰਦਾਰ ਜੋਯ ਸਿੰਘ ਪਰਿਵਾਰ ਵੱਲੋਂ ਹੋਵੇਗੀ ਜੀ।

## ਕੇਜਰੀਵਾਲ, ਸਿਸੋਦੀਆ ਤੇ ਹੋਰਾਂ ਨੂੰ ਸੰਮਨ

ਨਵੀਂ ਦਿੱਲੀ– ਦਿੱਲੀ ਦੀ ਅਦਾਲਤ ਨੇ ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਤੇ ਉਪ ਮੁੱਖ ਮੰਤਰੀ ਮਨੀਸ਼ ਸਿਸੋਦੀਆ ਸਮੇਤ ਹੋਰ 11 ਵਿਧਾਇਕਾਂ ਨੂੰ ਦਿੱਲੀ ਦੇ ਮੁੱਖ ਸਕੱਤਰ ਅੰਸ਼ੂ ਪ੍ਰਕਾਸ਼ ਨਾਲ ਕਥਿਤ ਕੁੱਟਮਾਰ ਦੇ ਮਾਮਲੇ ਵਿਚ ਸੰਮਨ ਜਾਰੀ ਕੀਤੇ ਹਨ। ਵਧੀਕ ਮੁੱਖ ਮੈਟਰੋਪੋਲਿਟਨ ਜੱਜ ਸਮਰ ਵਿਸ਼ਾਲ ਵੱਲੋਂ ਦਿੱਲੀ ਪੁਲੀਸ ਵੱਲੋਂ 13 ਅਗਸਤ ਨੂੰ ਅਦਾਲਤ ਵਿੱਚ ਪੇਸ਼ ਚਾਰਜਸ਼ੀਟ ਨੂੰ ਦੇਖਣ ਮਗਰੋਂ ਆਗੂਆਂ ਤੇ ਹੋਰ ਵਿਧਾਇਕਾਂ ਨੂੰ ਸੰਮਨ ਜਾਰੀ ਕੀਤੇ ਹਨ। ਅੰਸ਼ੂ ਪ੍ਰਕਾਸ਼ ਵੱਲੋਂ ਸ਼ਿਕਾਇਤ ਕੀਤੀ ਗਈ ਸੀ ਕਿ ਉਨ੍ਹਾਂ ਨੂੰ 19 ਫਰਵਰੀ 2018 ਦੀ ਰਾਤ ਨੂੰ ਮੁੱਖ ਮੰਤਰੀ ਦੀ ਸਰਕਾਰੀ ਰਿਹਾਇਸ਼ ਵਿਖੇ ਕਥਿਤ ਕੁਟਾਪਾ ਚਾੜ੍ਹਿਆ ਗਿਆ ਸੀ। ਅਦਾਲਤ ਨੇ ਚਾਰਜਸ਼ੀਟ ਦੇਖਣ ਮਗਰੋਂ ਕਿਹਾ ਕਿ ਮੁਲਜ਼ਮਾਂ ਖ਼ਿਲਾਫ਼ ਲਾਏ ਦੋਸ਼ਾਂ ਨੂੰ ਸਾਬਤ ਕਰਨ ਲਈ ਲੋੜੀਂਦੇ ਤੱਥ ਮਾਮਲੇ ਰਿਪੋਰਟ ਵਿੱਚ ਸ਼ਾਮਲ ਹਨ। ਚਾਰਜਸ਼ੀਟ ਵਿੱਚ ਮੁੱਖ ਮੰਤਰੀ, ਉਪ ਮੁੱਖ ਮੰਤਰੀ, ਅਮਾਨਤਉੱਲ੍ਹਾ ਖ਼ਾਂ, ਪ੍ਰਕਾਸ਼ ਜਰਵਾਲ, ਨਿਤਿਨ ਤਿਆਗੀ, ਰਿਤੂਰਾਜ ਗੋਬਿੰਦ, ਸੰਜੀਵ ਝਾਅ, ਅਜੈ ਦੱਤ, ਰਾਜੇਸ਼ ਰਿਸ਼ੀ, ਰਾਜੇਸ਼ ਗੁਪਤਾ, ਮਦਨ ਲਾਲ, ਪ੍ਰਵੀਨ ਕੁਮਾਰ ਤੇ ਦਿਨੇਸ਼ ਮੋਹਨੀਆ ਸ਼ਾਮਲ ਹਨ। ਵਿਧਾਇਕਾਂ ਤੇ ਮੰਤਰੀਆਂ ਵੱਲੋਂ ਇਨ੍ਹਾਂ ਦੋਸ਼ਾਂ ਦਾ ਸਿਰੇ ਤੋਂ ਖੰਡਨ ਕੀਤਾ ਗਿਆ ਸੀ ਤੇ ਦਿੱਲੀ ਸਰਕਾਰ ਖ਼ਿਲਾਫ਼ ਕੇਂਦਰ ਸਰਕਾਰ ਦੇ ਇਸ਼ਾਰੇ 'ਤੇ ਕਥਿਤ ਵੱਡੀ ਸਾਜ਼ਿਸ਼ ਕਰਨ ਦਾ ਦੋਸ਼ ਲਾਇਆ ਗਿਆ ਸੀ।

'ਦੇਸ਼ ਦੁਆਬਾ'
'ਅੰਬੇਦਕਰ ਟਾਈਮਜ਼'
ਆਨਲਾਈਨ ਪੜ੍ਹਨ ਲਈ ਕਲਿੱਕ ਕਰੋ:
www.deshdoaba.com
www.ambedkartimes.com

# ਕਿੰਗਜ਼ ਸਪੋਰਟਸ ਕਲਚਰਲ ਕਲੱਬ ਸੈਕਰਾਮੈਂਟੋ ਵੱਲੋਂ ਛੇਵਾਂ ਵਿਸ਼ਵ ਕਬੱਡੀ ਕੱਪ 29 ਸਤੰਬਰ ਨੂੰ

**ਸੈਕਰਾਮੈਂਟੋ (ਦੇਸ਼ ਦੁਆਬਾ ਬਿਊਰੋ)–** ਕਿੰਗਜ਼ ਸਪੋਰਟਸ ਕਲਚਰਲ ਕਲੱਬ ਸੈਕਰਾਮੈਂਟੋ ਦੇ ਮੈਂਬਰਾਨ ਵੱਲੋਂ 18 ਅਗਸਤ ਨੂੰ ਐਲਕ ਗਰੋਵ 'ਚ ਇਕ ਵਿਸ਼ੇਸ਼ ਬੈਠਕ ਦੌਰਾਨ ਹਰ ਸਾਲ ਕਰਵਾਏ ਜਾਣ ਵਾਲੇ ਵਿਸ਼ਵ ਕਬੱਡੀ ਕੱਪ ਦਾ ਛੇਵਾਂ ਵਿਸ਼ਵ ਕਬੱਡੀ ਕੱਪ 29 ਸਤੰਬਰ 2018 ਦਿਨ ਸ਼ਨਿਚਰਵਾਰ ਨੂੰ ਦਸਮੇਸ਼ ਦਰਬਾਰ ਗੁਰਦੁਆਰਾ ਸਾਹਿਬ ਦੀਆਂ ਗਰਾਊਂਡਾਂ ਵਿਚ ਕਰਵਾਇਆ ਜਾਵੇਗ, ਜਿਸ ਦੀਆਂ ਤਿਆਰੀਆਂ ਸਬੰਧਤ ਖੂਬ ਅਰਥ ਭਰਪੂਰ ਵਿਚਾਰਾਂ ਹੋਈਆਂ। ਉਪਰੋਕਤ ਸਬੰਧਤ ਜਾਣਕਾਰੀ 'ਦੇਸ਼ ਦੁਆਬਾ' ਹਫਤਾਵਰੀ ਅਖਬਾਰ ਨਾਲ ਸਾਂਝੀ ਕਰਦਿਆਂ ਸ. ਸੀਤਲ ਸਿੰਘ ਨਿੱਜਰ ਨੇ ਦੱਸਿਆ ਕਿ ਛੇਵਾਂ ਵਿਸ਼ਵ ਕਬੱਡੀ ਕੱਪ ਟੂਰਨਾਮੈਂਟ 'ਚ ਵਿਸ਼ਵ ਪ੍ਰਸਿੱਧ ਕਬੱਡੀ ਖਿਡਾਰੀ ਪਹੁੰਚਣਗੇ ਤੇ ਖਿਡਾਰੀਆਂ ਵੱਲੋਂ ਖੇਡ ਪ੍ਰਦਰਸ਼ਨ ਦਰਸ਼ਕਾਂ ਦੀਆਂ ਆਸ਼ਾਵਾਂ ਨੂੰ ਭਾਉਣ ਵਾਲਾ ਹੋਵੇਗਾ। ਜਿਸ ਵਿਚ ਕਬੱਡੀ ਓਪਨ ਅਤੇ ਅੰਡਰ 25 ਦੇ ਮੈਚ ਹੋਣਗੇ। ਕਬੱਡੀ ਦੀਆਂ ਸਾਰੀਆਂ ਕਲੱਬ, ਫੈਡਰੇਸ਼ਨ ਅਤੇ ਆਰਗੇਨਾਈਜੇਸ਼ਨ ਨੂੰ ਪ੍ਰਬੰਧਕ ਕਮੇਟੀ ਵੱਲੋਂ ਖੁੱਲ੍ਹਾ ਸੱਦਾ ਹੈ। ਹੋਰ ਵਧੇਰੇ ਜਾਣਕਾਰੀ ਲਈ ਸ. ਸੀਤਲ ਸਿੰਘ ਨਿਜਰ ਨਾਲ 916-417-8897 ਤੇ ਸੰਪਰਕ ਕੀਤਾ ਜਾ ਸਕਦਾ ਹੈ।




# ਪ੍ਰਭ ਆਸਰਾ ਲਈ ਫਰਿਜ਼ਨੋ ਵਿਖੇ ਫੰਡ ਇਕੱਤਰ!

**ਫਰਿਜ਼ਨੋ (ਕੈਲੇਫੋਰਨੀਆਂ) ਨੀਟਾ ਮਾਛੀਕੇ /ਕੁਲਵੰਤ ਧਾਲੀਆਂ–** ਦੀਨ -ਦੁਖੀ, ਮੱਦਬੁੱਧੀ ਬੱਚਿਆਂ ਅਤੇ ਬੇਸਹਾਰਾ ਬਜ਼ੁਰਗਾਂ ਦੀ ਸੇਵਾ ਸੰਭਾਲ਼ ਲਈ ਇਨਸਾਨੀਅਤ ਨੂੰ ਸਮਰਪਿਤ ਸੰਸਥਾ ਪ੍ਰਭ-ਆਸਰਾ ਲਈ ਲੰਘੇ ਸਨਿੱਚਰਵਾਰ ਫਰਿਜ਼ਨੋ ਦੇ ਲਾਗਲੇ ਸ਼ਹਿਰ ਕਿੰਗਜ਼ਬਰਗ ਵਿਖੇ ਉੱਘੇ ਸਮਾਜ ਸੇਵੀ ਸ. ਰਣਜੀਤ ਸਿੰਘ ਨਾਗਰਾ ਤੇ ਨਵਦੀਪ ਕੌਰ ਨਾਗਰਾ ਦੇ ਗ੍ਰਹਿ ਵਿਖੇ ਇੱਕ ਫੰਡ ਰੇਜ਼ ਪ੍ਰੋਗਰਾਮ ਰੱਖਿਆ ਗਿਆ। ਇਸ ਮੌਕੇ ਫਰਿਜ਼ਨੋ ਇਲਾਕੇ ਦੀਆਂ ਉੱਘੀਆ ਸ਼ਖ਼ਸੀਅਤਾਂ ਨੇ ਇਸ ਸਮਾਗਮ ਵਿੱਚ ਸ਼ਿਰਕਤ ਕਰਕੇ ਆਪਣਾ ਦਸਵੰਧ ਕੱਢਿਆ ਤੇ ਫੰਡ ਰੇਜ਼ਰ ਪ੍ਰੋਗਰਾਮ ਨੂੰ ਕਾਮਯਾਬ ਬਣਾਇਆ। ਇਸ ਮੌਕੇ ਸਟੇਜ ਸੰਚਾਲਨ ਕਬੱਡੀ ਪ੍ਰਮੋਟਰ ਸੁਰਿੰਦਰ ਸਿੰਘ ਨਿੱਝਰ ਨੇ ਕੀਤਾ। ਪ੍ਰਭ ਆਸਰਾ ਸੰਸਥਾ ਦੇ ਮੋਢੀ ਸ. ਸ਼ਮਸ਼ੇਰ ਸਿੰਘ ਨੇ ਸੰਸਥਾ ਦੇ ਕੰਮਾਂ ਕਾਰਾ ਤੇ ਝਲਕ ਪਵਾਉਣ ਲਈ ਇੱਕ ਇੱਕ ਸਲਾਈਡ ਸ਼ੋਅ ਵੀ ਵਿਖਾਇਆ। ਜਿਸ ਨੂੰ ਵੇਖਕੇ ਪਤਾ ਲੱਗਿਆ ਕਿ ਕਿਵੇਂ ਲੋਕ ਅਣਚਾਹੇ ਨਵੇਂ ਬੱਚਿਆਂ ਨੂੰ ਪ੍ਰਭ ਆਸਰਾ ਆਸ਼ਰਮਾਂ ਵਿੱਚ ਛੱਡ ਜਾਂਦੇ ਨੇ 'ਤੇ ਕਈ ਰੱਜਦੇ ਪੁੱਜਦੇ ਪਰਿਵਾਰ ਵੀ ਆਪਣੇ ਬਜ਼ੁਰਗਾਂ ਨੂੰ ਸੜਕਾਂ ਤੇ ਰੁਲਣ ਲਈ ਛੱਡ ਕਿਨਾਰਾ ਕਰ ਜਾਂਦੇ ਨੇ 'ਤੇ ਪ੍ਰਭ ਆਸਰਾ ਹੀ ਇਹਨਾ ਦੇ ਲਈ ਕੇਵਲ ਇੱਕੋ ਇੱਕ ਸਹਾਰਾ ਬਣਦਾ ਹੈ। ਇਸ ਮੌਕੇ ਉਹਨਾਂ ਦੱਸਿਆ ਕਿ ਸਰਕਾਰ ਵੱਲੋਂ ਸਾਨੂੰ ਨਾਂ ਹੀ ਕੋਈ ਡਾਕਟਰ ਮੁਹੱਈਆ ਕਰਵਾਇਆ ਗਿਆ ਹੈ ਅਤੇ ਨਾਂ ਹੀ ਕੋਈ ਹੋਰ ਖ਼ਾਸ ਸਹੂਲਤ ਦਿੱਤੀ ਗਈ ਹੈ। ਸੰਸਥਾ ਦਾ ਤਕਰੀਬਨ ਹਰ ਰੋਜ ਦਾ ਸਵਾ ਲੱਖ ਰੁਪੱਈਆ ਖਰਚ ਹੈ, ਜੋ ਤੁਹਾਡੇ ਵਰਗੇ ਦਾਨੀ ਸੱਜਣਾਂ ਦੇ ਸਹਿਯੋਗ ਨਾਲ ਹੀ ਚੱਲ ਰਿਹਾ ਹੈ। ਅਖੀਰ ਉਹਨਾਂ ਸਮੂਹ ਦਾਨੀ ਸੱਜਣਾਂ ਤੇ ਨਾਗਰਾ ਪਰਿਵਾਰ ਦਾ ਫੰਡ ਰੇਜਰ ਰੱਖਣ ਲਈ ਧੰਨਵਾਦ ਕੀਤਾ ਤੇ ਧਾਰਮਿਕ ਜਥੇਬੰਦੀਆਂ ਨੂੰ ਗੁਰਬਾਣੀ ਦੀ ਰੌਸ਼ਨੀ ਵਿੱਚ ਗੁਰੂ ਸਹਿਬ ਦੇ ਸਿਧਾਂਤ ਤੇ ਪਹਿਰਾ ਦਿੰਦੇ ਹੋਏ ਇਨਸਾਨੀਅਤ ਦੀ ਸੇਵਾ ਲਈ ਮੱਦਦ ਦੀ ਅਪੀਲ ਕੀਤੀ। ਉਹਨਾ ਆਏ ਸਮੂਹ ਸੱਜਣਾਂ ਨੂੰ ਆਪਣੀ ਪੰਜਾਬ ਫੇਰੀ ਦੌਰਾਨ ਪ੍ਰਭ-ਆਸਰਾ ਆਸ਼ਰਮ ਵਿੱਚ ਆਉਣ ਦੀ ਵੀ ਬੇਨਤੀ ਕੀਤੀ।



# ਸੰਨਮੇਡ ਕੰਪਨੀ ਦੇ ਵਰਕਰਾਂ ਦੀ ਹੜਤਾਲ ਲਗਾਤਾਰ ਜਾਰੀ

**ਫਰਿਜ਼ਨੋ, ਕੈਲੀਫੋਰਨੀਆਂ (ਨੀਟਾ ਮਾਛੀਕੇ/ ਕੁਲਵੰਤ ਧਾਲੀਆਂ):** ਫਰਿਜ਼ਨੋ ਨਜਦੀਕੀ ਸ਼ਹਿਰ ਕਿੰਗਜਬਰਗ ਵਿਖੇ ਸਥਿਤ ਸੌਗੀ ਅਤੇ ਹੋਰ ਸੁੱਕੇ ਮੇਵਿਆਂ ਦੀ ਕੰਪਨੀ ਸੰਨਮੇਡ ਹੈ। ਜਿਸ ਦੁਆਰਾ ਸੌਗੀ ਨੂੰ ਦੁਨੀਆ ਭਰ ਵਿੱਚ ਵੇਚਿਆ ਜਾਂਦਾ ਹੈ। ਇਸ ਕੰਪਨੀ ਦੇ ਸਾਰੇ ਵਰਕਰਾਂ ਨੇ ਆਪਣੇ ਹੱਕਾਂ ਅਤੇ ਵੱਧ ਰਹੀ ਮਹਿੰਗਾਈ ਨੂੰ ਮੁੱਖ ਰੱਖਦੇ ਹੋਏ ਹੜਤਾਲ ਕੀਤੀ ਹੈ। ਉਨ੍ਹਾਂ ਦੀ ਯੂਨੀਅਨ ਦੇ ਬੁਲਾਰੇ ਅਨੁਸਾਰ ਮਹਿੰਗਾਈ ਵਧਣ ਨਾਲ ਉਨ੍ਹਾਂ ਦੀ ਆਮਦਨ ਅਤੇ ਭੱਤਿਆਂ ਵਿੱਚ ਕਟੌਤੀ ਜਿਆਦਾ ਵਧੀ ਹੈ, ਇੰਨਸੋਰੈਸ ਦੀ ਤਨਖ਼ਾਹ ਵਿੱਚੋ ਕਟੌਤੀ ਅਤੇ ਡਾਕਟਰ ਦੇ ਜਾਣ ਸਮੇਂ ਡੈਕਟੇਬਿਲ ਵੀ ਵਧਿਆ ਹੈ। ਪਰ ਇਸ ਦੇ ਉਲਟ ਕਰਮਚਾਰੀਆ ਦੀ ਤਨਖ਼ਾਹ ਉਸੇ ਤਰ੍ਹਾਂ ਘੱਟ ਹੈ। ਜਿਸ ਨਾਲ ਅੱਜ ਦੇ ਸਮੇਂ ਵਿੱਚ ਜੀਵਨ ਨਿਰਵਾਹ ਵਿੱਚ ਭਾਰੀ ਮੁਸ਼ਕਲਾਂ ਆ ਰਹੀਆਂ ਹਨ। ਇਸ ਕਰਕੇ ਅਸੀਂ ਆਪਣੇ ਹੱਕਾਂ ਲਈ ਲੜ ਰਹੇ ਹਾਂ। ਉਨ੍ਹਾਂ ਦਾ ਕਹਿਣਾ ਕਿ ਆਪਾਂ ਸਭ ਨੂੰ ਪਤਾ ਹੈ ਸਰਮਾਏਦਾਰ ਹਮੇਸ਼ਾਂ ਮਜਦੂਰਾਂ ਨਾਲ ਧੱਕਾ ਕਰਦੇ ਆ ਰਹੇ ਹਨ। ਇਸ ਕੰਪਨੀ ਵਿੱਚ ਜਿੱਥੇ ਹੋਰ ਕਮਿਊਨਟੀ ਦੇ ਲੋਕ ਕੰਮ ਕਰਦੇ ਹਨ, ਉੱਥੇ ਆਪਣੇ ਪੰਜਾਬੀ ਵੀ ਬਹੁਤ ਗਿਣਤੇ ਵਿਚ ਕੰਮ ਕਰਦੇ ਹਨ। ਸੋ ਇੰਨਾ ਕਰਮਚਾਰੀਆਂ ਦਾ ਸੰਨਮੇਡ ਕੰਪਨੀ ਦੇ ਪ੍ਰਬੰਧਕਾਂ ਨਾਲ ਕਿਸੇ ਤਰ੍ਹਾਂ ਦਾ ਸਮਝੌਤਾ ਨਾ ਹੋਣ ਕਰਕੇ ਇਹ ਹੜਤਾਲ਼ ਲਗਾਤਾਰ ਦੂਜੇ ਹਫ਼ਤੇ ਜਾਰੀ ਹੈ।



# ਅਕਾਲੀ ਦਲ ਨੇ ਪੀੜਤਾਂ ਦੇ ਜ਼ਖ਼ਮਾਂ 'ਤੇ ਲੂਣ ਭੁੱਕਿਆ: ਜਾਖੜ

## ਬੇਅਦਬੀ ਕਾਂਡ ਦੇ ਕੇਂਦਰ ਬਿੰਦੂ ਰਹੇ ਜ਼ਿਲ੍ਹੇ ਵਿਚ ਕੀਤੀ ਰੈਲੀ ਸੁਖਬੀਰ ਨੂੰ ਮਹਿੰਗੀ ਪੈਣ ਦਾ ਦਾਅਵਾ

**ਪਾਲ ਸਿੰਘ ਨੌਲੀ**

**ਜਲੰਧਰ–** ਪੰਜਾਬ ਪ੍ਰਦੇਸ਼ ਕਾਂਗਰਸ ਕਮੇਟੀ ਦੇ ਪ੍ਰਧਾਨ ਅਤੇ ਲੋਕ ਸਭਾ ਮੈਂਬਰ ਸੁਨੀਲ ਜਾਖੜ ਨੇ ਸ਼੍ਰੋਮਣੀ ਅਕਾਲੀ ਦਲ ਵੱਲੋਂ ਫਰੀਦਕੋਟ ਵਿਚ ਕੀਤੀ ਗਈ ਰੈਲੀ 'ਤੇ ਤਿੱਖੀ ਟਿੱਪਣੀ ਕਰਦਿਆਂ ਕਿਹਾ ਕਿ ਸੁਖਬੀਰ ਬਾਦਲ ਦੀ ਅਗਵਾਈ ਹੇਠਲਾ ਅਕਾਲੀ ਦਲ ਤਿੰਨ ਸਾਲ ਬਾਅਦ ਉਸੇ ਜ਼ਿਲ੍ਹੇ ਵਿਚ ਜਸ਼ਨ ਮਨਾ ਰਿਹਾ ਹੈ, ਜਿੱਥੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬੇਅਦਬੀ ਕੀਤੀ ਗਈ ਸੀ ਤੇ ਅਕਾਲੀ ਸਰਕਾਰ ਨੇ ਸ਼ਾਂਤਮਈ ਢੰਗ ਨਾਲ ਵਿਰੋਧ ਪ੍ਰਗਟਾ ਰਹੀਆਂ ਸੰਗਤਾਂ 'ਤੇ ਗੋਲੀਆਂ ਚਲਾਈਆਂ ਸਨ। ਉਹਨਾਂ ਕਿਹਾ ਕਿ ਫਰੀਦਕੋਟ ਵਿਚ ਰੈਲੀ ਕਰਕੇ ਸੁਖਬੀਰ ਬਾਦਲ ਨੇ ਆਪਣੇ ਹੰਕਾਰ ਦਾ ਪ੍ਰਗਟਾਵਾ ਕੀਤਾ ਕਿ ਉਸ ਨੂੰ ਪੀੜਤ ਪਰਿਵਾਰ ਜਾਂ ਪੰਥ ਨਾਲ ਕੋਈ ਲਾਗਾ ਦੇਗਾ ਨਹੀਂ ਹੈ।

ਸ੍ਰੀ ਜਾਖੜ ਇੱਥੇ ਪੱਤਰਕਾਰਾਂ ਨੂੰ ਸੰਬੋਧਿਤ ਕਰ ਰਹੇ ਸਨ। ਉਹਨਾਂ ਕਿਹਾ ਕਿ ਰੈਲੀ ਇਹੀ ਸਿੱਧ ਕਰਨ ਲਈ ਕੀਤੀ ਗਈ ਹੈ ਕਿ ਤਿੰਨ ਸਾਲ ਪਹਿਲਾਂ ਉਸ ਦੀ ਸਰਕਾਰ ਵੱਲੋਂ ਗੋਲੀ ਚਲਾਉਣ ਦੇ ਜਿਹੜੇ ਹੁਕਮ ਦਿੱਤੇ ਸਨ, ਉਹ ਠੀਕ ਸਨ ਅਤੇ ਉਹ ਅੱਜ ਵੀ ਇਸ ਲਈ ਮੁਆਫ਼ੀ ਮੰਗਣ ਲਈ ਤਿਆਰ ਨਹੀਂ ਹਨ।

ਉਹਨਾਂ ਦਾਅਵਾ ਕੀਤਾ ਕਿ ਫਰੀਦਕੋਟ ਦੀ ਰੈਲੀ ਸੁਖਬੀਰ ਬਾਦਲ ਦੀ ਅਗਵਾਈ ਵਾਲੇ ਮਾਡਰਨ ਅਕਾਲੀ ਦਲ ਦੇ ਕਫ਼ਨ ਵਿਚ ਆਖਰੀ ਕਿੱਲ ਸਾਬਤ ਹੋਵੇਗੀ। ਉਹਨਾਂ ਇੱਥੋਂ ਤੱਕ ਕਿਹਾ ਕਿ ਅਕਾਲੀ ਦਲ ਹੀ ਬਹਿਬਲ ਕਲਾਂ ਅਤੇ ਬਰਗਾੜੀ ਵਿਚ ਵਾਪਰੀਆਂ ਘਟਨਾਵਾਂ ਲਈ ਜ਼ਿੰਮੇਵਾਰ ਹੈ। ਉਹਨਾਂ ਇਸ ਰੈਲੀ ਨੂੰ ਪੀੜਤ ਪਰਿਵਾਰਾਂ ਦੇ ਜ਼ਖ਼ਮਾਂ 'ਤ ਲੂਣ ਛਿੜਕਣ ਦੇ ਤੁੱਲ ਦੱਸਿਆ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਮੰਨਣ ਵਾਲੇ ਇਨਸਾਫ ਮੰਗ ਰਹੇ ਹਨ ਅਤੇ ਡੇਰਾ ਮੁਖੀ ਨੂੰ ਖੁਸ਼ ਕਰਨ ਲਈ ਜਸ਼ਨ ਮਨਾ ਰਿਹਾ ਹੈ। ਸ੍ਰੀ ਜਾਖੜ ਨੇ ਕਿਹਾ ਕਿ ਲੋਕਾਂ ਦਾ ਸੁਖਬੀਰ ਬਾਦਲ ਪ੍ਰਤੀ ਜਿਹੜਾ ਗੁੱਸਾ ਹੈ, ਉਹ ਹੁਣ ਭਾਰੀ ਨਫ਼ਰਤ ਵਿਚ ਬਦਲ ਗਿਆ ਹੈ।

ਸੁਖਬੀਰ ਨੂੰ ਲੋਕਾਂ ਦੇ ਅਜਿਹੇ ਗੁੱਸੇ ਤੋਂ ਬਚਾਉਣ ਲਈ ਹੀ ਸਰਕਾਰ ਨੇ ਰੈਲੀ ਲਈ ਪ੍ਰਵਾਨਗੀ ਦੇਣ ਤੋਂ ਇਨਕਾਰ ਕੀਤਾ ਗਿਆ ਸੀ। ਸੁਖਬੀਰ ਬਾਦਲ ਅੱਜ ਤੱਕ ਵੀ ਨਹੀਂ ਦੱਸ ਸਕੇ ਹਨ ਕਿ ਗੋਲੀ ਚਲਾਉਣ ਦੇ ਹੁਕਮ ਕਿਸਨੇ ਦਿੱਤੇ ਸਨ ਅਤੇ ਬੇਅਦਬੀ ਦੀਆਂ ਘਟਨਾਵਾਂ ਲਈ ਕੌਣ ਦੋਸ਼ੀ ਸੀ? ਇਕ ਹੋਰ ਸਵਾਲ ਦੇ ਜਵਾਬ ਵਿਚ ਸ੍ਰੀ ਜਾਖੜ ਨੇ ਕਿਹਾ ਕਿ ਲੋਕ ਚਾਹੁੰਦੇ ਹਨ ਕਿ ਪੈਟਰੋਲ ਦੇ ਭਾਅ ਸੈਂਕੜੇ ਤੋਂ ਪਾਰ ਨਾ ਕਰ ਜਾਣ ਤਾਂ ਇਸ ਲਈ ਅਗਲੀਆਂ ਆਮ ਚੋਣਾਂ ਵਿਚ ਨਰਿੰਦਰ ਮੋਦੀ ਨੂੰ ਪ੍ਰਧਾਨ ਮੰਤਰੀ ਦੀ ਕੁਰਸੀ ਤੋਂ ਲਾਹੁਣਾ ਹੋਵੇਗਾ। ਉਹਨਾਂ ਕਿਹਾ ਕਿ ਪ੍ਰਧਾਨ ਮੰਤਰੀ ਦਾ ਪਿਛੋਕੜ ਚਾਹੇ ਜੋ ਮਰਜ਼ੀ ਰਿਹਾ ਹੋਵੇ ਪਰ ਅੱਜਕਲ੍ਹ ਉਹਨਾਂ ਦਾ ਦਿਲ ਪੂੰਜੀਪਤੀਆਂ ਲਈ ਧੜਕਦਾ ਹੈ। ਉਹਨਾਂ ਕਿਹਾ ਕਿ ਪ੍ਰਧਾਨ ਮੰਤਰੀ ਆਮ ਆਦਮੀ ਦੇ ਹਿੱਤ ਦਾਅ 'ਤੇ ਲਾ ਕੇ ਪੂੰਜੀਪਤੀਆਂ ਦੇ ਹਿੱਤ ਸਾਧਣ ਲਈ ਲੱਗੇ ਹੋਏ ਹਨ।



JAI BHEEM JAI BHARAT
ADVOCATE
Ambedkarite Legal Forum
JALANDHAR
Cordially invites you to participate in the SEMINAR
being organized on
POONA PACT – 1932
& IT'S IMPACT ON THE CURRENT SCENARIO
VANUE : CPI HALL, Backside Desh Bhagat Yadgar Hall, Jalandhar
ON 24TH SEPTEMBER 2018 (MONDAY) AT 04.00 PM SHARP


Esteemed Speakers
Adv. Mohan Lal Phillauria & Adv. H.D. Sampla
ORGANISING COMMITTEE
Ambedkarite Legal Forum, New Courts, Jalandhar
: 98722-32311, 97802-03635, 84242-57249, 94176-94599, 987626257

# ਨੌਰਥ ਕੇਰੋਲੀਨਾ ਇਲਾਕੇ ਚ ਫਲੋਰੈਂਸ ਤੁਫਾਨ ਦੀ ਤਬਾਹੀ ਕਾਰਨ ਹੁਣ ਤਕ ਮੌਤਾਂ ਦੀ ਗਿਣਤੀ 31 ਹੋ ਗਈ, ਲੱਖਾਂ ਲੋਕਾਂ ਹੋਏ ਬੇਘਰ





**ਨਿਊ ਬਾਰਨ, ਨੌਰਥ ਕੇਰੋਲਿਨਾ (ਹਸੁਨ ਲੜੋ ਬੰਗਾ)–** ਫਲੋਰੈਂਸ ਤੁਫਾਨ ਦੀ ਦੀ ਤਬਾਹੀ ਕਾਰਣ ਹੁਣ ਤੁਕ ਮੌਤਾਂ ਦੀ ਗਿਣਤੀ 31 ਹੋ ਗਈ ਹੈ, ਤੇ ਲੱਖਾਂ ਲੋਕ ਬੇਘਰ ਕਰ ਦਿੱਤੇ ਤੇ ਕਈ ਇਲਾਕੇ ਸੂਬੇ ਦੇ ਬਾਕੀ ਹਿੱਸਿਆਂ ਨਾਲੋਂ ਕੱਟੇ ਗਏ ਇਸ ਤਬਾਹੀ ਨਾਲ ਦੋ ਚਾਰ ਹੋਣ ਲਈ ਮਰੀਨ, ਕੋਸਟ ਗਾਰਡ, ਨਾਗਰਿਕ ਕਰਮਚਾਰੀ ਅਤੇ ਵਾਲੰਟੀਅਰਾਂ ਨੇ ਦਿਨ ਰਾਤ ਇੱਕ ਕੀਤੀ ਹੋਈ ਹੇ। ਫਲੋਰੈਂਸ ਦੇ ਹਮਲੇ ਵਿਚ ਫਸੇ ਸੈਂਕੜੇ ਲੋਕਾਂ ਨੂੰ ਬਚਾਉਣ ਲਈ ਸ਼ਨੀਵਾਰ ਨੂੰ ਹੈਲੀਕਾਪਟਰ, ਕਿਸ਼ਤੀਆਂ ਅਤੇ ਹੈਵੀ ਡਿਊਟੀ ਵਾਹਨਾਂ ਦੀ ਵਰਤੋਂ ਕੀਤੀ। 90 ਮੀਲ ਪ੍ਰਤਿ ਘੰਟਾ (145 ਕਿਲੋਮੀਟਰ) ਹਵਾ ਵਾਲੇ ਤੁਫਾਨ ਫਲੋਰੈਂਸ ਨੇ ਪੂਰੇ ਦਿਨ ਤੋਂ ਜ਼ਮੀਨ ਉੱਤੇ ਅਪਣਾ ਕਿਹਰ ਜਾਰੀ ਰੱਖਿਆ ਤੇ ਧਰਤੀ ਪਾਣੀ ਚ ਡੁੱਬ ਗਈ। ਨਦੀਆਂ ਦੇ ਰਿਕਾਰਡ ਪੱਧਰ ਵੱਲ ਵਧਣ ਕਾਰਣ, ਹਜ਼ਾਰਾਂ ਲੋਕਾਂ ਨੂੰ ਡਰ ਹੈ ਕਿ ਅਗਲੇ ਕੁਝ ਦਿਨ ਉੱਤਰੀ ਕੈਰੋਲੀਨਾ ਚ ਇਤਿਹਾਸਕ ਹੜ੍ਹ ਆ ਸਕਦਾ ਹੈ ਜੋ ਸਭ ਤੋਂ ਵੱਧ ਤਬਾਹਕੁੰਨ ਹੋ ਸਕਦਾ ਹੈ। ਕਈ ਸਥਾਨਾਂ ਵਿੱਚ 2 ਤੋਂ ਵੱਧ ਫੁੱਟ (60 ਸੈਂਟੀਮੀਟਰ) ਬਾਰਿਸ਼ ਪਈ ਹੈ, ਅਤੇ ਅਨੁਮਾਨ ਲਗਾਇਆ ਗਿਆ ਹੈ ਇਹ ਹੋਰ ਡੇਢ ਫੁੱਟ (45 ਸੈਟੀਮੀਟਰ) ਹੋ ਸਕਦਾ ਹੈ। ਤੱਟ ਦੇ ਨਾਲ ਲੱਗਦੇ ਇਸ ਦੇ ਸ਼ੁਰੂਆਤੀ ਹਮਲੇ ਵਿੱਚ, ਫਲੋਰੈਂਸ ਨੇ ਇਮਾਰਤਾਂ ਨੂੰ ਨੁਕਸਾਨ ਪਹੁੰਚਾਇਆ, ਅਤੇ 9 00,000 ਤੋਂ ਵੱਧ ਘਰਾਂ ਅਤੇ ਕਾਰੋਬਾਰਾਂ ਦੀ ਬਿਜਲੀ ਗੁੱਲ ਕਰ ਦਿੱਤੀ , ਖਦਸ਼ਾ ਹੈ ਤੂਫਾਨ ਡੈਮ, ਸੜਕਾਂ ਅਤੇ ਪੂਲਾਂ ਨੂੰ ਨੁਕਸਾਨ ਪਹੁੰਚਾ ਸਕਦਾ ਹੈ। ਉਚ ਅਧਿਕਾਰੀਆਂ ਨੇ ਕੇਪ ਫਾਈਰ ਦਰਿਆ ਅਤੇ ਲਿਟਲ ਰਿਵਰ ਦੇ ਇਕ ਮੀਲ (1.6 ਕਿਲੋਮੀਟਰ) ਦੇ ਅੰਦਰ ਰਹਿਣ ਵਾਲੇ 7,500 ਲੋਕਾਂ ਨੂੰ ਫੌਰੀ ਤੌਰ ਤੇ ਬਾਹਰ ਕੱਢਣ ਦਾ ਹੁਕਮ ਦਿੱਤਾ ਹੈ, ਜੋ ਕਿ ਤੱਟ ਤੋਂ 100 ਮੀਲ (160 ਕਿਲੋਮੀਟਰ) ਹੈ. ਨਿਕਾਸੀ ਖੇਤਰ ਵਿਚ ਫਾਏਟਵਿਲੇ ਸ਼ਹਿਰ ਦਾ ਹਿੱਸਾ ਸ਼ਾਮਲ ਹੈ, ਜਿਸਦੀ 200,000 ਦੀ ਅਬਾਦੀ ਹੈ। ਇਸੇ ਤਰਾਂ ਹਰਨੇਟ ਕਾਉਂਟੀ ਦੇ ਅਧਿਕਾਰੀਆਂ ਨੇ ਨਿਵਾਸੀਆਂ ਨੂੰ 1,100 ਘਰਾਂ ਚੋਂ ਬਾਹਰ ਕੱਢਣ ਦੀ ਬੇਨਤੀ ਕੀਤੀ ਕਿਉਂਕਿ ਲਿਟਲ ਰਿਵਰ ਦਾ ਰਿਕਾਰਡ ਪੱਧਰ ਦੇ ਵੱਲ ਵਧ ਰਿਹਾ ਸੀ। (26–ਕਿਲੋਮੀਟਰ) ਦੀ ਇੰਟਰਸਟੇਟ 95 ਨੂੰ ਬੰਦ ਕੀਤਾ ਗਿਆ। ਨਿਊ ਬਰਨ ਵਿੱਚ, ਤੱਟ ਦੇ ਨਾਲ, ਘਰਾਂ ਨੂੰ ਪੂਰੀ ਤਰਾਂ ਪਾਣੀ ਨੇ ਘੇਰਿਆ ਹੋਇਆ ਸੀ ਅਤੇ ਲੋਕਾਂ ਨੂੰ ਬਚਾਉਣ ਲਈ ਬੇੜੀਆਂ ਵਰਤੀਆਂ ਗਈਆਂ । ਨਿਊ ਬਰਨ ਦੇ ਬੁਲਾਰੇ ਕੋਲੀਨ ਰੌਬਰਟਸ ਨੇ ਕਿਹਾ ਕਿ ਤਬਾਹੀ ਦੇ ਕਾਰਨ ਹਜ਼ਾਰਾਂ ਇਮਾਰਤਾਂ ਨੂੰ ਨੁਕਸਾਨ ਪਹੁੰਚਿਆ ਹੈ। ਤੱਟ ਦੇ ਤਾਇਨਾਤ ਕੋਸਟ ਗਾਰਡ ਦੇ ਮੈਂਬਰਾਂ ਨੇ ਕਿਹਾ ਕਿ ਹੈਲੀਕਾਪਟਰਾਂ ਨੇ ਨਿਊ ਬਰਨ ਅਤੇ ਜੈਕਸਨਵਿਲ ਵਿਚ ਦੁਪਹਿਰ ਤੱਕ ਲਗਭਗ 50 ਥਾਵਾਂ ਤੋਂ ਲੋਕ ਬਚਾਏ। ਮਰੀਨ ਨੇ ਕੈਂਪ ਲੇਜਿਓਨ ਨੇੜੇ ਪਾਣੀ ਤੁਫਾਨ ਤੋਂ ਲਗਭਗ 20 ਨਾਗਰਿਕਾਂ ਨੂੰ ਬਚਾਇਆ। ਹੁਣ ਤਕ ਤੁਫਾਨ ਕਾਰਨ ਮਾਰੇ ਗਏ 11 ਮ੍ਰਿਤਕਾਂ ਵਿਚ ਇੱਕ ਮਾਂ ਤੇ ਉਸਦਾ ਬੱਚਾ ਵੀ ਸ਼ਾਮਿਲ ਹੈ ਇਹ ਘਟਨਾ ਓਦੋਂ ਵਾਪਰੀ ਜਦੋਂ ਉੱਤਰੀ ਵਿਲਮਿੰਗਟਨ ਵਿੱਚ ਇੱਕ ਘਰ ਉਤੇ ਇੱਕ ਰੁੱਖ ਡਿੱਗ ਪਿਆ।

# ਸਿਆਟਲ ਵਿਰਾਸਤ ਮੇਲਾ 22 ਸਤੰਬਰ ਨੂੰ, ਤਿਆਰੀਆਂ ਮੁਕੰਮਲ

**ਸਿਆਟਲ (ਗੁਰਚਰਨ ਸਿੰਘ ਢਿੱਲੋਂ)–** ਪੰਜਾਬੀ ਭਾਈਚਾਰੇ ਦੇ ਸਹਿਯੋਗ ਨਾਲ ਨਵੀਂ ਪੀੜ੍ਹੀ ਦੇ ਬੱਚਿਆਂ ਨੂੰ ਪੰਜਾਬੀ ਵਿਰਸੇ ਤੇ ਸਭਿਆਚਾਰ ਨਾਲ ਜੋੜਨ ਦੇ ਮੰਤਵ ਲਈ 22 ਸਤੰਬਰ ਦਿਨ ਸ਼ਨਿਚਰਵਾਰ ਸ਼ਾਮ 7 ਤੋਂ 10 ਵਜੇ ਤੱਕ ਐਬਰਨ ਹਾਈ ਸਕੂਲ ਦੇ ਪਰਫਾਰਮਿੰਗ ਆਰਟ ਸੈਂਟਰ ਵਿਖੇ ਕਰਵਾਇਆ ਜਾ ਰਿਹਾ ਹੈ, ਜਿਸ ਵਾਸਤੇ ਕੋਈ ਟਿਕਟ ਨਹੀਂ ਸਗੋਂ ਕੰਪਲੀਮੈਂਟਰੀ ਸੀਟਾਂ ਤੇ ਬੈਠਣ ਲਈ ਗੇਟ ਜਾਂ ਅਗਾਊਂ ਦਿੱਤੇ ਜਾਣਗੇ।

6 ਤੋਂ 7 ਵਜੇ ਤੱਕ ਦਰਸ਼ਕਾਂ ਨੂੰ ਦਸਤਾਰਾਂ ਤੇ ਦੁਪੱਟੇ ਸਜਾ ਕੇ ਪਹੁੰਚਣ ਵਾਸਤੇ ਅਪੀਲ ਕੀਤੀ ਗਈ ਹੈ। ਇਸ ਮੌਕੇ ਏ. ਬੀ. ਸੀ. ਡਾਂਸ ਗਰੁੱਪ ਵੱਲੋਂ ਹਰਮੀਤ ਧਾਲੀਵਾਲ, ਅਰਜਨ ਸਹੋਤਾ ਦੀ ਅਗਵਾਈ ਹੇਠ ਭੰਗੜਾ, ਜਤਿੰਦਰ ਸਿੰਘ ਸ਼ਾਨ–ਏ–ਪੰਜਾਬ ਬੀ. ਸੀ. ਵੱਲੋਂ ਗਿੱਧਾ, ਗੁਰਦੀਪ ਭੁੱਲਰ ਅਕੈਡਮੀ ਬੀ. ਸੀ. ਵੱਲੋਂ ਦੋਗਾਣੇ, ਸਕਿੱਟ ਤੋਂ ਇਲਾਵਾ ਗੀਤ–ਸੰਗੀਤ, ਕਵੀਸ਼ਰੀ, ਲਾਈਵ



ਪਰਫਾਰਮ ਸਮੇਤ ਮਨ ਪਰਚਾਵੇ ਲਈ ਵੱਖ–ਵੱਖ ਤਰ੍ਹਾਂ ਦੀਆਂ ਵੰਨਗੀਆਂ ਪੇਸ਼ ਕੀਤੀਆਂ ਜਾਣਗੀਆਂ ਅਤੇ ਸਟੇਜ ਦਾ ਸੰਚਾਲਨ ਆਸ਼ਾ ਸ਼ਰਮਾ ਜੀ ਕਰਨਗੇ। ਇਸ ਸਮਾਗਮ ਵਿਚ ਨੌਜਵਾਨਾਂ ਨੂੰ ਪੰਜਾਬੀ ਵਿਰਸੇ ਨਾਲ ਜੋੜਨ ਤੇ ਆਪਣੇ ਸਭਿਆਚਾਰ ਵਿਚ ਰਹਿਣ ਲਈ ਪੰਜਾਬੀ ਨਵ: ਜੋੜੇ ਸਨਮਾਨਿਤ ਕੀਤੇ ਜਾਣਗੇ। ਸਰਦਾਰ ਪੰਜਾਬੀ ਤੇ ਮਿਸ ਪੰਜਾਬਣ 18 ਸਾਲ ਤੋਂ ਥੱਲੇ ਤੇ 18 ਤੋਂ ਉਪਰ ਉਮਰ ਦੇ ਵਰਗ ਲਈ ਮੁਕਾਬਲਾ ਹੋਵੇਗਾ। ਯੂ. ਐਸ. ਏ. ਟਰੈਵਲ ਵੱਲੋਂ ਇੰਡੀਆ ਦੀ ਮੁਫਤ ਟਿਕਟ ਦੀ ਲਾਟਰ ਕੱਢੀ ਜਾ ਰਹੀ ਹੈ।

ਸ਼ਰਾਬ ਪੀ ਕੇ ਆਉਣ ਦੀ ਸਕੂਲ ਦੇ ਦਾਇਰੇ ਵਿਚ ਸਖਤ ਮਨਾਹੀ ਹੋਵੇਗੀ। 7 ਵਜੇ ਤੋਂ ਬਾਅਦ ਕੰਪਲੀਮੈਂਟਰੀ ਪਾਸ ਵਾਲਿਆਂ ਲਈ ਸੀਟ ਦੀ ਜ਼ਿੰਮੇਵਾਰੀ ਨਹੀਂ ਹੋਵੇਗੀ। ਸਿਆਟਲ ਦੇ ਨੌਜਵਾਨ ਤੇ ਸਪਾਂਸਰ ਸਿਆਟਲ ਵਿਰਾਸਤ ਮੇਲੇ ਦੀ ਅਗਵਾਈ ਕਰਨਗੇ।




# ਯੂਨਾਈਟਡ ਸਪੋਰਟਸ ਕਲੱਬ ਦੇ 14ਵੇਂ ਵਿਸ਼ਵ ਕੱਪ ਨੇ ਸਿਰਜਿਆ ਸਫਲਤਾ ਦਾ ਨਵਾਂ ਇਤਿਹਾਸ

## ਬੇ-ਏਰੀਆ ਸਪੋਰਟਸ ਕਲੱਬ ਨੇ ਜਿੱਤਿਆ ਖਿਤਾਬ, ਅਗਲੇ ਸਾਲ 15 ਸਤੰਬਰ ਨੂੰ 15ਵਾਂ ਵਿਸ਼ਵ ਕਬੱਡੀ ਕੱਪ ਕਰਵਾਉਣ ਦਾ ਐਲਾਨ

### ਜੁਗਰਾਜ ਸਿੰਘ ਸਹੋਤਾ ਬਣੇ ਯੂਨਾਈਟਡ ਸਪੋਰਟਸ ਕਲੱਬ ਦੇ ਨਵੇਂ ਪ੍ਰਧਾਨ

**ਯੂਨੀਅਨ ਸਿਟੀ (ਐਸ.ਅਸ਼ੋਕ.ਭੌਰਾ)-** ਯੂਨਾਈਟਡ ਸਪੋਰਟਸ ਕਲੱਬ ਦੇ 14ਵੇਂ ਕਬੱਡੀ ਵਿਸ਼ਵ ਕੱਪ ਦੀ ਵਿਸ਼ਾਲ ਸਫਲਤਾ 'ਤੇ ਖੁਸ਼ੀ ਜ਼ਾਹਿਰ ਕਰਦਿਆਂ ਖੇਡ ਮੇਲੇ ਦੇ ਮੁੱਖ ਪ੍ਰਬੰਧਕ ਅਤੇ ਸਰੂਪਸਤ ਸ੍ਰ. ਅਮੋਲਕ ਸਿੰਘ ਗਾਖਲ ਨੇ ਸਫਲਤਾ ਦਾ ਸਿਹਰਾ ਕਰੀਬ ਦਸ ਹਜ਼ਾਰ ਦੀਆਂ ਪੁੱਜੀਆਂ ਸੰਗਤਾਂ ਦੇ ਸਿਰ ਬੰਨਦਿਆਂ ਕਿਹਾ ਕਿ ਜੇ ਇਸ ਤਰਾਂ ਹੀ ਸਹਿਯੋਗ ਮਿਲਦਾ ਰਿਹਾ ਤਾਂ ਉਹ ਆਉਂਦੇ ਵਰਿਆਂ ਦੌਰਾਨ ਵੀ ਪੰਜਾਬੀ ਭਾਈਚਾਰੇ ਵਿਚ ਸਾਂਝ ਪੈਦਾ ਕਰਨ ਤੇ ਮਾਂ ਖੇਡ ਕਬੱਡੀ ਨੂੰ ਪ੍ਰਫੁੱਲਤ ਕਰਨ ਲਈ ਹੋਰ ਵੀ ਉਤਸ਼ਾਹ ਨਾਲ ਕੰਮ ਕਰਦੇ ਰਹਿਣਗੇ। ਉਨਹਾਂ ਇਹ ਵੀ ਕਿਹਾ ਕਿ ਸ਼ਾਇਦ ਇਹ ਪਹਿਲਾ ਅੰਤਰਰਾਸ਼ਟਰੀ ਅਜਿਹਾ ਕਬੱਡੀ ਕੱਪ ਹੈ ਜਿੱਥੇ ਦਰਸ਼ਕ ਰੂਪੀ ਸੰਗਤਾਂ ਨੂੰ ਗੁਰੂ ਕਾ ਅਤੁੱਟ ਲੰਗਰ ਛਕਾਇਆ ਜਾਂਦਾ ਹੈ ਅਤੇ ਚਾਹ, ਪਕੌੜੇ, ਪਾਣੀ ਅਤੇ ਜੂਸ ਦੀ ਸੇਵਾ ਕਿਸੇ ਘਰ ਆਏ ਖਾਸ ਮਹਿਮਾਨ ਵਾਂਗ ਕੀਤੀ ਜਾਂਦੀ ਹੋਵੇ। ਉਹਨਾਂ ਗੁਰੂਘਰ ਫਰੀਮਾਂਟ, ਸੈਨਹੋਜ਼ੇ, ਮਿਲਪੀਟਸ ਅਤੇ ਸਟਾਕਟਨ ਦਾ ਉਚੇਚਾ ਜ਼ਿਕਰ ਕਰਦਿਆਂ ਕਿਹਾ ਕਿ ਪਿਛਲੇ ਸਾਲ ਤੋਂ ਇਹ ਗੁਰੂਘਰ ਖੇਡ ਮੇਲੇ ਲਈ ਲੰਗਰ ਦੀ ਸੇਵਾ ਲਗਾਤਾਰ ਕਰਦੇ ਆ ਰਹੇ ਹਨ। ਰਾਜਾ ਸਵੀਟਸ ਦੇ ਗਿਆਨੀ ਰਵਿੰਦਰ ਸਿੰਘ ਅਤੇ ਮੱਖਣ ਸਿੰਘ ਬੈਂਸ ਵਲੋਂ ਹਜ਼ਾਰਾਂ ਦਰਸ਼ਕਾਂ ਲਈ ਚਾਹ ਪਕੌੜਿਆਂ ਦੀ ਸਾਰਾ ਦਿਨ ਸ਼ਰਧਾ ਨਾਲ ਸੇਵਾ ਕੀਤੀ ਜਾਂਦੀ ਹੈ। ਦਰਸ਼ਕਾਂ ਨੂੰ ਹਮੇਸ਼ਾ ਦੀ ਤਰਾਂ ਮੁਫਤ ਦਾਖਲਾ ਅਤੇ ਮੁਫਤ ਪਾਰਕਿੰਗ ਦੀ ਸਹੂਲਤ ਦਿੱਤੀ ਗਈ ਜਿਸਦਾ ਹਜ਼ਾਰਾਂ ਦਰਸ਼ਕਾਂ ਵਲੋਂ ਉਪਯੋਗੀ ਢੰਗ ਨਾਲ ਲਾਭ ਉਠਾਇਆ ਗਿਆ।

ਇੱਥੇ ਜ਼ਿਕਰਯੋਗ ਹੈ ਕਿ ਇਸ ਵਾਰ ਨਾ ਸਿਰਫ ਦਰਸ਼ਕਾਂ ਦੀ ਵੱਡੀ ਗਿਣਤੀ ਇਕ ਰਿਕਾਰਡ ਪੈਦਾ ਕਰਨ ਵਾਲੀ ਸੀ ਸਗੋਂ ਪਹਿਲੀ ਵਾਰ ਹੈ ਕਿ ਦੁਨੀਆਂ ਭਰ ਦੇ ਮਸ਼ਹੂਰ ਕਬੱਡੀ ਖਿਡਾਰੀਆਂ ਨੇ ਤਕਰੀਬਨ ਸੱਤ ਘੰਟੇ ਜੋਸ਼ ਅਤੇ ਜੁੱਸੇ ਦਾ ਪ੍ਰਦਰਸ਼ਨ ਕਰਕੇ ਕਬੱਡੀ ਖੇਡ ਨੂੰ ਇਕ ਨਵਾਂ ਰੁਤਬਾ ਅਤੇ ਵਡਿਆਈ ਲੈ ਕੇ ਦਿੱਤੀ ਹੈ। ਬਿਨਾਂ ਕਿਸੇ ਸੱਟ ਪੇਟ ਅਤੇ ਨਿਰਵਿਘਨ ਨੇਪਰੇ ਚੜੇ ਇਸ 14ਵੇਂ ਕਬੱਡੀ ਕੱਪ ਵਿਚ ਇਕ ਪਲ ਵੀ ਅਜਿਹਾ ਨਹੀਂ ਸੀ ਜਦੋਂ ਖੇਡ ਮੈਦਾਨ ਖਾਲੀ ਰਿਹਾ ਹੋਵੇ। ਦਰਜ਼ਨਾਂ ਸਟਿੱਲ ਤੇ ਵੀਡੀਓ ਕੈਮਰੇ ਇਸ ਮੇਲੇ ਦਾ ਹਰ ਪਲ ਕੈਮਰਾਬੱਧ ਕਰ ਰਹੇ ਸਨ ਅਤੇ ਲਾਈਵ ਕਬੱਡੀ ਡਾਟ ਕਾਮ ਦੇ ਮੈਨੀ ਦੀ ਟੀਮ ਵਲੋਂ ਦੁਨੀਆਂ ਭਰ ਦੀਆਂ ਸੋਸ਼ਲ ਸਾਈਟਾਂ 'ਤੇ ਲਗਾਤਾਰ ਦਿਖਾਇਆ ਜਾ ਰਿਹਾ ਸੀ। ਸ. ਗਾਖਲ ਨੇ ਮਾਣ ਨਾਲ ਕਿਹਾ ਕਿ ਉਹ ਇਕੱਲੇ ਕੁਝ ਵੀ ਨਹੀਂ ਕਰ ਸਕਦੇ ਸਗੋਂ ਉਹਨਾਂ ਦੇ ਯੂਨਾਈਟਡ ਸਪੋਰਟਸ ਕਲੱਬ ਦੀ ਟੀਮ ਦਿਨ ਰਾਤ ਮਿਹਨਤ ਕਰਕੇ ਕਬੱਡੀ ਦਾ ਇਕ ਨਵਾਂ ਇਤਿਹਾਸ ਸਿਰਜਣ ਵਿਚ ਕਾਮਯਾਬ ਹੋਈ ਹੈ। ਉਹਨਾਂ ਉਚੇਚੇ ਤੌਰ 'ਤੇ ਚੇਅਰਮੈਨ ਸ. ਮੱਖਣ ਸਿੰਘ ਬੈਂਸ, ਵਿੱਤ ਸਕੱਤਰ ਜੁਗਰਾਜ ਸਿੰਘ ਸਹੋਤਾ ਤੇ ਨਰਿੰਦਰ ਸਿੰਘ ਸਹੋਤਾ ਅਤੇ ਉੱਪ ਚੇਅਰਮੈਨ ਇਕਬਾਲ ਸਿੰਘ ਗਾਖਲ ਅਤੇ ਆਪਣੇ ਬੋਰਡ ਆਫ ਡਾਇਰੈਕਟਰ ਦਾ ਜ਼ਿਕਰ ਕਰਦਿਆਂ ਇਸ ਵਡਿਆਈ ਤੇ ਮਾਣ ਲਈ ਉਹਨਾਂ ਨੂੰ ਵੀ ਬਰਾਬਰ ਦੇ ਹਿੱਸੇਦਾਰ ਕਿਹਾ।

ਇਸ 14ਵੇਂ ਵਿਸ਼ਵ ਕਬੱਡੀ ਕੱਪ ਦਾ ਰਸਮੀ ਉਦਘਾਟਨ ਸ. ਸੁਰਜੀਤ ਸਿੰਘ ਟੁੱਟ, ਮਾਈਕ ਬੋਪਾਰਾਏ, ਜਸਪ੍ਰੀਤ ਸਿੰਘ ਅਟਾਰਨੀ, ਮੇਜਰ ਸਿੰਘ ਬੈਂਸ ਅਤੇ ਹਰਦੁੱਮਣ ਸਿੰਘ ਬਿੱਲਾ ਸੰਘੇੜਾ ਨੇ ਸਾਂਝੇ ਰੂਪ ਵਿਚ ਕੀਤਾ ਤੇ ਇਹਨਾਂ ਸਖਸ਼ੀਅਤਾਂ ਨੇ ਇਸ ਖੇਡ ਮੇਲੇ ਦੀ ਪ੍ਰਸ਼ੰਸਾ ਕਰਦਿਆਂ ਇਸਨੂੰ ਨਾ ਸਿਰਫ ਕੈਲੇਫੋਰਨੀਆਂ ਦਾ ਸਗੋਂ ਉੱਤਰੀ ਅਮਰੀਕਾ ਦਾ ਸਭ ਤੋਂ ਵੱਡਾ ਕਬੱਡੀ ਕੱਪ ਐਲਾਨਦਿਆਂ ਗਾਖਲ ਭਰਾਵਾਂ ਅਤੇ ਯੂਨਾਈਟਡ ਸਪੋਰਟਸ ਕਲੱਬ ਨੂੰ ਵਧਾਈ ਵੀ ਦਿੱਤੀ ਅਤੇ ਆਉਣ ਵਾਲੇ ਵਰਿਆਂ ਵਿਚ ਵੀ ਦਿਲ ਖੋਲ ਕੇ ਸਹਿਯੋਗ ਦੇਣ ਦਾ ਵਾਅਦਾ ਕੀਤਾ। ਉਦਘਾਟਨ ਉਪਰੰਤ ਸ. ਗਾਖਲ ਨੇ ਐਲਾਨ ਕੀਤਾ ਕਿ ਸਾਲ 2019 ਦਾ 15 ਵਿਸ਼ਵ ਕਬੱਡੀ ਕੱਪ ਇਸੇ ਲੋਗਨ ਹਾਈ ਸਕੂਲ 'ਚ 15 ਸਤੰਬਰ ਦਿਨ ਐਤਵਾਰ ਨੂੰ ਕਰਵਾਇਆ ਜਾਵੇਗਾ।

ਇਸ ਖੇਡ ਮੇਲੇ ਵਿਚ ਯੂਨੀਅਨ ਸਿਟੀ ਦੇ ਮੇਅਰ ਡੂਟਰਾ ਵਰਨਾਕੀ, ਕੌਂਸਲ ਮੈਂਬਰ ਪੈਟ ਡਾਕੋਸਕੌਟ, ਸਕੂਲ ਬੋਰਡ ਟਰੱਸਟੀ ਕਰਮਜੀਤ ਕੌਰ ਚੀਮਾ ਤੇ ਸ਼ੈਰਨ ਕੌਰ ਅਤੇ ਕੌਂਸਲ ਮੈਂਬਰ ਹੈਰੀ ਸਿੰਘ ਵੀ ਖੇਡ ਮੇਲੇ ਦੀਆਂ ਰੌਣਕਾਂ ਵੇਖਣ ਪਹੁੰਚੇ।

ਅੰਡਰ-21 ਦੇ ਮੁਕਾਬਲਿਆਂ ਵਿਚ ਸ਼ਹੀਦ ਬਾਬਾ ਦੀਪ ਸਿੰਘ ਅਕੈਡਮੀ ਸੈਕਰਾਮੈਂਟੋ ਦੀ ਟੀਮ ਸ਼ਹੀਦ ਭਗਤ ਸਿੰਘ ਸਪੋਰਟਸ ਕਲੱਬ ਨੂੰ 39 ਦੇ ਮੁਕਾਬਲੇ 73 ਅੰਕਾ ਨਾਲ ਸ਼ਿਕਸਤ ਦੇ ਕੇ ਜੇਤੂ ਰਹੀ ਜਦੋਂ ਕਿ ਅੰਡਰ-25 ਵਿਚ ਖਾਲਸਾ ਸਪੋਰਟਸ ਦੀ ਟੀਮ ਨੇ ਯੂਬਾ ਬ੍ਰਦਰਜ਼ ਨੂੰ 25 ਦੇ ਮੁਕਾਬਲੇ 53 ਅੰਕਾਂ ਨਾਲ ਹਰਾਇਆ। ਕਬੱਡੀ ਦੇ ਸਾਨਾਂ ਵਰਗੇ ਭੇੜਾਂ ਵਿਚ ਬੇ-ਏਰੀਆ ਲਾਇਨਜ਼, ਸ਼ੇਰ-ਏ-ਪੰਜਾਬ ਸਪੋਰਟਸ ਕਲੱਬ ਲਾਸ ਬੈਨਸ, ਬਾਬਾ ਸੰਗ ਜੀ ਸਪੋਰਟਸ ਕਲੱਬ ਮਿਡ ਵੈਸਟ ਅਤੇ ਰਾਇਲ ਕਿੰਗਜ਼ ਯੂ.ਐਸ.ਏ ਦੀਆਂ ਟੀਮਾਂ ਨੇ ਆਪਣੇ ਨਾਮੀ ਕਬੱਡੀ ਖਿਡਾਰੀਆਂ ਨਾਲ ਇਸ ਖੇਡ ਮੇਲੇ ਵਿਚ ਸ਼ਿਰਕਤ ਕੀਤੀ ਅਤੇ ਇਹਨਾਂ ਦੇ ਪ੍ਰਦਰਸ਼ਨ ਨੂੰ ਹਜ਼ਾਰਾਂ ਦੀ ਗਿਣਤੀ ਵਿਚ ਪੁੱਜੇ ਦਰਸ਼ਕਾਂ ਨੇ ਸਾਹ ਰੋਕ ਕੇ ਵੇਖਿਆ ਅਤੇ ਮਾਣਿਆਂ। ਇਹਨਾਂ ਵੱਡੀਆਂ ਕਲੱਬਾਂ ਦੇ ਸ਼ੁਰੂਆਤੀ ਅਤੇ ਸੈਮੀਫਾਈਨਲ ਮੁਕਾਬਲੇ ਵੀ ਆਪਣੇ ਆਪ ਵਿਚ ਰਿਕਾਰਡ ਹੀ ਨਹੀਂ ਸਨ ਸਗੋਂ ਹਰ ਮੈਚ ਫਾਈਨਲ ਮੁਕਾਬਲੇ ਵਰਗਾ ਹੀ ਲੱਗਦਾ ਰਿਹਾ। ਫਾਈਨਲ ਬੇ-ਏਰੀਆ ਸਪਰੋਟਸ ਕਲੱਬ ਅਤੇ ਲੱਛਰ ਭਰਾਵਾਂ ਦੀ ਲਾਸ ਬੈਨਸ ਦੀ ਟੀਮ ਪੁੱਜੀ ਅਤੇ ਮੁਕਾਬਲਾ ਏਨਾ ਦਿਲਚਸਪ ਸੀ ਕਿ ਪਹਿਲੇ ਹਾਫ 'ਚ ਹਰ ਰੇਡ 'ਤੇ ਕਬੱਡੀ ਪ੍ਰੇਮੀਆਂ ਨੇ ਸਟਾਪਰਾਂ ਤੇ ਰੇਡਰਾਂ ਲਈ ਦਿਲ ਖੋਲ ਕੇ ਨਕਦ ਇਨਾਮ ਦਿੱਤੇ। ਇਸ 14ਵੇਂ ਵਿਸ਼ਵ ਕਬੱਡੀ ਕੱਪ ਦਾ ਪਹਿਲਾ ਇਨਾਮ ਜੋ ਡਾਇਮੰਡ ਸਪੋਰਟਸ ਕਲੱਬ ਦੇ ਗੁਲਵਿੰਦਰ ਗਾਖਲ, ਨੇਕੀ ਅਟਵਾਲ ਅਤੇ ਪਿੰਕੀ ਅਟਵਾਲ ਵਲੋਂ ਸਪਾਂਸਰ ਕੀਤਾ ਗਿਆ ਸੀ ਬੇ-ਏਰੀਆ ਲਾਇਨਜ਼ ਦੀ ਝੋਲੀ ਪਿਆ। ਜਦੋਂਕਿ ਦੂਜਾ ਇਨਾਮ ਜੋ ਕਿ ਸਹੋਤਾ ਭਰਾਵਾਂ ਜੁਗਰਾਜ ਸਿੰਘ ਸਹੋਤਾ ਅਤੇ ਨਰਿੰਦਰ ਸਿੰਘ ਸਹੋਤਾ ਵਲੋਂ ਆਪਣੇ ਪਿਤਾ ਸ. ਕਸ਼ਮੀਰ ਸਿੰਘ ਸਹੋਤਾ ਦੀ ਯਾਦ ਵਿਚ ਸਪਾਂਸਰ ਕੀਤਾ ਗਿਆ ਸੀ ਸ਼ੇਰ-ਏ-ਪੰਜਾਬ ਲਾਸ ਬੈਨਸ ਦੀ ਟੀਮ ਦੇ ਹਿੱਸੇ ਆਇਆ। ਇਸ ਫਾਈਨਲ ਮੁਕਾਬਲੇ ਵਿਚ ਬੇਏਰੀਆ ਲਾਇਨਜ਼ ਨੇ 27 ਦੇ ਮੁਕਾਬਲੇ 44 ਅੰਕ ਹਾਸਲ ਕੀਤੇ। ਇਸ ਖੇਡ ਮੇਲੇ ਦਾ ਇਕ ਹੋਰ ਸਿਹਰਾ ਸ. ਗਾਖਲ ਨੇ ਮਿਡਵੈਸਟ ਦੀ ਟੀਮ ਦੇ ਮੁੱਖ ਪ੍ਰਬੰਧਕ ਤਾਰੀ ਅਤੇ ਵਿੱਕੀ ਸੰਮੀਪੁਰੀਆ ਦੇ ਸਿਰ ਬੰਨਦਿਆਂ ਕਿਹਾ ਕਿ ਇਹ ਦੋ ਨੌਜਵਾਨਾਂ ਨੇ ਅਸਲ 'ਚ ਖੇਡ ਮੇਲੇ ਦੇ ਪ੍ਰਬੰਧ 'ਚ ਵੱਡਾ ਯੋਗਦਾਨ ਪਾਇਆ ਅਤੇ ਯੂਨਾਈਟਡ ਸਪੋਰਟਸ ਕਲੱਬ ਦੇ ਹਰ ਮੈਚ ਨੂੰ ਆਪਣਾ ਸਮਝ ਕੇ ਗਾਖਲ ਭਰਾਵਾਂ ਤੇ ਕਲੱਬ ਨਾਲ ਮੋਢੇ ਨਾਲ ਮੋਢਾ ਜੋੜੀ ਰੱਖਿਆ। ਸ. ਗਾਖਲ ਨੇ ਕਿਹਾ ਕਿ ਉਹ ਬਾਂਹ ਖੜੀ ਕਰਕੇ ਕਹਿੰਦੇ ਨੇ ਉਹਨਾਂ ਦੋਵੇਂ ਭਰਾਵਾਂ ਵਰਗੇ ਸਹਿਯੋਗੀ ਵਿੱਕੀ ਤੇ ਤਾਰੀ ਭਵਿੱਖ ਵਿਚ ਹੋਣ ਵਾਲੇ ਕਬੱਡੀ ਕੱਪਾਂ ਦਾ ਵੀ ਮਹੱਤਵਪੂਰਨ ਅੰਗ ਬਣੇ ਰਹਿਣਗੇ। ਸ. ਗਾਖਲ ਨੇ ਰਾਇਲ ਕਿੰਗਜ਼ ਯੂ.ਐਸ.ਏ ਦੇ ਮੁੱਖ ਸਰਬਜੀਤ ਸਿੰਘ ਉਰਫ ਸ਼ੱਬਾ ਥਿਆੜਾ ਦੀ ਪ੍ਰਸ਼ੰਸਾ ਕਰਦਿਆਂ ਕਿਹਾ ਕਿ ਕਬੱਡੀ ਦਾ ਇਕੱਲੇ ਧੜ ਸਿਖਰ ਬਣਾਉਣ ਵਾਲਾ ਸਰਬਜੀਤ ਸਿੰਘ ਉਰਫ ਸ਼ੱਬਾ ਥਿਆੜਾ ਯੂਨਾਈਟਡ ਸਪੋਰਟਸ ਦੇ ਇਸ ਮੇਲੇ ਵਿਚ ਧੜੱਲੇਦਾਰ ਟੀਮ ਹੀ ਲੈ ਕੇ ਹਾਜ਼ਰ ਨਹੀਂ ਹੋਇਆ ਸਗੋਂ ਕਲੱਬ ਦੇ ਮੋਢੇ ਨਾਲ ਮੋਢਾ ਲਾ ਕੇ ਪੂਰੇ ਖੇਡ ਮੇਲੇ ਵਿਚ ਮਹੱਤਵਪੂਰਨ ਰੋਲ ਵੀ ਅਦਾ ਕਰਦਾ ਰਿਹਾ।

ਖੇਡ ਮੇਲੇ ਵਿਚ ਜਿੱਥੇ ਗਾਖਲ ਭਰਾਵਾਂ ਵਲੋਂ ਆਪਣੇ ਪਿਤਾ ਸਵ. ਨਸੀਬ ਸਿੰਘ ਦੀ ਯਾਦ ਵਿਚ ਕਿੰਦੂ ਰਮੀਦੀ ਨੂੰ ਗੋਲਡ ਮੈਡਲ ਨਾਲ ਸਨਮਾਨਿਤ ਕੀਤਾ ਗਿਆ ਉੱਥੇ ਬੈਸਟ ਰੇਡਰ ਲਈ ਦੱਲੀ ਸੌਂਸਪੁਰੀਆ ਅਤੇ ਬੈਸਟ ਸਟਾਪਰ ਲਈ ਸੰਦੀਪ ਨੰਗਲ ਅੰਬੀਆਂ ਨੂੰ ਗੋਲਡ ਮੈਡਲ ਪ੍ਰਦਾਨ ਕੀਤੇ ਗਏ। ਇਸ ਖੇਡ ਮੇਲੇ ਦੀ ਸਫਲਤਾ 'ਚ ਪ੍ਰਮੁੱਖ ਭੂਮਿਕਾ ਨਿਭਾਉਣ ਵਾਲੇ ਪਲਵਿੰਦਰ ਸਿੰਘ ਗਾਖਲ, ਇੰਡੀਆ ਤੋਂ ਹਰ ਸਾਲ ਉਚੇਚਾ ਪਹੁੰਚੇ ਸਾਧੂ ਸਿੰਘ ਖਲੌਰ, ਦਵਿੰਦਰ ਸਿੰਘ ਪੱਡਾ, ਨੱਥਾ ਸਿੰਘ ਗਾਖਲ, ਦੇਬੀ ਸੋਹਲ, ਇੰਦਰਜੀਤ ਸਿੰਘ ਥਿੰਦ, ਬਖਤਾਵਰ ਸਿੰਘ ਗਾਖਲ, ਗੁਰਪ੍ਰੀਤ ਸਿੰਘ ਗਾਖਲ, ਬਲਵੀਰ ਭਾਟੀਆ, ਗਿਆਨੀ ਰਵਿੰਦਰ ਸਿੰਘ, ਬਲਜਿੰਦਰ ਸਿੰਘ ਗਾਖਲ, ਰਜਿੰਦਰ ਲੱਧੜ, ਅਰੁਨਦੀਪ ਸਿੰਘ ਨੇ ਅਹਿਮ ਭੂਮਿਕਾ ਨਿਭਾਈ। ਚੇਅਰਮੈਨ ਸ. ਮੱਖਣ ਸਿੰਘ ਬੈਂਸ ਅਤੇ ਉਪ ਚੇਅਰਮੈਨ ਇਕਬਾਲ ਸਿੰਘ ਗਾਖਲ ਨੇ ਟੂਰਨਾਮੈਂਟ ਦੇ ਪ੍ਰਬੰਧ ਵਿਚ ਕਿਸੇ ਵੀ ਤਰਾਂ ਦੀ ਕੋਈ ਕਮੀ ਨਾ ਆਵੇ ਇਸ ਗੱਲ ਨੂੰ ਮੁੱਖ ਰੱਖਦਿਆਂ ਤਕਰੀਬਨ ਅੱਖ ਝਪੱਕੇ ਸੱਤ ਘੰਟੇ ਇਸ ਖੇਡ ਮੇਲੇ ਤੇ ਨਿਗਰਾਨ ਨਜ਼ਰਾਂ ਟਿਕਾਈ ਰੱਖੀਆਂ।

ਸਕਿਉਰਿਟੀ ਦੇ ਪੁਖਤਾ ਪ੍ਰਬੰਧ ਤਾਂ ਕੀਤੇ ਹੀ ਗਏ ਸਨ ਪਰ ਗੁਰੂ ਦੀਆਂ ਬਰਕਤਾਂ ਦਾ ਪ੍ਰਤੀਕ ਸੀ ਕਿ ਇਹ ਖੇਡ ਮੇਲੇ ਦੇ ਹਜ਼ਾਰਾਂ ਦਰਸ਼ਕਾਂ ਨੂੰ ਨਾ ਲੰਗਰ ਛਕਣ ਵੇਲੇ ਕਤਾਰ ਵਿਚ ਲੱਗਣਾ ਪਿਆ ਅਤੇ ਨਾ ਚਾਹ ਪਕੌੜਿਆਂ ਦੀ ਸੇਵਾ ਵੇਲੇ।

ਖੇਡ ਮੇਲੇ ਵਿਚ ਕਬੱਡੀ ਮੈਚਾਂ ਨੂੰ ਸ਼ਬਦਾਂ ਦੀ ਰੰਗਤ ਦੇਣ ਵਿਚ ਲੱਖਾ ਸਿੱਧਵਾਂ, ਮੱਖਣ ਅਲੀ, ਸੁਰਜੀਤ ਕਕਰਾਲੀ, ਗੁਰਮੇਲ ਸਿੰਘ ਦਿਓਲ ਆਦਿ ਕੁਮੈਂਟੇਟਰਾਂ ਨੇ ਲੱਛੇਦਾਰ ਕੁਮੈਂਟਰੀ ਨਾਲ ਜਿੱਥੇ ਸਿਰਾ ਕੀਤਾ ਉੱਥੇ ਸਰਦੂਲ ਸਿੰਘ ਰੰਧਾਵਾ, ਅਜੀਤ ਸਿੰਘ ਬੱਲ ਅਤੇ ਸਾਧੂ ਸਿੰਘ ਖਲੌਰ ਨੇ ਤਕਨੀਕੀ ਪ੍ਰਬੰਧਾਂ ਦੀ ਜ਼ਿੰਮੇਵਾਰੀ ਨਿਭਾਈ। ਸਟੇਜ ਸੰਚਾਲਨ ਦੀ ਜ਼ਿੰਮੇਵਾਰੀ ਕਲੱਬ ਦੇ ਜਨਰਲ ਸਕੱਤਰ ਅਤੇ ਮੀਡੀਆ ਇੰਚਾਰਜ ਐਸ.ਅਸ਼ੋਕ.ਭੌਰਾ ਤੇ ਮੰਚ ਸੰਚਾਲਿਕਾ ਬੀਬੀ ਆਸ਼ਾ ਸ਼ਰਮਾ ਨੇ ਨਿਭਾਈ। ਗੀਤਕਾਰ ਮੱਖਣ ਬਰਾੜ ਨੇ ਸਮੁੱਚੇ ਖੇਡ ਮੇਲੇ ਵਿਚ ਕਈ ਵਾਰ ਦਰਸ਼ਕਾਂ ਨੂੰ ਆਪਣੇ ਖ਼ੂਬਸੂਰਤ ਸ਼ਿਅਰਾਂ ਨਾਲ ਹੱਸਣ ਅਤੇ ਤਾੜੀਆਂ ਵਜਾਉਣ ਲਈ ਮਜਬੂਰ ਕੀਤਾ। ਖੇਡ ਮੇਲੇ ਵਿਚ ਕਬੱਡੀ ਪ੍ਰੇਮੀਆਂ ਤੋਂ ਸਿਵਾ ਖੇਡ ਕਲੱਬਾਂ ਨਾਲ ਜ ੁੜੇ ਲੋਕ, ਕੋਚ ਅਤੇ ਸਪਾਂਸਰ ਵੀ ਹਾਜ਼ਰ ਸਨ। ਟੋਰਾਂਟੋ ਤੋਂ ਸੇਵਾ ਸਿੰਘ ਰੰਧਾਵਾ, ਨਿਊਯਾਰਕ ਤੋਂ ਜਗੀਰ ਸਿੰਘ ਸਬਜ਼ੀ ਮੰਡੀ, ਕਨੇਡਾ ਦੀਪੂ ਗਾਖਲ ਹਮੇਸ਼ਾ ਵਾਂਗ ਪੁੱਜੇ ਅਤੇ ਖੇਡ ਰਿਪੋਰਟਰ ਸੰਤੋਖ ਸਿੰਘ ਮੰਡੇਰ ਨੇ ਆਪਣੇ ਕੈਮਰੇ ਵਿਚ ਖੇਡ ਮੇਲੇ ਦਾ ਹਰ ਪਹਿਲੂ ਕੈਦ ਕਰ ਲਿਆ।

**ਜੁਗਰਾਜ ਸਹੋਤਾ ਬਣੇ ਕਲੱਬ ਦੇ ਨਵੇਂ ਪ੍ਰਧਾਨ**

ਖੇਡ ਮੇਲੇ ਦੀ ਸਫਲਤਾ ਤੋਂ ਬਾਅਦ ਕਲੱਬ ਲਈ ਬਿਹਤਰੀਨ ਸੇਵਾਵਾਂ ਨਿਭਾਉਂਦੇ ਆ ਰਹੇ ਜੁਗਰਾਜ ਸਿੰਘ ਸਹੋਤਾ ਨੂੰ ਇੱਥੇ ਰਾਜਾ ਸਵੀਟਸ ਵਿਖੇ ਸ. ਮੱਖਣ ਸਿੰਘ ਬੈਂਸ ਦੀ ਸਰਪ੍ਰਸਤੀ ਹੇਠ ਹੋਈ ਮੀਟਿੰਗ ਵਿਚ ਸਰਬਸੰਮਤੀ ਨਾਲ ਨਵਾਂ ਪ੍ਰਧਾਨ ਚੁਣ ਲਿਆ ਗਿਆ।

ਸ. ਗਾਖਲ ਨੇ ਜੁਗਰਾਜ ਸਹੋਤਾ ਨੂੰ ਵਧਾਈ ਦਿੰਦਿਆਂ ਕਿਹਾ ਕਿ ਉਹ ਕਲੱਬ ਦੇ ਮਹੱਤਵਪੂਰਨ ਅੰਗ ਹਨ ਅਤੇ ਉਹ ਉਹਨਾਂ ਦੀਆਂ ਬਿਹਤਰੀਨ ਸੇਵਾਵਾਂ ਦੀ ਭਰਪੂਰ ਪ੍ਰਸ਼ੰਸਾ ਕਰਦੇ ਹਨ। ਖੇਡ ਮੇਲੇ ਦੀ ਸਮਾਪਤੀ ਉਪਰੰਤ ਸ. ਗਾਖਲ ਤੇ ਮੱਖਣ ਸਿੰਘ ਬੈਂਸ ਨੇ ਆਪਣੇ ਸਾਰੇ ਸਪਾਂਸਰਾਂ ਸਹਿਯੋਗੀਆਂ, ਖੇਡ ਪ੍ਰਬੰਧਕਾਂ ਤੇ ਸਕੂਲ ਮੈਨਜਮੈਂਟ ਦਾ ਧੰਨਵਾਦ ਕਰਦਿਆਂ ਅਗਲੇ ਸਾਲ ਫਿਰ ਮਿਲਣ ਦੇ ਵਾਅਦੇ ਨਾਲ ਇਸ 14ਵੇਂ ਵਿਸ਼ਵ ਕਬੱਡੀ ਕੱਪ ਦੀਆਂ ਗਤੀਵਿਧੀਆਂ ਨੂੰ ਸਮਾਪਤੀ ਸਫਾਂ ਵਿਚ ਲਪੇਟ ਦਿੱਤਾ।

# ਐੱਸਸੀ. ਬੀਸੀ. ਫੈੱਡਰੇਸ਼ਨ ਵਲੋਂ 85ਵੀਂ ਸੰਵਿਧਾਨਕ ਸੋਧ ਲਾਗੂ ਕਰਨ ਦੀ ਮੰਗ

**ਹੁਸ਼ਿਆਰਪੁਰ-** ਗਜ਼ਟਿਡ ਅਤੇ ਨਾਨ-ਗਜ਼ਟਿਡ ਐੱਸ.ਸੀਬੀ.ਸੀ. ਇੰਪਲਾਇਜ਼ ਵੈੱਲਫੇਅਰ ਫੈੱਡਰੇਸ਼ਨ ਪੰਜਾਬ (ਰਜਿ.) ਦੀ ਜ਼ਿਲ੍ਹਾ ਇਕਾਈ ਹੁਸ਼ਿਆਰਪੁਰ ਦੀ ਵਿਸ਼ੇਸ਼ ਮੀਟਿੰਗ ਜ਼ਿਲ੍ਹਾ ਪ੍ਰਧਾਨ ਸ. ਕੁਲਵਿੰਦਰ ਸਿੰਘ ਬੋਦਲ ਦੀ ਪ੍ਰਧਾਨਗੀ ਹੇਠ ਸ਼੍ਰੀ ਗੁਰੂ ਰਵਿਦਾਸ ਮੰਦਰ ਕਮਾਲ ਪੁਰ ਵਿਖੇ ਹੋਈ ਜਿਸ ਵਿਚ ਜ਼ਿਲ੍ਹੇ ਦੇ ਸਮੂਹ ਅਹੁਦੇਦਾਰਾਂ ਨੇ ਹਿੱਸਾ ਲਿਆ। ਪ੍ਰਿੰ. ਸ਼੍ਰੀ ਸ਼ਿਵ ਸਿੰਘ ਬੰਗੜ, ਡਾ. ਜਸਵੰਤ ਰਾਏ, ਲੈਕ. ਬਲਜੀਤ ਸਿੰਘ, ਲੈਕ.ਬਲਦੇਵ ਸਿੰਘ ਧੁੱਗਾ ਆਦਿ ਬੁਲਾਰਿਆਂ ਨੇ ਸਾਂਝੇ ਬਿਆਨਵਿਚ ਕਿਹਾਕਿ ਪੰਜਾਬ ਸਰਕਾਰ ਵਲੋਂਐੱਸ.ਸੀ. ਮੁਲਾਜ਼ਮਾਂ ਦੀਆਂ ਤਰੱਕੀਆਂ ਵਿਚ 14% ਅਤੇ 20% ਦਾ ਕੋਟਾ ਬਹਾਲ ਕਰਨਾ ਇੱਕ ਤਰ੍ਹਾਂ ਨਾਲ ਫੈੱਡਰੇਸ਼ਨ ਵਲੋਂ ਕੀਤੇ ਗਏ ਲਗਾਤਾਰ ਸੰਘਰਸ਼ ਦਾ ਨਤੀਜਾ ਹੈ। ਉਨ੍ਹਾਂ ਨੇ ਤਰੱਕੀਆਂ ਵਿਚ ਕੋਟੇ ਦੀ ਬਹਾਲੀ ਲਈ ਸਰਕਾਰ ਦਾ ਧੰਨਵਾਦ ਕਰਦਿਆਂ ਨਾਲ ਹੀ 85ਵੀਂ ਸੰਵਿਧਾਨਕ ਸੋਧ ਲਾਗੂ ਕਰਨ, 10.10.2014 ਦਾ ਗੈਰ ਸੰਵਿਧਾਨਕ ਪੱਤਰ ਰੱਦ ਕਰਨ, ਜਨਸੰਖਿਆ ਦੇ ਹਿਸਾਬ



ਨਾਲ ਰਿਜ਼ਰਵੇਸ਼ਨ ਲਾਗੂ ਕਰਨ, ਬੇਰੁਜ਼ਗਾਰੀ ਭੱਤਾ ਚਾਲੂ ਕਰਨ, ਸਾਰੇ ਕੱਚੇ ਮੁਲਾਜ਼ਮਾਂ ਨੂੰ ਪਹਿਲ ਦੇ ਅਧਾਰ ਤੇ ਪੱਕਾ ਕਰਨ, ਬੈਕਲਾਗ ਪੂਰਾ ਕਰਨ ਅਤੇ ਵਿਦਿਆਰਥੀਆਂ ਦੇ ਵਜ਼ੀਫੇ ਦੇ ਕਰੋੜਾਂ ਰੁਪਏ ਜਾਰੀ ਕਰਨ ਦੀ ਜ਼ੋਰਦਾਰ ਮੰਗ ਨਾਲ ਮੰਗ ਰੱਖੀ। ਬੁਲਾਰਿਆਂ ਨੇ ਕਿਹਾ ਕਿ ਸਰਕਾਰ ਵਲੋਂ ਪ੍ਰੀਮੈਟ੍ਰਿਕ ਸਕਾਲਰਸ਼ਿਪ ਦੀ ਰਾਸ਼ੀ ਜਾਰੀ ਨਾ ਕਰਨ ਕਰਕੇ ਇਸ ਵਾਰ ਕਾਲਜਾਂ ਵਿਚ 30 ਤੋਂ 40 ਫੀਸਦੀ ਤੱਕ ਦਾਖਲਾ ਘੱਟ ਹੋਇਆ ਹੈ।ਇਸ ਮੀਟਿੰਗ ਨੂੰ ਪ੍ਰਿੰ. ਗੁਰਦਿਆਲ ਸਿੰਘ ਫੁੱਲ, ਯੋਧਾ ਮੱਲ, ਲਖਵੀਰ ਸਿੰਘ ਮੁਕੇਰੀਆਂ, ਗੁਰਦਰਸ਼ਨ ਸਿੰਘ ਤਲਵਾੜਾ, ਕੁਲਵੰਤ ਸਿੰਘ ਟਾਂਡਾ, ਸੰਦੀਪ ਕੁਮਾਰ ਮਾਹਿਲਪੁਰ, ਸੁਖਜੀਤ ਸਿੰਘ ਦਸੂਹਾ, ਜਸਪਾਲ ਸਿੰਘ ਗੜ੍ਹਦੀਵਾਲਾ, ਜਰਨੈਲ ਸਿੰਘ ਸੀਕਰੀ, ਜਤਿੰਦਰ ਸਿੰਘ, ਬਲਵੀਰ ਸਿੰਘ,ਲਖਵਿੰਦਰ ਰਾਮ, ਹੰਸਰਾਜ ਹੰਸ, ਮੋਹਨ ਲਾਲ, ਕਸ਼ਮੀਰ ਸਿੰਘ, ਜਸਵੀਰ ਸਿੰਘ, ਰਿੰਕੂ ਆਦਿ ਨੇ ਵੀ ਸੰਬੋਧਨ ਕੀਤਾ। ਸਮਾਗਮ ਦੌਰਾਨ ਸਟੇਜ ਦੀ ਕਾਰਵਾਈ ਡਾ. ਜਸਵੰਤ ਰਾਏ ਨੇ ਨਿਭਾਈ।

# ਅੰਗ੍ਰੇਜ਼ੀ ਵਿਸ਼ੇ ਦਾ ਸਿਲੇਬਸ ਤਰਕਸੰਗਤ ਕਰਨ ਦਾ ਸਵਾਗਤ

**ਹੁਸ਼ਿਆਰਪੁਰ-** ਅੰਗ੍ਰੇਜ਼ੀ ਅਧਿਆਪਕਾਂ ਦੀ ਬੜੇ ਲੰਬੇ ਸਮੇਂ ਤੋਂ ਮੰਗ ਸੀ ਕਿ ਅੰਗ੍ਰੇਜ਼ੀ ਵਿਸ਼ੇ ਦੇ ਛੇਵੀਂ ਤੋਂ ਦਸਵੀਂ ਜਮਾਤ ਦੇ ਬਹੁਤ ਜਿਆਦਾ ਵਿਸਥਾਰਿਤ ਸਿਲੇਬਸ ਨੂੰ ਘੱਟ ਕੀਤਾ ਜਾਵੇ ਅਤੇ ਇਸ ਵਿੱਚ ਲੋੜੀਂਦੀ ਸੋਧ ਕੀਤੀ ਜਾਵੇ।ਅੰਗ੍ਰੇਜ਼ੀ ਮਾਸਟਰਜ਼ ਐਸੋਸੀਏਸ਼ਨ ਪੰਜਾਬ ਨੇ ਇਸ ਮੰਗ ਨੂੰ ਸਿਖਿਆ ਮੰਤਰੀ ਸ਼੍ਰੀ ਓਮ ਪ੍ਰਕਾਸ਼ ਸੋਨੀ, ਸਿਖਿਆ ਸਕੱਤਰ ਸ਼੍ਰੀ ਕ੍ਰਿਸ਼ਨ ਕੁਮਾਰ ਅਤੇ ਸਟੇਟ ਪ੍ਰੋਜੈਕਟ ਕੋਆਰਡੀਨੇਟਰ ਸ਼੍ਰੀਮਤੀ ਹਰਪ੍ਰੀਤ ਕੌਰ ਕੋਲ ਬੜੇ ਪੁਰਜ਼ੋਰ ਅਤੇ ਬਾਦਲੀਲ ਤਰੀਕੇ ਨਾਲ ਉਠਾਇਆ।ਇਸ ਨੂੰ ਪੂਰੀ ਗੰਭੀਰਤਾ ਨਾਲ ਲੈਂਦਿਆਂ ਸਰਕਾਰ ਦੇ ਸਿਖਿਆ ਵਿਭਾਗ ਨੇ ਅੰਗ੍ਰੇਜ਼ੀ ਵਿਸ਼ੇ ਦੇ ਸਿਲੇਬਸ ਨੂੰ ਘੱਟ ਕਰ ਦਿੱਤਾ ਹੈ ਅਤੇ ਇਸ ਵਿਚ ਹੋਰ ਵੀ ਲੋੜੀਦੀਆਂ ਤਬਦੀਲੀਆਂ ਕੀਤੀਆਂ ਹਨ। ਇਸ ਮੌਕੇ ਅੰਗ੍ਰੇਜ਼ੀ ਮਾਸਟਰਜ਼ ਐਸੋਸੀਏਸ਼ਨ ਦੇ ਪ੍ਰਧਾਨ ਸੰਦੀਪ ਸ਼ਰਮਾਂ ਨੇ ਸਿਖਿਆ ਮੰਤਰੀ, ਸਿਖਿਆ ਸਕੱਤਰ ਅਤੇ ਸਟੇਟ ਪ੍ਰੋਜੈਕਟ ਕੋਆਰਡੀਨੇਟਰ ਦਾ ਧੰਨਵਾਦ ਕੀਤਾ ਜਿੰਨ੍ਹਾਂ ਨੇ ਯੂਨੀਅਨ ਦੀ ਇਸ ਮੰਗ ਨੂੰ ਗੰਭੀਰਤਾ ਨਾਲ ਲੈਂਦੇ ਇਸ ਵਿੱਚ ਦਿਲਚਸਪੀ ਦਿਖਾਈ ਅਤੇ ਇਸ ਤੇ ਕਾਰਵਾਈ ਕੀਤੀ। ਅਸਲ ਵਿੱਚ ਪਹਿਲਾਂ ਇਹ ਸਿਲੇਬਸ ਬਹੁਤ ਹੀ ਜਿਆਦਾ ਅਤੇ ਬੇਲੋੜਾ ਸੀ ਜਿਸ ਨੂੰ ਅਧਿਆਪਕ ਬੜੀ ਮੁਸ਼ਕਿਲ ਨਾਲ ਪੂਰਾ ਕਰਦੇ ਸਨ ਅਤੇ ਉਨ੍ਹਾਂ ਨੂੰ ਵਿਦਿਆਰਥੀਆਂ ਨੂੰ ਇਸ ਦੀ ਦਹੁਰਾਈ ਕਰਵਾਉਣ ਲਈ ਬਹੁਤ ਘੱਟ ਸਮਾਂ ਮਿਲਦਾ ਸੀ। ਹੁਣ ਘੱਟ ਅਤੇ ਸੋਧੇ ਹੋਏ ਸਿਲੇਬਸ ਨਾਲ ਜ਼ਰੂਰ ਹੀ ਸਿਖਣ ਸਿਖਾਉਣ ਦਾ ਪੱਧਰ ਉਚਾ ਹੋਵੇਗਾ ਜੋ ਕਿ ਵਿਦਿਆਰਥੀਆਂ ਲਈ ਲਾਭਕਾਰੀ ਹੋਵੇਗਾ। ਇਸ ਮੌਕੇ ਯੂਨੀਅਨ ਦੇ ਪ੍ਰੈਸ ਸਕੱਤਰ ਚੰਦਰਸ਼ੇਖਰ ਨੇ ਕਿਹਾ ਕਿ ਸਿਲੇਬਸ ਵਿੱਚ ਬਦਲਾਅ ਕਰਨਾ ਸਮੇਂ ਦੀ ਅਣਸਰਦੀ ਲੋੜ ਸੀ ਜਿਸ ਨੂੰ ਕਿ ਪੂਰਾ ਕਰਕੇ ਅੰਗ੍ਰੇਜ਼ੀ ਵਿਸ਼ੇ ਦੇ ਗੁਣਾਤਮਕ ਪੱਧਰ ਵਿੱਚ ਤਬਦੀਲੀ ਆਵੇਗੀ।

# ਰੋਟੀ



ਸ਼ਾਮ ਕੰਮ ਤੋ ਥੱਕਿਆ ਟੁਟਿਆ ਘਰ ਆਇਆ । ਔਖੇ ਸੌਖੇ ਦੋ ਰੋਟੀਆਂ ਬਣਾਈਆਂ ਤੇ ਕੁਝ ਦਿਨਾਂ ਪਹਿਲਾ ਬਣੀ ਸਬਜ਼ੀ ਨਾਲ ਹੀ ਖਾ ਲਈਆਂ । ਖਿਆਲ ਆਇਆ ਕਿ ਮਾਂ ਨੂੰ ਘਰ ਫੋਨ ਕੀਤਿਆਂ ਵੀ ਬੜੇ ਦਿਨ ਹੋ ਗਏ ਨੇ ਚੱਲ ਫੋਨ ਹੀ ਮਿਲਾ ਲਵਾ । ਮਾਂ ਨੇ ਫੋਨ ਚੱਕਦਿਆ ਸਾਰ ਹੀ ਮੈਨੂੰ ਤਾਂ ਕੁਝ ਬੋਲਣ ਨਾ ਦਿੱਤਾ ਪਹਿਲਾ ਰਾਜ਼ੀ ਖੁਸ਼ੀ ਪੁੱਛਿਆ। ਮੈ ਵੀ ਹੌਕਾ ਜਿਹਾ ਭਰ ਕੇ ਕਹਿ ਦਿੱਤਾ ਸਭ ਵਧੀਆ ਹੈ ਮਾਂਏ । ਪੁੱਤ ਤਾਂ ਤੇਰਾ ਮੌਜਾ ਕਰਦਾ ਏ, ਇੰਨਾ ਸੁਣ ਕੇ ਮਾਂ ਖੁਸ਼ ਹੋ ਗਈ ਤੇ ਕਹਿਣ ਲੱਗੀ "ਪੁੱਤ ਜਿਉਂਦਾ ਰਹਿ ਅੱਜ ਤੇਰੀ ਕਮਾਈ ਸਦਕਾ ਹੀ ਘਿਓ ਨਾਲ ਚੋਪੜੀ ਰੋਟੀ ਨਸੀਬ ਹੋਈ ਹੈ। ਵਰਨਾ ਸਾਰੀ ਜਿੰਦਗੀ ਸੁੱਕੀਆਂ ਖਾ-ਖਾ ਲੰਘ ਗਈ।

**ਕਿਰਨਪ੍ਰੀਤ ਕੌਰ**

**+436886401313**

# ਜਮੂਹਰੀ ਅਧਿਕਾਰ ਸਭਾ ਬਠਿੰਡਾ ਵੱਲੋਂ 100 ਕਰੀਬ ਲੋਕਾਂ ਨੂੰ ਗ੍ਰਿਫ਼ਤਾਰ ਕਰਨ ਦੀ ਨਿਖੇਧੀ

**ਬਠਿੰਡਾ–** "100 ਰੋਜ਼ੁਲਾ ਵਿੱਦਿਆ ਪੋਰਟਾ ਯਾਤਰਾ" (ਵਿੱਦਿਆ ਬਚਾਉਣ ਲਈ 100 ਰੋਜ਼ਾ ਮੁਹਿੰਮ) ਦੇ ਆਗਾਜ਼ ਮੌਕੇ ਤਲਿੰਗਾਨਾ ਪੁਲਿਸ ਵੱਲੋਂ ਹੈਦਰਾਬਾਦ ਦੇ ਪਾਰਕ ਵਿੱਚ ਜੁੜੇ ਬੁੱਧੀਜੀਵੀਆਂ,ਸਿੱਖਿਆ ਸ਼ਾਸਤਰੀਆਂ ਤੇ ਹੋਰ ਚਿੰਤਕਾਂ ਉੱਪਰ ਹਮਲਾ ਕਰਨਾ, ਫੇਰ ਉਨ੍ਹਾਂ ਨਾਲ ਬਦਸਲੂਕੀ ਕਰਕੇ ਗ੍ਰਿਫਤਾਰ ਕਰਨ ਦੀ ਜਮਹੂਰੀ ਅਧਿਕਾਰ ਸਭਾ ਪੰਜਾਬ ਦੀ ਜ਼ਿਲ੍ਹਾ ਇਕਾਈ ਬਠਿੰਡਾ ਨੇ ਨਿਖੇਧੀ ਕੀਤੀ ਗਈ ਹੈ।

ਜਾਰੀ ਕੀਤੇ ਇੱਕ ਪ੍ਰੈੱਸ ਬਿਆਨ ਵਿੱਚ ਜ਼ਿਲ੍ਹਾ ਪ੍ਰਧਾਨ ਪ੍ਰਿੰਸੀਪਲ ਬੱਗਾ ਸਿੰਘ, ਜਨਰਲ ਸਕੱਤਰ ਪ੍ਰਿਤਪਾਲ ਸਿੰਘ ਤੇ ਪ੍ਰੈੱਸ ਸਕੱਤਰ ਡਾਕਟਰ ਅਜੀਤਪਾਲ ਸਿੰਘ ਨੇ ਦੱਸਿਆ ਕਿ ਪੁਲਿਸ ਵੱਲੋਂ ਹਰਗੋਪਾਲ (ਜੋ ਕਿ 74 ਸਾਲਾ ਬਜ਼ੁਰਗ ਹਨ ਅਤੇ ਜਾਣੇ ਪਹਿਚਾਣੇ ਲੋਕ ਪੱਖੀ ਬੁੱਧੀਜੀਵੀ ਹਨ) ਅਤੇ ਉੱਥੇ ਹਾਜ਼ਰ ਅਧਿਆਪਕਾਂ-ਵਿਦਿਆਰਥੀਆਂ ਉਪਰ ਹਮਲਾ ਕਰ ਦਿੱਤਾ ਗਿਆ ਜੋ ਪੁਰਅਮਨ ਢੰਗ ਨਾਲ ਕੀਤੇ ਇਕੱਠ ਵਿੱਚ ਸਰਕਾਰੀ ਸਿੱਖਿਆ ਪ੍ਰਬੰਧ ਨੂੰ ਬਚਾਉਣ ਬਾਰੇ ਬਹਿਸ ਵਟਾਂਦਰਾ ਕਰ ਰਹੇ ਸਨ। ਭਾਸ਼ਨ ਚਲ ਰਿਹਾ ਸੀ। ਪ੍ਰੋਫ਼ੈਸਰ ਹਰੀ ਗੋਪਾਲ, ਪ੍ਰੋਫੈਸਰ, ਚੰਦਰ ਸ਼ੇਖਰ ਰਾਓ, ਪ੍ਰੋਫੈਸਰ ਲਕਸ਼ਮੀ ਨਾਰਾਇਣ ਤੇ ਹੋਰਾਂ ਨੂੰ ਬੁਰੀ ਤਰ੍ਹਾਂ ਧੱਕੇ ਮਾਰ ਕੇ ਵੈਨ ਵਿੱਚ ਸੁੱਟ ਕੇ ਪੁਲਿਸ ਥਾਣੇ ਲਿਜਾਇਆ ਗਿਆ। ਬਹੁਤ ਸਾਰੇ ਅਧਿਆਪਕਾਂ ਤੇ ਵਿਦਿਆਰਥੀਆਂ ਦੇ ਸੱਟਾਂ ਵੀ ਵੱਜੀਆਂ। ਚੇਤੰਨਿਆ ਮਹਿਲਾ ਸੰਘ ਦੀ ਕਾਰਕੁੰਨ ਦਾ ਪੈਰ ਫਰੈਕਚਰ ਹੋ ਗਿਆ। ਸੌ ਦੀ ਗਰੀਬ ਬੁੱਧੀਜੀਵੀਆਂ ਤੇ ਅਧਿਆਪਕਾਂ ਨੂੰ ਗ੍ਰਿਫਤਾਰ ਕਰ ਲਿਆ ਗਿਆ।

ਜਮਹੂਰੀ ਅਧਿਕਾਰ ਸਭਾ ਸਮਝਦੀ ਹੈ ਕਿ ਸਿੱਖਿਆ ਮਨੁੱਖ ਦਾ ਬੁਨਿਆਦੀ ਜਮਹੂਰੀ ਹੱਕ ਹੈ ਅਤੇ ਇਸ ਹੱਕ ਦੀ ਰਾਖੀ ਲਈ ਇਕੱਠੇ ਹੋ ਕੇ ਵਿਚਾਰ ਵਟਾਂਦਰਾ ਕਰਨਾ ਕੋਈ ਗੁਨਾਹ ਨਹੀਂ ਹੈ।ਇਸ ਹੱਕ ਸਬੰਧੀ ਯਾਤਰਾ ਦੀ ਵਿਉਂਤਬੰਦੀ ਕਰਨ ਵਾਲਿਆਂ ਤੇ ਧੱਕਾ ਵਰਤਣਾ ਜਮਹੂਰੀ ਅਧਿਕਾਰਾਂ ਦੀ ਉਲੰਘਣਾ ਹੈ। ਜਮਹੂਰੀ ਅਧਿਕਾਰ ਸਭਾ ਨੇ ਮੰਗ ਕੀਤੀ ਹੈ ਇਨ੍ਹਾਂ ਗ੍ਰਿਫ਼ਤਾਰ ਆਗੂਆਂ ਨੂੰ ਤੁਰੰਤ ਰਿਹਾਅ ਕੀਤਾ ਜਾਵੇ, ਉਨ੍ਹਾਂ ਤੇ ਦਰਜ ਪੁਲਿਸ ਕੇਸ ਵਾਪਸ ਲਿਆ ਜਾਵੇ ਅਤੇ ਦਮਨ ਕਰਨ ਵਾਲੇ ਪੁਲਸ ਕਰਮਚਾਰੀਆਂ ਖਿਲਾਫ ਸਖਤ ਕਾਰਵਾਈ ਕੀਤੀ ਜਾਵੇ।

**ਜਾਰੀ ਕਰਤਾ– ਡਾ ਅਜੀਤਪਾਲ ਸਿੰਘ ਸੂਬਾ ਸਕੱਤਰੇਤ ਮੈਂਬਰ ਤੇ ਪ੍ਰੈਸ ਸਕੱਤਰ ਜਮਹੂਰੀ ਅਧਿਕਾਰ ਸਭਾ ਪੰਜਾਬ**

# ਐਕਸਗ੍ਰੇਸ਼ੀਆ ਪਾਲਸੀ ਦੁਬਾਰਾ ਹੋਵੇਗੀ ਲਾਗੂ

## ਕਰਮਚਾਰੀ ਦੀ ਮੌਤ ਤੋਂ ਬਾਅਦ ਪਰਿਵਾਰ ਦੇ ਮੈਂਬਰ ਨੂੰ ਮਿਲ ਸਕੇਗੀ ਨੌਕਰੀ

**ਚੰਡੀਗੜ੍ਹ–** ਕਾਂਗਰਸ ਸਰਕਾਰ ਵੱਲੋਂ 2006 ਵਿਚ ਬੰਦ ਕੀਤੀ ਗਈ ਐਕਸਗ੍ਰੇਸ਼ੀਆ ਪਾਲਸੀ ਨੂੰ ਹਰਿਆਣਾ ਸਰਕਾਰ ਇਕ ਵਾਰ ਫਿਰ ਲਾਗੂ ਕਰ ਸਕਦੀ ਹੈ। ਇਸ ਨਾਲ ਕਿਸੇ ਕਰਮਚਾਰੀ ਦੀ ਮੌਤ 'ਤੇ ਉਸਦੇ ਪਰਿਵਾਰ ਦੇ ਕਿਸੇ ਮੈਂਬਰ ਨੂੰ ਨੌਕਰੀ ਮਿਲ ਸਕੇਗੀ। ਮੁੱਖ ਮੰਤਰੀ ਵੱਲੋਂ ਪਾਲਸੀ ਦਾ ਡ੍ਰਾਫਟ ਬਣਾਉਣ ਦੇ ਲਈ ਅਧਿਕਾਰੀਆਂ ਨੂੰ ਕਿਹਾ ਗਿਆ ਹੈ।

ਸਰਕਾਰ ਦੀ ਇਹ ਪਾਲਸੀ ਚੋਣਾਂ ਨਾਲ ਵੀ ਜੋੜ ਕੇ ਦੇਖੀ ਜਾ ਰਹੀ ਹੈ ਕਿਉਂਕਿ ਕਰਮਚਾਰੀ ਸਰਕਾਰ ਤੋਂ ਨਰਾਜ਼ ਚੱਲ ਰਹੇ ਹਨ। ਅਜਿਹੇ ਵਿਚ ਇਸ ਪਾਲਸੀ ਨਾਲ ਉਹਨਾਂ ਨੂੰ ਕੁਝ ਸ਼ਾਂਤ ਕੀਤਾ ਜਾ ਸਕਦਾ ਹੈ। ਵਰਣਨਯੋਗ ਹੈ ਕਿ ਸੂਬੇ ਵਿਚ ਚੌਟਾਲਾ ਸਰਕਾਰ ਨੇ ਇਯ ਪਾਲਸੀ ਵਿਚ ਕੁਝ ਤਬਦੀਲੀ ਕੀਤੀ ਸੀ, ਜਿਸ ਨਾਲ ਕਰਮਚਾਰੀਆਂ ਦੇ ਆਸ਼ਰਿਤਾਂ ਨੂੰ ਨੌਕਰੀ ਜਾਂ ਪੰਜ ਲੱਖ ਰੁਪਏ ਲੈਣ ਲਈ ਕਿਹਾ ਗਿਆ ਸੀ ਪਰ ਉਹਨਾਂ ਨੇ ਨੌਕਰੀ ਨੂੰ ਹੀ ਚੁਣਿਆ।

ਸੂਬੇ ਭਰ ਵਿਚ 5 ਫੀਸਦੀ ਅਹੁਦਿਆਂ ਤੇ ਐਕਸਗ੍ਰੇਸ਼ੀਆ ਯਾਨਿ ਤੁਰੰਤ ਰਾਹਤ ਦੇ ਆਧਾਰ ਤੇ ਨੌਕਰੀ ਦੇਣ ਦਾ ਕੋਟਾ ਤਹਿ ਕੀਤਾ ਗਿਆ ਸੀ। ਬਾਅਦ ਵਿਚ ਕਾਂਗਰਸ ਨੇ 2006 ਵਿਚ ਇਸ ਪਾਲਸੀ ਨੂੰ ਬੰਦ ਕਰ ਦਿੱਤਾ। ਹਾਲਾਂਕਿ ਕਰਮਚਾਰੀਆਂ ਦੇ ਆਸ਼ਰਿਤਾਂ ਦੇ ਲਈ ਪੈਨਸ਼ਨ ਯੋਜਨਾ ਆਰੰਭ ਕਰ ਦਿੱਤੀ ਗਈ ਸੀ। ਜਿਸ ਦੇ ਤਹਿਤ ਉਹਨਾਂ ਨੂੰ ਸਮੇਂ ਮੁਤਾਬਕ ਤਨਖਾਹ ਨੂੰ ਪੈਨਸ਼ਨ ਦੇ ਰੂਪ ਵਿਚ ਦਿੱਤੇ ਜਾਣ ਦੀ ਵਿਵਸਥਾ ਕੀਤੀ ਗਈ। ਮੁੱਖ ਮੰਤਰੀ ਮਨੋਹਰ ਲਾਲ ਦਾ ਕਹਿਣਾ ਹੈ ਕਿ ਮ੍ਰਿਤਕ ਕਰਮਚਾਰੀਆਂ ਦੇ ਆਸ਼ਰਿਤਾਂ ਨੂੰ ਰੁਜ਼ਗਾਰ ਦੇਣ ਦੇ ਲਈ ਐਕਸਗ੍ਰੇਸ਼ੀਆ ਨੀਤੀ ਨੂੰ ਦੁਬਾਰਾ ਆਰੰਭ ਕਰਾਂਗੇ। ਇਸ ਦੇ ਲਈ ਪ੍ਰਸਤਾਵ ਤਿਆਰ ਕਰ ਰਹੇ ਹਾਂ। ਇਹ ਤਿਆਰ ਹੋਣ ਤੋਂ ਬਾਅਦ ਨੋਟੀਫਿਕੇਸ਼ਨ ਜਾਰੀ ਕੀਤਾ ਜਾਵੇਗਾ।



ਸ੍ਰੀ ਗੁਰੂ ਰਵਿਦਾਸ ਇਤਿਹਾਸਕ ਧਰਮ ਅਸਥਾਨ ਸ੍ਰੀ ਚਰਨ ਛੋਹ ਗੰਗਾ ਅੰਮ੍ਰਿਤ ਕੁੰਡ ਸਚਖੰਡ ਸਾਹਿਬ ਖੁਰਾਲਗੜ ਵਿਖੇ ਭਾਰਤੀ ਜਨਤਾਂ ਪਾਰਟੀ ਪੰਜਾਬ ਦੇ ਉਪ ਪ੍ਰਧਾਨ ਸ੍ਰੀ ਰਾਜੈਸ਼ ਬਾਗਾ ਜੀ ਸਤਿਗੁਰੂ ਰਵਿਦਾਸ ਮਹਾਰਾਜ ਜੀ ਦੇ ਦਰਬਾਰ ਵਿੱਚ ਨਤਮਸਤਕ ਹੋਏ, ਉਨਾਂ ਨੂ ਗੁਰੂ ਘਰ ਵਲੋ ਸੰਮਾਨਤ ਕਰ ਦਿਆ, ਆਲ ਇੰਡੀਆ ਆਦਿ ਧਰਮ ਮਿਸ਼ਨ ਦੇ ਪ੍ਰਧਾਨ ਸੰਤ ਸਤਵਿੰਦਰ ਹੀਰਾ ਜੀ ਨਾਲ ਆਲ ਇੰਡੀਆ ਸੈਵਾਦਲ ਦੈ ਪ੍ਰਧਾਨ ਸ਼੍ਰੀ ਕਮਲ ਜਨਾਗਲ ਜੀ ਸ਼੍ਰੀ ਦਿਆਲ ਚੰਦ ਬੰਗਾ ਜੀ ਸ਼੍ਰੀ ਸੰਤ ਜੋਗਿੰਦਰਪਾਲ ਜੋਹਰੀ ਜੀ ਅਤੇ ਗੁਰਦੀਪ ਸਿੰਘ।

# ਭਾਜਪਾ ਲੀਡਰਾਂ ਦੇ ਕਾਰਨ ਹੁੰਦੇ ਹਨ ਘੱਟ ਗਿਣਤੀਆਂ ਤੇ ਹਮਲੇ- ਯੂ.ਐਨ.

**ਨਵੀਂ ਦਿੱਲੀ–** ਸੰਯੁਕਤ ਰਾਸ਼ਟਰ (ਯੂ. ਐਨ.) ਵਿਚ ਇਕ ਰਿਪੋਰਟ ਸੌਂਪੀ ਗਈ ਹੈ ਜੋ ਕੇਂਦਰ ਵਿਚ ਸੱਤਾਧਾਰੀ ਭਾਰਤੀ ਜਨਤਾ ਪਾਰਟੀ (ਭਾਜਪਾ) ਨੂੰ ਪ੍ਰੇਸ਼ਾਨ ਕਰ ਸਕਦੀ ਹੈ।

ਯੂ. ਐਨ. ਵਿਚ ਪੇਸ਼ ਰਿਪੋਰਟ ਵਿਚ ਦੋਸ਼ ਲਗਾਇਆ ਗਿਆ ਹੈ ਕਿ ਭਾਜਪਾ ਦੇ ਲੀਡਰ ਘੱਟ ਗਿਣਤੀਆਂ ਦੇ ਖਿਲਾਫ ਭੜਕਾਊ ਬਿਆਨ ਦੇ ਰਹੇ ਹਨ, ਜਿਸ ਕਾਰਨ ਮੁਸਲਿਮਾਂ ਅਤੇ ਦਲਿਤਾਂ 'ਤੇ ਹਮਲੇ ਵਧਦੇ ਜਾ ਰਹੇ ਹਨ।

ਇਹ ਰਿਪੋਰਟ ਤੇਂਦਾਈ ਐਚ. ਯੂ. ਮੀ. ਨੇ ਤਿਆਰ ਕੀਤੀ ਹੈ। ਆਪਣੀ ਰਿਪੋਰਟ ਵਿਚ ਐਚ. ਯੂ. ਮੀ. ਨੇ ਕਿਹਾ ਕਿ ਹਿੰਦੂ ਰਾਸ਼ਟਰਵਾਦੀ ਪਾਰਟੀ ਭਾਜਪਾ ਦੀ ਜਿੱਤ ਨੂੰ ਦਲਿਤਾਂ, ਮੁਸਲਿਮਾਂ, ਆਦਿਵਾਸੀ ਅਤੇ ਇਸਾਈ ਫਿਰਕੇ ਦੇ ਖਿਲਾਫ ਹਿੰਸਾ ਨਾਲ ਜੋੜਿਆ ਜਾਂਦਾ ਹੈ। ਘੱਟ ਗਿਣਤੀ ਫਿਰਕੇ ਦੇ ਖਿਲਾਫ ਭਾਜਪਾ ਲੀਡਰਾਂ ਵੱਲੋਂ ਲਗਾਤਾਰ ਭੜਕਾਊ ਬਿਆਨ ਦਿੱਤੇ ਜਾਂਦੇ ਰਹੇ ਹਨ, ਜਿਸ ਕਾਰਨ ਮੁਸਲਿਮਾਂ ਅਤੇ ਦਲਿਤਾਂ ਨੂੰ ਨਿਸ਼ਾਨਾ ਬਣਾਇਆ ਗਿਆ।

# ਗਾਇਕਾ ਨੀਲਮ ਠੱਕਰਵਾਲ ਦਾ ਲੋਕ-ਤੱਥ 'ਪਰਖ' ਰਿਲੀਜ




**ਚੰਡੀਗੜ (ਪ੍ਰੀਤਮ ਲੁਧਿਆਣਵੀ)** ਵੱਖ-ਵੱਖ ਵਿਸ਼ਿਆਂ ਤੇ ਸਿੰਗਲ ਟਰੈਕਾਂ ਨਾਲ ਆਪਣੀ ਵੱਖਰੀ ਪਹਿਚਾਣ ਬਣਾ ਚੁੱਕੀ ਗਾਇਕਾ ਨੀਲਮ ਠੱਕਰਵਾਲ ਦਾ ਲੋਕ-ਤੱਥ 'ਪਰਖ' ਯੂ-ਟਿਊਬ ਤੇ ਰਿਲੀਜ ਕੀਤਾ ਗਿਆ। ਇਸ ਗੀਤ ਨੂੰ ਲਿਖਿਆ ਹੈ ਪੰਜਾਬੀ ਮਾਂ-ਬੋਲੀ ਦੇ ਮਾਣਮੱਤੇ ਗੀਤਕਾਰ ਗੁਰਜੰਟ ਪਟਿਆਲ਼ਾ ਨੇ। 'ਯਮਲਾ ਰਿਕਾਡਜ' ਵੱਲੋਂ ਰਿਲੀਜ ਕੀਤੇ ਗਏ ਇਸ ਗੀਤ ਦਾ ਸੰਗੀਤ ਤਿਆਰ ਕੀਤਾ ਹੈ ਗਰੂਵ ਮੇਟ ਨੇ। ਪ੍ਰੈਸ ਨੂੰ ਜਾਣਕਾਰੀ ਦਿੰਦਿਆਂ ਗਾਇਕਾ ਨੀਲਮ ਨੇ ਦੱਸਿਆ ਕਿ ਉਹ ਹਮੇਸ਼ਾਂ ਸਮਾਜ ਨੂੰ ਸਹੀ ਸੇਧ ਦੇਣ ਵਾਲੇ ਸਾਫ਼-ਸੁਥਰੇ ਗੀਤ ਹੀ ਸਰੋਤਿਆਂ ਦੀ ਝੋਲੀ ਵਿੱਚ ਪਾਉਣਾ ਚਾਹੁੰਦੀ ਹੈ। ਨਸ਼ੇ ਅਤੇ ਹਥਿਆਰਾਂ ਨੂੰ ਪਰਮੋਟ ਕਰਨ ਵਾਲੇ ਗੀਤਾਂ ਤੋਂ ਉਹ ਹਮੇਸ਼ਾ ਦੂਰ ਹੀ ਰਹਿੰਦੀ ਹੈ। ਉਸ ਦਾ ਕਹਿਣਾ ਹੈ ਕਿ ਸਰੋਤੇ ਵੀ ਹਮੇਸ਼ਾਂ ਸਾਫ਼-ਸੁਥਰੇ ਗੀਤ ਹੀ ਸੁਣਨ ਤਾਂ ਜੋ ਆਉਣ ਵਾਲੇ ਸਮੇਂ ਵਿੱਚ ਵੀ ਸਾਡੀ ਮਾਂ-ਬੋਲੀ ਦਾ ਸਿਰ ਹਮੇਸ਼ਾਂ ਮਾਣ ਨਾਲ ਉੱਚਾ ਰਹੇ।

# ਨਿਰੰਕਾਰੀ ਸੇਵਾਦਾਰਾਂ ਨੇ ਰੇਲਵੇ ਸਟੇਸ਼ਨ ਦੀ ਸਫਾਈ ਕੀਤੀ 'ਤੇ ਰੁੱਖ ਲਗਾਏ






**ਜੈਤੋ–** ਸੰਤ ਨਿਰੰਕਾਰੀ ਚੈਰੀਟੇਬਲ ਫਾਂਊਂਡੇਸ਼ਨ ਜੈਤੋ ਮੰਡੀ ਦੇ ਨਿਰੰਕਾਰੀ ਸੇਵਾਦਾਰਾਂ ਨੇ ਗੰਗਸਰ ਜੈਤੋ ਦੇ ਰੇਲਵੇ ਸਟੇਸ਼ਨ ਵਿਖੇ ਸਵੱਛ ਭਾਰਤ ਅਭਿਆਨ ਤਹਿਤ ਸਫਾਈ ਮੁਹਿੰਮ ਚਲਾ ਕੇ ਪੂਰੇ ਰੇਲਵੇ ਸਟੇਸ਼ਨ, ਪਲੇਟਫਾਰਮਾਂ, ਰੇਲਵੇ ਟਰੈਕਸ, ਘਾਹ ਫੂਸ,ਗੰਦਗੀ ਆਦਿ ਦੀ ਸਾਫ-ਸਫਾਈ ਕੀਤੀ ਅਤੇ ਰੇਲਵੇ ਸਟੇਸ਼ਨ ਦੇ ਪਾਰਕ ਆਦਿ ਵਿੱਚ ਵੱਖ-ਵੱਖ ਕਿਸਮਾਂ ਦੇ ਰੁੱਖ ਲਗਾਏ। ਇਹ ਸਫਾਈ ਅਭਿਆਨ ਸਟੇਸ਼ਨ ਮਾਸਟਰ ਸ਼੍ਰੀ ਨਰਾਇਣ ਮੀਨਾ ਦੀ ਪ੍ਰੇਰਨਾ ਸਦਕਾ ਸਥਾਨਕ ਮੁਖੀ ਅਸ਼ੋਕ ਧੀਰ , ਸੰਚਾਲਕ ਬਲਵਿੰਦਰ ਸਿੰਘ ਅਤੇ ਸਿਖਸ਼ਿਕ ਲਖਵੀਰ ਭੱਟੀ ਦੀ ਅਗਵਾਈ ਹੇਠ ਚਲਾਇਆ ਗਿਆ। ਇਸ ਸਫਾਈ ਅਭਿਆਨ ਵਿੱਚ ਲਗਭਗ 70-80 ਸੇਵਾਦਾਰਾਂ ਨੇ ਹਿੱਸਾ ਲਿਆ। ਨਿੰਰਕਾਰੀ ਸੇਵਾਦਾਰਾਂ ਵੱਲੋਂ ਰੇਲਵੇ ਸਟੇਸ਼ਨ 'ਤੇ ਕਈ ਤਰਾਂ ਦੇ ਪੌਦੇ ਵੀ ਲਗਾਏ ਗਏ। ਗੰਗਸਰ ਜੈਤੋ ਦੇ ਸਟੇਸ਼ਨ ਮਾਸਟਰ ਸ਼੍ਰੀ ਨਰਾਇਣ ਮੀਨਾ, ਕੈਲਾਸ਼ ਸ਼ਰਮਾ, ਸੁਭਾਸ਼ ਚੰਦਰ ਅਤੇ ਸੁਧੀਰ ਵਿੱਜ (ਸੀ.ਬੀ.ਐਸ.) ਨੇ ਭਾਰਤ ਸਰਕਾਰ ਵੱਲੋਂ ਚਲਾਏ ਗਏ ਸਵੱਛ ਭਾਰਤ ਅਭਿਆਨ ਤਹਿਤ ਨਿਰੰਕਾਰੀ ਮਿਸ਼ਨ ਦੇ ਸੇਵਾਦਾਰਾਂ ਵੱਲੋਂ ਰੇਲਵੇ ਸਟੇਸ਼ਨ ਤੇ ਸਫਾਈ ਕਰਨ 'ਤੇ ਪੌਦੇ ਲਗਾਉਣ ਲਈ ਧੰਨਵਾਦ ਕੀਤਾ ਅਤੇ ਖੂਬ ਪ੍ਰਸ਼ੰਸ਼ਾ ਕੀਤੀ। ਪ੍ਰਮੋਦ ਧੀਰ ਨੇ ਦੱਸਿਆ ਕਿ ਨਿਰੰਕਾਰੀ ਮਿਸ਼ਨ ਦੇ ਸਤਿਗੁਰੂ ਮਾਤਾ ਸੁਦੀਕਸ਼ਾ ਜੀ ਮਹਾਰਾਜ ਵੱਲੋਂ ਪੂਰੇ ਭਾਰਤ ਵਿੱਚ ਸੰਤ ਨਿਰੰਕਾਰੀ ਚੈਰੀਟੇਬਲ ਫਾਂਊਂਡੇਸ਼ਨ ਤਹਿਤ ਇਸ ਤਰਾਂ ਦੇ ਸਫਾਈ ਅਭਿਆਨ, ਖੂਨਦਾਨ ਕੈਂਪ, ਮੈਡੀਕਲ ਕੈਂਪ, ਕੇਰਲਾ ਦੇ ਹੜ੍ਹ ਪੀੜਤਾਂ ਦੀ ਮਦਦ ਸਬੰਧੀ ਕੈਂਪ, ਰੁੱਖ ਲਗਾਉ ਮੁਹਿੰਮ ਆਦਿ ਲਗਾਤਾਰ ਚਲਾਏ ਜਾ ਰਹੇ ਹਨ, ਇਸੇ ਕੜ੍ਹੀ ਤਹਿਤ ਅੱਜ ਗੰਗਸਰ ਜੈਤੋ ਰੇਲਵੇ ਸਟੇਸ਼ਨ ਦੀ ਸਾਫ ਸਫਾਈ ਕਰਕੇ ਇਥੋਂ ਗੰਦਗੀ ਦੂਰ ਕੀਤੀ ਗਈ ਹੈ। ਸਥਾਨਕ ਮੁਖੀ ਅਸ਼ੋਕ ਧੀਰ ਨੇ ਦੱਸਿਆ ਕਿ ਨਿਰੰਕਾਰੀ ਸੇਵਾਦਾਰਾਂ ਵੱਲੋਂ ਕਾਫੀ ਸਾਲਾਂ ਤੋਂ ਇਸ ਤਰਾਂ ਦੀਆਂ ਸੇਵਾਵਾਂ,ਸਫਾਈ ਕੈਂਪ ਆਦਿ ਜਾਰੀ ਹਨ ਉਨ੍ਹਾਂ ਮੰਡੀ ਨਵਾਸੀਆਂ ਨੂੰ ਕਿਹਾ ਕਿ ਅੱਗੇ ਤੋਂ ਵੀ ਸਾਡੇ ਸੇਵਾਦਾਰਾਂ ਵੱਲੋਂ ਇਸ ਤਰਾਂ ਦੀਆਂ ਸੇਵਾਵਾਂ ਹਮੇਸ਼ਾ ਜਾਰੀ ਰਹਿਣਗੀਆਂ। ਉਹਨਾਂ ਨਿਰੰਕਾਰ, ਪ੍ਰਮਾਤਮਾ ਤੋਂ ਯੂਨਿਟ 108 ਜੈਤੋ ਦੇ ਸਮੂਹ ਸੇਵਾਦਾਰਾਂ ਅਤੇ ਸਮੁੱਚੇ ਸਮਾਜ ਲਈ ਸੁੱਖ ਸਾਂਤੀ, ਤਰੱਕੀ ਅਤੇ ਭਲੇ ਆਦਿ ਦੀ ਕਾਮਨਾ ਕੀਤੀ 'ਤੇ ਸੇਵਾ ਵਿੱਚ ਯੋਗਦਾਨ ਪਾਉਣ ਲਈ ਸਭ ਦਾ ਤਹਿ ਦਿਲੋਂ ਧੰਨਵਾਦ ਕੀਤਾ। ਇਸ ਸਫਾਈ ਅਭਿਆਨ ਦੀ ਜੈਤੋ ਦੀਆਂ ਸਮਾਜ ਸੇਵੀ ਸੰਸਥਾਵਾਂ ਅਤੇ ਹੋਰ ਸੱਜਣਾਂ ਨੇ ਭਰਪੂਰ ਸ਼ਲਾਘਾ ਕੀਤੀ। ਇਸ ਮੁਹਿੰਮ ਵਿੱਚ ਅਸ਼ੋਕ ਧੀਰ, ਬਲਵਿੰਦਰ ਸਿੰਘ, ਲਖਵੀਰ ਭੱਟੀ, ਬਾਜ ਸਿੰਘ, ਪ੍ਰਮੋਦ ਧੀਰ, ਬਲਦੇਵ ਸਿੰਘ ਸਿੱਧੂ, ਗੁਰਚਰਨ ਠੇਕੇਦਾਰ, ਗੁਰਦੇਵ ਸਿੰਘ, ਮਹਿੰਦਰ ਰੋੜੀਕਪੂਰਾ, ਪਰਮਨੂਰ, ਇਸ਼ਵਰ ਲਾਲਾ, ਰਾਜ ਕੁਮਾਰ, ਸੇਠੀ, ਮਨਦੀਪ ਜੋਨੀ, ਰਾਮ ਰਾਜ ਸੇਵਕ, ਪ੍ਰੇਮ ਬਾਂਸਲ ਦੀਪਕ ਕਲਾਥ ਵਾਲੇ, ਦੇਵੀ ਮਹੇਸ਼ਵਰੀ, ਦਵਿੰਦਰ ਗੋਇਲ, ਡਾ ਸੁਰੇਸ਼ ਮਹੇਸ਼ਵਰੀ, ਓਮ ਪ੍ਰਕਾਸ਼ ਆਦਿ ਨੇ ਵੀ ਭਰਪੂਰ ਸਹਿਯੋਗ ਦਿੱਤਾ। **–ਅਸ਼ੋਕ ਧੀਰ**

# ਮੈਹਸ ਸਕੂਲ ਦੇ ਬੱਚਿਆਂ ਨੇ 'ਸਾਇੰਸ ਸਿਟੀ' ਦਾ ਟੂਰ ਲਾਇਆ



ਬੱਚਿਆਂ ਦੇ ਗਿਆਨ ਵਿੱਚ ਵਾਧਾ ਕਰਨ ਲਈ ਸਿੱਖਿਆ ਵਿਭਾਗ ਨੇ ਸਕੂਲਾਂ ਦੇ ਵਿਦਿਆਰਥੀਆਂ ਲਈ 'ਪੁਸ਼ਪਾ ਗੁਜਰਾਲ ਸਇੰਸ ਸਿਟੀ' ਕਪੂਰਥਲਾ ਵਿਖੇ ਵਿਜ਼ਟ ਕਰਾਉਣ ਦੀਆਂ ਹਦਾਇਤਾਂ ਦਿੱਤੀਆ ਹਨ ਜਿਨ੍ਹਾਂ ਅਨੁਸਾਰ ਸਰਕਾਰੀ ਮਿਡਲ ਸਕੂਲ ਮੈਹਸ (ਪਟਿਆਲਾ) ਦੇ ਬੱਚਿਆਂ ਦਾ ਮੁਫ਼ਤ ਇੱਕ ਰੋਜ਼ਾ ਟੂਰ ਸ਼੍ਰੀ ਸੁਨੀਲ ਕੁਮਾਰ ਦੁੱਗਲ ਪੰਜਾਬੀ ਮਾਸਟਰ (ਟੂਰ ਇੰਚਾਰਜ) ਦੀ ਰਹਿਨੁਮਾਈ ਹੇਠ ਸਾਇੰਸ ਸਿਟੀ ਕਪੂਰਥਲਾ ਵਿਖੇ ਗਿਆ।ਇਥੇ ਬੱਚਿਆਂ ਨੇ ਵਾਤਾਵਰਣ ਵਿੱਚ ਹੋ ਰਹੀਆਂ ਤਬਦੀਲੀਆਂ, ਸੋਲਰ ਸਿਸਟਮ, ਮਨੁੱਖੀ ਸਰੀਰ, ਕੁਦਰਤੀ ਆਫ਼ਤਾਂ ਭੁਚਾਲ ਆਦਿ, ਲੇਜ਼ਰ ਸਿਸਟਮ, ਮੰਗਲ ਯਾਨ, ਚੰਦਰਮਾ ਤੇ ਪਹੁੰਚਣ ਵਾਲੀ ਗੱਡੀ, ਸਪੇਸ ਸੈਂਟਰ, ਬ੍ਰਹਿਮੰਡ ਵਿੱਚ ਸੂਰਜ ਅਤੇ ਸੂਰਜੀ ਪਰਿਵਾਰ ਦੇ ਗ੍ਰਹਿਸਾਂ ਅਤੇ ਤਾਰਿਆਂ ਨੂੰ ਬੜੇ ਹੀ ਨੇੜੇ ਤੋਂ ਬੜੀ ਹੀ ਉਤਸ਼ੁਕਤਾ ਨਾਲ ਤੱਕਿਆ ਅਤੇ ਜਾਣਕਾਰੀ ਪ੍ਰਾਪਤ ਕੀਤੀ। ਟੂਰ ਨੂੰ ਸਫਲਤਾ ਪੂਰਵਕ ਨੇਪਰੇ ਚਾੜ੍ਹਣ ਲਈ ਹਰਦੀਪ ਸਿੰਘ ਪੀ.ਟੀ.ਆਈ. ਅਤੇ ਸ਼੍ਰੀਮਤੀ ਸੰਦੀਪ ਕੌਰ ਸਿੱਖਿਆ ਪ੍ਰੋਵਾਈਡਰ ਨੇ ਅਹਿਮ ਭੂਮਿਕਾ ਨਿਭਾਈ ।ਬੱਚਿਆਂ ਨੇ ਪੂਰੇ ਅਨੁਸ਼ਾਸ਼ਨ ਨਾਲ ਇਸ ਯਾਦਗਾਰੀ ਟੂਰ ਦਾ ਆਨੰਦ ਮਾਣਿਆ। **– ਮੇਜਰ ਸਿੰਘ ਨਾਭਾ**

# ਐਸੋਸੀਏਸ਼ਨ ਆਫ ਪ੍ਰਿੰਟਰਜ਼ (ਰਜਿ:) ਦੀ 6ਵੀ ਸਾਲਾਨਾ ਜਨਰਲ ਮੀਟਿੰਗ

**ਬਟਾਲਾ (ਨਰਿੰਦਰ ਬਰਨਾਲ)–** ਐਸੋਸੀਏਸ਼ਨ ਆਫ ਪ੍ਰਿੰਟਰਜ਼ (ਰਜਿ:) ਦੀ 6 ਵੀਂ ਸਾਲਾਨਾ ਜਨਰਲ ਮੀਟਿੰਗ, ਬਟਾਲਾ ਕਲੱਬ ਵਿਖੇ ਹੋਈ। ਜਿਸ ਵਿਚ ਪ੍ਰੀ ਪ੍ਰੈਸ-ਪ੍ਰੈਸ-ਪੋਸਟ ਪ੍ਰੈਸ ਦੇ ਮਾਲਕਾਂ ਨੇ ਹਿੱਸਾ ਲਿਆ। ਇਸ ਵਿੱਚ ਸਰਬ ਸੰਮਤੀ ਨਾਲ ਸਾਲ 2018-19 ਲਈ ਹਰਦੀਪ ਸਿੰਘ ਭਾਟੀਆ ਪ੍ਰਧਾਨ (ਮਾਰਬਲ ਪ੍ਰੈਸ), ਗੌਰਵ ਸੱਭਰਵਾਲ ਜਨਰਲ ਸਕੱਤਰ (ਸ਼੍ਰੀ ਰਾਮ ਪੇਪਰ), ਪਰਦੀਪ ਖੰਨਾਂ ਖਜਾਨਾ ਸਕੱਤਰ (ਖੰਨਾ ਪ੍ਰੈਸ) ਨਿਯੁਕਤ ਕੀਤਾਂ ਗਿਆ। ਇਸ ਮੌਕੇ ਨਵਗਠਿਤ ਅਹੁਦੇਦਾਰਾਂ ਵਲੋਂ ਮੈਂਬਰਾਂ ਨੂੰ ਵਿਸ਼ਵਾਸ਼ ਦਿਵਾਇਆ ਕਿ ਐਸੋਸੀਏਸ਼ਨ ਇਸੇ ਤਰ੍ਹਾਂ ਹੀ ਸਮਾਜ ਭਲਾਈ ਦੇ ਕੰਮ ਕਰਦੀ ਰਹੇਗੀ।



ਸਮੇਂ ਸਮੇਂ ਪ੍ਰਿੰਟ ਬਿਸਨੈਸ਼ ਪ੍ਰਮੋਸ਼ਨ ਲਈ ਮਾਹਰਾਂ ਨੂੰ ਬੁਲਾ ਕੇ ਸੈਮੀਨਾਰ ਵੀ ਕੀਤੇ ਜਾਣਗੇ ਤਾਂ ਜੋ ਇਸ ਪ੍ਰਿੰਟ ਇੰਡਸਟਰੀ ਨੂੰ ਸਮੇਂ ਦਾ ਹਾਣੀ ਬਣਾਇਆ ਜਾ ਸਕੇ। ਇਸ ਮੋਕੇ ਸਾਬਕਾ ਪ੍ਰਧਾਨ ਹਰਬਖਸ਼ ਸਿੰਘ ਨੇ ਨਵਗਠਿਤ ਟੀਮ ਨੂੰ ਵਧਾਈ ਦਿੱਤੀ ਤੇ ਪਿਛਲੇ ਸਾਲ ਦੌਰਾਨ ਕੀਤੇ ਗਏ ਕੰਮਾਂ ਬਾਰੇ ਜਾਣਕਾਰੀ ਸਾਂਝੀਆ ਕੀਤੀਆਂ ਜਿਸ ਵਿਚ ਸਮਾਜ ਭਲਾਈ ਤੇ "ਅੱਗ ਤੋਂ ਬਚਾਓ ਕੈਂਪ ਤਿੰਨ ਵਾਰ ਪ੍ਰਿੰਟ-ਯਾਤਰਾ ਦੇ ਨਾਲ ਐਸੋਸੀਏਸ਼ਨ ਨੂੰ ਪ੍ਰਿੰਟਿੰਗ-ਇੰਡਸਟਰੀ ਵਿਚ ਵਿਸ਼ੇਸ਼ ਸਨਮਾਨ ਤੇ ਸਤਾਂਨ ਪ੍ਰਾਪਤ ਹੋਇਆ। ਮੈਂਬਰਾਂ ਨੂੰ ਇਸੇ ਹੀ ਉਤਸ਼ਾਹ ਨਾਲ ਹੋਰ ਕੰਮ ਕਰਨ ਲਈ ਪ੍ਰੇਰਿਆ। ਇਸ ਮੌਕੇ ਗੁਰਮੁੱਖ ਸਿੰਘ ਸਟੇਜ ਸਕੱਤਰ, ਅਨੁਜ ਮਹਾਜਨ, ਈਸ਼ੂ ਮਲਹੋਤਰਾ, ਚੰਦਰ ਤਰੇਹਨ, ਕਪਿਲ ਚੋਪੜਾ, ਪ੍ਰਿਤਪਾਲ ਸਿੰਘ, ਬਰਿੰਦਰ ਸਿੰਘ, ਮਨੋਜ ਖੰਨਾ, ਸਰਬਜੀਤ ਸਿੰਘ, ਰਜ਼ਨੀਸ਼ ਸ਼ਰਮਾ, ਪਰਮਿੰਦਰ ਸਿੰਘ, ਸੁਰਿੰਦਰ ਕੁਮਾਰ, ਈਸ਼ੂ ਮਹਾਜਨ ਆਦਿ ਹਾਜ਼ਰ ਸਨ।




# Thinking of Buying or Selling Houses or Businesses within Sacramento to Bay Area?

## ਕੀ ਤੁਸੀਂ ਸੈਕਰਾਮੈਂਟੋ / ਬੇ-ਏਰੀਆ ਵਿਚ ਘਰ ਜਾਂ ਵਪਾਰਕ ਸੰਪਤੀ ਖਰੀਦਣ ਜਾਂ ਵੇਚਣ ਦੇ ਚਾਹਵਾਨ ਹੋ ਤਾਂ ਅੱਜ ਹੀ ਕਾਲ ਕਰੋ 916-271-5404




3 bdrms, 2.0 Full Baths
1, 145 sq. ft.
Listing Price: $ 259,000




4 bdrms, 2.0 full bath
1,596 sq ft
Lot size: 6,098
Listing Price: $289,900




5 Beds, 3 Baths
4088 Sf
Listing Price: $649,000




4 Beds, 2.5 Baths,
1811 Sf
Listing Price: $ 409,900




4 Beds, 3 Baths,
Sf 3412, 1.82 Acres
Listing Price: $ 899,000




3-4 bdrm, 2.0 full bath
1,492 sq ft
Lot size: 6,469
Listing Price: $299,000




5 bdrm, 2.5 full bath
2,504 sq ft
Lot size: 6,574
Listing Price: $399,000




Beer & Wine
Store for Sale in Sacramento
Monthly Gross: $65K Month
Listing Price $299,000




Liquor Store
Store for Sale in Santa Clara
Monthly Gross: $90K Month
Listing Price $649,000










**Call Now 916-271-5404**
**John Singh Banga**

BERKSHIRE HATHAWAY
Home Services
BH HS BERKSHIRE HATHAWAY HOMESERVICES

# Buying or Selling Hotels and Gas Stations? Call Now- 916-271-5404

# OFFICE: 7412 ELSIE AVE., SACRAMENTO, CA 95828

# ਯੂਨਾਈਟਡ ਸਪੋਰਟਸ ਕਲੱਬ ਦੇ 14ਵੇਂ ਵਿਸ਼ਵ ਕੱਪ ਨੇ ਸਿਰਜਿਆ ਸਫਲਤਾ ਦਾ ਨਵਾਂ ਇਤਿਹਾਸ



ਯੂਨਾਈਟਡ ਸਪੋਰਟਸ ਕਲੱਬ ਕੈਲੀਫੋਰਨੀਆਂ ਦੇ 14ਵੇਂ ਵਿਸ਼ਵ ਕਬੱਡੀ ਕੱਪ ਦਾ ਉਦਘਾਟਨ ਕਰਦੇ ਹੋਏ ਸੁਰਜੀਤ ਸਿੰਘ ਟੁੱਟ, ਜਗੀਰ ਸਿੰਘ ਸਬਜ਼ੀ ਮੰਡੀ, ਮਾਈਕ ਬੋਪਾਰਾਏ, ਸ਼ੱਬਾ ਥਿਆੜਾ, ਹਰਦੁੱਮਣ ਸਿੰਘ ਬਿੱਲਾ ਸੰਘੇੜਾ ਤੇ ਨਾਲ ਖੜੇ ਹਨ ਅਮੋਲਕ ਸਿੰਘ ਗਾਖਲ, ਪਲਵਿੰਦਰ ਸਿੰਘ, ਇਕਬਾਲ ਸਿੰਘ ਗਾਖਲ, ਨੱਥਾ ਸਿੰਘ ਗਾਖਲ ਤੇ ਸਾਧੂ ਸਿੰਘ ਖਲੌਰ।



ਬੇਏਰੀਆ ਲਾਇਨਜ਼ ਦੀ ਵਿਸ਼ਵ ਕਬੱਡੀ ਕੱਪ ਜਿੱਤਣ ਵਾਲੀ ਟੀਮ ਅਮੋਲਕ ਸਿੰਘ ਗਾਖਲ, ਬਲਜੀਤ ਸਿੰਘ ਸੰਧੂ, ਮਾਈਕ ਬੋਪਾਰਾਏ, ਗੁਲਵਿੰਦਰ ਸਿੰਘ ਗਾਖਲ ਨਾਲ।



ਸ਼ੇਰ-ਏ-ਪੰਜਾਬ ਸਪੋਰਟਸ ਕਲੱਬ ਲਾਸ ਬੈਨਸ ਦੀ ਦੂਜਾ ਸਥਾਨ ਹਾਸਲ ਕਰਨ ਵਾਲੀ ਟੀਮ ਮੱਖਣ ਸਿੰਘ ਬੈਂਸ, ਜੁਗਰਾਜ ਸਿੰਘ ਸਹੋਤਾ, ਤਰਲੋਚਨ ਸਿੰਘ ਲੱਛਰ ਨਾਲ।



ਅਦਾਰਾ 'ਦੇਸ਼ ਦੁਆਬਾ' ਦੇ ਮੁੱਖ ਸੰਪਾਦਕ ਸ੍ਰੀ ਪ੍ਰੇਮ ਕੁਮਾਰ ਚੁੰਬਰ ਦਾ ਸਨਮਾਨ ਕਰਦੇ ਹੋਏ ਮੱਖਣ ਸਿੰਘ ਬੈਂਸ (ਚੇਅਰਮੈਨ), ਜੁਗਰਾਜ ਸਿੰਘ ਗਾਖਲ (ਪ੍ਰਧਾਨ), ਸ. ਸੁਰਜੀਤ ਸਿੰਘ ਟੁੱਟ ਅਤੇ ਸ. ਮੇਅਰ ਸਿੰਘ ਬੈਂਸ ਆਦਿ।



ਸ. ਮੇਜਰ ਸਿੰਘ ਬੈਂਸ ਨਾਲ ਪੰਜਾਬੀ ਸੱਭਿਆਚਾਰ ਦੇ ਰੰਗ 'ਚ ਰਾਜਾ ਸਵੀਟਸ ਦੇ ਗਿਆਨੀ ਰਵਿੰਦਰ ਸਿੰਘ।



ਯੂਨਾਈਟਡ ਸਪੋਰਟਸ ਕਲੱਬ ਦੇ ਨਵੇਂ ਪ੍ਰਧਾਨ ਜੁਗਰਾਜ ਸਿੰਘ ਸਹੋਤਾ ਬੈਸਟ ਰੇਡਰ ਤੇ ਬੈਸਟ ਸਟਾਪਰ ਨੂੰ ਸਵ. ਨਸੀਬ ਸਿੰਘ ਗਾਖਲ ਦੀ ਯਾਦ 'ਚ ਗੋਲਡ ਮੈਡਲ ਦਿੰਦੇ ਹੋਏ ਨਾਲ ਖੜੇ ਹਨ ਅਮੋਲਕ ਸਿੰਘ ਗਾਖਲ।



ਯੂਨਾਈਟਡ ਸਪੋਰਟਸ ਕਲੱਬ ਦੇ ਜਨਰਲ ਸਕੱਤਰ ਤੇ ਮੀਡੀਆ ਇੰਚਾਰਜ ਪੱਤਰਕਾਰ ਐੱਸ.ਅਸ਼ੋਕ ਭੌਰਾ ਤੇ ਮੰਚ ਸੰਚਾਲਿਕਾ ਆਸ਼ਾ ਸ਼ਰਮਾ।



ਯੂਨਾਈਟਡ ਸਪੋਰਟਸ ਕਲੱਬ ਕੈਲੀਫੋਰਨੀਆਂ ਦੇ ਨਵੇਂ ਚੁਣੇ ਗਏ ਪ੍ਰਧਾਨ ਜੁਗਰਾਜ ਸਿੰਘ ਸਹੋਤਾ।



ਚੋਟੀ ਦੇ ਕਬੱਡੀ ਖਿਡਾਰੀਆਂ ਦਾ ਰੰਗ: ਰੇਡਰ ਗੁਰਲਾਲ, ਸਟਾਪਰ ਅਰਸ਼ ਚੋਹਲਾ ਸਾਹਿਬ, ਸੰਦੀਪ ਤੇ ਖੁਸ਼ੀ।



ਕਬੱਡੀ ਕੱਪ ਦਾ ਆਨੰਦ ਮਾਣਦੀਆਂ ਹੋਈਆਂ ਨਾਮੀ ਸਖਸ਼ੀਅਤਾਂ।

# ਸੁਰਜੀਤ ਸਿੰਘ ਟੁੱਟ ਅਤੇ ਰਣਜੀਤ ਸਿੰਘ ਟੁੱਟ (ਟੁੱਟ ਭਰਾਵਾਂ) ਵੱਲੋਂ

## ਯੂਨਾਈਟਿਡ ਸਪੋਰਟਸ ਕਲੱਬ ਕੈਲੇਫੋਰਨੀਆ ਵੱਲੋਂ 14ਵਾਂ ਸਾਲਾਨਾ ਇੰਟਰਨੈਸ਼ਨਲ ਕਬੱਡੀ ਕੱਪ ਸਫਲਤਾਪੂਰਵਕ ਕਰਵਾਏ ਜਾਣ ਦੀਆਂ ਸਮੂਹ ਪ੍ਰਬੰਧਕਾਂ ਅਤੇ ਸਹਿਯੋਗੀਆਂ ਨੂੰ ਲੱਖ ਲੱਖ ਵਧਾਈਆਂ।


















ਸ. ਸੀਤਲ ਸਿੰਘ ਨਿਜਰ (ਕਿੰਗ ਸਪੋਰਟਸ ਕਲੱਬ ਸੈਕਰਾਮੈਂਟੋ) ਟੂਰਨਾਮੈਂਟ ਦੌਰਾਨ ਆਪਣੇ ਸਾਥੀਆਂ ਨਾਲ।



ਭੱਜੀ ਗਿੱਲ ਟੂਰਨਾਮੈਂਟ ਦੌਰਾਨ ਆਪਣੇ ਸਾਥੀਆਂ ਨਾਲ।

'ਦੇਸ਼ ਦੁਆਬਾ' 'ਅੰਬੇਦਕਰ ਟਾਈਮਜ਼'
ਆਨਲਾਈਨ ਪੜ੍ਹਨ ਲਈ ਕਲਿੱਕ ਕਰੋ:
www.deshdoaba.com
www.ambedkartimes.com

# ਰੋਇਲ ਕਿੰਗਜ਼ ਯੂ. ਐਸ. ਏ.

ਰੋਇਲ ਕਿੰਗਜ਼ ਯੂ. ਐਸ. ਏ. ਦੇ ਕਰਤਾ-ਧਰਤਾ ਸੱਬਾ ਥਿਆੜਾ, ਹਰਮਨ ਥਿਆੜਾ ਅਤੇ ਜੂਨੀਅਰ ਥਿਆੜਾ ਯੂਨਾਈਟਿਡ ਸਪੋਰਟਸ ਕਲੱਬ ਕੈਲੇਫੋਰਨੀਆ ਯੂ. ਐਸ. ਏ. ਵੱਲੋਂ ਕਰਵਾਏ ਗਏ 14ਵੇਂ ਵਿਸ਼ਵ ਕਬੱਡੀ ਕੱਪ ਟੂਰਨਾਮੈਂਟ ਦੌਰਾਨ ਸ. ਅਮੋਲਕ ਸਿੰਘ ਗਾਖਲ (ਸਰਪ੍ਰਸਤ), ਮੱਖਣ ਸਿੰਘ ਬੈਂਸ (ਚੇਅਰਮੈਨ), ਸ. ਇਕਬਾਲ ਸਿੰਘ ਗਾਖਲ (ਵਾਈਸ ਚੇਅਰਮੈਨ), ਜੁਗਰਾਜ ਸਿੰਘ ਸਹੋਤਾ ਨਵੇਂ ਪ੍ਰਧਾਨ, ਗੁਰਮੁਖ ਸਿੰਘ ਸੰਧੂ, ਸੁੱਖੀ ਸੇਖੋਂ, ਸ. ਸੀਤਲ ਸਿੰਘ ਨਿੱਜਰ, ਕਿੰਗਜ਼ ਸਪੋਰਟਸ ਕਲੱਬ ਸੈਕਰਾਮੈਂਟੋ ਵਾਲੇ ਤੇ ਲੱਛਰ ਭਰਾ, ਜਗੀਰ ਸਿੰਘ ਤੇ ਤੀਰਥ ਸਿੰਘ ਗਾਖਲ ਆਦਿ ਟੂਰਨਾਮੈਂਟ ਦਾ ਉਦਘਾਟਨ ਕਰਨ ਸਮੇਂ ਅਤੇ ਡੇਢ ਦਹਾਕੇ ਤੋਂ ਵਧ ਸਮੇਂ ਤੋਂ ਅੰਤਰ ਰਾਸ਼ਟਰੀ ਨਾਮਵਰ ਕਬੱਡੀ ਖਿਡਾਰੀ ਕਿੰਦੂ ਹਮੀਦੀ ਦਾ ਗੋਲਡ ਮੈਡਲ ਨਾਲ ਸਨਮਾਨ ਕਰਦੇ ਹੋਏ।
















**ਰੌਇਲ ਕਿੰਗਜ਼ ਯੂ. ਐਸ. ਏ. ਦੇ ਕੋਚ ਸਿੰਦੂ ਸਵੱਦੀ ਨੂੰ ਮਿਲਿਆ ਯੂ. ਐਸ. ਏ. ਲਈ 10 ਸਾਲਾਂ ਦਾ ਵੀਜ਼ਾ**

ਸੱਬਾ ਥਿਆੜਾ ਅਨੁਸਾਰ ਰੌਇਲ ਕਿੰਗਜ਼ ਯੂ. ਐਸ. ਏ. ਦੇ ਕਬੱਡੀ ਕੋਚ ਸਿੰਦੂ ਸਵੱਦੀ ਨੂੰ 10 ਸਾਲ ਦਾ ਅਮਰੀਕਾ ਦਾਂ ਵੀਜ਼ਾ ਮਿਲ ਗਿਆ ਹੈ ਤੇ ਇਸ ਖੁਸ਼ੀ 'ਚ ਸੱਬਾ ਥਿਆੜਾ ਨੇ ਵਾਹਿਗੁਰੂ ਦਾ ਕੋਟਿਨ-ਕੋਟਿ ਸ਼ੁਕਰਾਨਾ ਕੀਤਾ।



# Bay Area Lions Sports Club California

## S. Surjit Singh Sandhu, S. Charanjit Singh Sandhu S. Baljit Singh Sandhu (Sandhu Brothers)

**Let us come to join in Kabaddi Cup Tournaments on September 29 and on October 7, 2018 in Sacramento**



S. Charanjit Singh Sandhu with Kabaddi Cup



S. Baljit Singh Sandhu & Boparai Brothers, S. Makhan Singh Bains, S. Iqbal Singh Gakhal, S. Jugraj Singh Gakhal and more



S. Surjit Singh Sandhu, S. Charanjit Singh Sandhu (Sandhu Brothers) with Kabaddi Cup and S. Deepa Muthadian Wala



S. Surjit Singh Sandhu, S. Charanjit Singh Sandhu (Sandhu Brothers) & more.



S. Charanjit Singh Sandhu & S. Baljit Singh Sandhu (Sandhu Brothers) with others prominent personalities

ਯੂਨਾਈਟਿਡ ਸਪੋਰਟਸ ਕਲੱਬ ਕੈਲੇਫੋਰਨੀਆ ਵੱਲੋਂ 14ਵਾਂ ਸਾਲਾਨਾ ਇੰਟਰਨੈਸ਼ਨਲ ਕਬੱਡੀ ਕੱਪ ਸਫਲਤਾਪੂਰਵਕ ਕਰਵਾਏ ਜਾਣ ਦੀਆਂ ਸਮੂਹ ਪ੍ਰਬੰਧਕਾਂ ਅਤੇ ਸਹਿਯੋਗੀਆਂ ਨੂੰ ਲੱਖ ਲੱਖ ਵਧਾਈਆਂ।











ਪੰਜਾਬੀ ਫੈਸ਼ਨ ਦਾ ਨੰਬਰ ਵਨ ਸਟੋਰ
Kash FABRICS
ਸਾਡੀ ਸਪੈਸ਼ਲਟੀ
* ਵਿਆਹ ਸ਼ਾਦੀ ਲਈ ਡਿਜ਼ਾਈਨਰ ਲਹਿੰਗੇ ਤੇ ਸੂਟ ਅਤੇ ਨਾਲ ਡਿਜ਼ਾਈਨਰ ਮੈਚਿੰਗ ਜਿਊਲਰੀ
* ਖੁੱਲ੍ਹਾ ਕੱਪੜਾ, ਵਧੀਆ ਤੋਂ ਵਧੀਆ ਸਾੜੀਆਂ ਤੇ ਡਿਜ਼ਾਈਨਰ ਸੂਟ, ਦਰਜਨਾਂ ਰੰਗਾਂ ਵਿਚ ਪੱਗੜੀਆਂ ਸਾਡੇ ਤੋਂ ਖਰੀਦੋ।
* ਸਾਡੇ ਕੋਲ ਹਿੰਦੀ, ਪੰਜਾਬੀ ਅਤੇ ਉਰਦੂ ਦੇ ਸੰਗੀਤ, ਡਰਾਮਿਆਂ ਅਤੇ ਫਿਲਮਾਂ ਦੀਆਂ ਸੀਡੀਆਂ-ਵੀਡੀਓ ਤੇ ਡੀ. ਵੀ. ਡੀ. ਦੀ ਬਹੁਤ ਵੱਡੀ ਕੁਲੈਕਸ਼ਨ ਹੈ।
* ਕੈਲੀਫੋਰਨੀਆ ਤੋਂ ਬਾਹਰ ਰਹਿੰਦੇ ਗਾਹਕਾਂ ਲਈ ਸਾਮਾਨ ਅਸੀਂ ਯੂ. ਪੀ. ਐਸ. ਰਾਹੀਂ ਤੁਰੰਤ ਭੇਜ ਸਕਦੇ ਹਾਂ।
Appointments & Walk-Ins Welcome
Tuesday - Sunday: 11 AM - 8 PM
Threading Salon
Specializing in:
Eyebrow Threading .... $5
Full Face Threading, Facial,
Unique Mehndi Designs,
Natural Henna for Hair
KASH FABRICS
ONE STOP SHOPPING CENTRE
29576 Mission Blvd, Hayward, CA 94544
Tel: (510) 538-1138, Fax: (510) 538-4737
www.Kashfabrics.com
ਕਸ਼ਮੀਰ ਸਿੰਘ ਧੁੱਗਾ ਅਤੇ ਗੁਰਜੀਤ ਕੌਰ ਧੁੱਗਾ
Like us on Facebook | Follow us on Instagram


INDIA MARKET
INDIA MARKET
SWEETS & SPICES
CHAAT PAPDI, SAMOSA, CHAAT, PANI PURI
DAHI VADA, BHEL PURI CHAAT
CHAAT PLATE
ONLY FOR $2.99
ਤਾਜ਼ੀਆਂ ਸਬਜ਼ੀਆਂ ਅਤੇ ਗਰੋਸਰੀ ਲਈ ਸੇਵਾ ਦਾ ਮੌਕਾ ਦਿਓ
WE HAVE LARGEST COLLECTION FOR INDIAN FIJIAN & PAKISTANI GROCERY
MUSIC, FABRIC ARTIFICIAL JEWELRY, SWEETS, FRESH VEGETABLES & MORE..
ਕਸ਼ਮੀਰ ਸਿੰਘ ਹੀਰਾ
ਬਰਿੰਦਰ ਬੰਗੜ
Super Eyebrow Threading Now Open
Eyebrow Threading & Henna Tattoo
7 times, Get 8th one free!
Inside India Market
SACRAMENTO
5203 EKLHORN BLVD
SACRAMENTO CA 95842
916- 338-5511
WALK INS WELCOME
ROSEVILLE
1265 PLEASANT GROVE BLVD.
# 100 ROSEVILLE, CA 95747
916- 786-7666
Cell : 916-798-8142
Email: IndiaMarketRoseville@gmail.com


Raja
SWEETS & CATERING
AUTHORIZED CATERER FOR MAJOR 5-STAR HOTELS
ITEMS SERVING
All Kinds of Sweets | Snacks
Chaat Stall | North Indian Cuisine
Fluda Kulfi Stall | On Site Tandoor
CATERING SERVICE
Wedding Ceremonies | Receptions
Birthday Parties | Corporate Events
Religious Gatherings
Picnics/Bar-B-Que
ADDITIONAL SERVICE
Warmers | Chaffing Dishes
China & Silverware
Linen Rental | Waiters
Bartenders
CONTACT US:
RAJA SWEETS & CATERING
WORK (510) 489-9100
CELL (510) 715-1619
Email: msbains@rajasweets.com
www.rajasweets.com
Find us on facebook rajasweetsandcatering
Follow us on Twitter rajasweets


INDIA BAZAAR
Jai Ram Gaught
Harjit Gaught (Happy)
INDIAN, PAKISTANI & FIJJIAN GROCERIES
WE ARE OPEN
7 DAYS A WEEK
9:00am to 8:30pm
RENT DVDS & BUY CLOTHES
ENJOY YOUR DAY WITH HOPES
WE ACCEPT FOOD STAMPS
CALL TO HAPPY
Cell: (209)-487-2127
Ph: (209) 478-0285
Fax: (209) 477-3206
ਸਾਡੇ ਕੋਲ ਏਅਰਲਾਈਨ ਟਿਕਟਾਂ ਵੀ ਉਪਲੱਬਧ ਹਨ।
EVERY SATURDAY & SUNDAY SPECIAL DISCOUNT ON GROCERIES
1304-E HAMMER LANE, SUITE 12, STOCKTON CA, 95210
EMAIL: indiabazaar08@yahoo.com

# ਤੇਲ ਦੇ ਮੁੱਲ 'ਚ ਵਾਧਾ ਤੇ ਰੁਪੱਈਏ ਦੇ ਮੁੱਲ 'ਚ ਘਾਟਾ ਚਿੰਤਾਜਨਕ

**ਮਹੀਨੇ ਦਰ ਮਹੀਨੇ ਵਿੱਤੀ ਅੰਕੜੇ ਲਗਾਤਾਰ ਉਪਰ ਜਾਂਦੇ ਹਨ, ਕਦੇ ਨੀਵੇਂ ਹੋ ਜਾਂਦੇ ਹਨ। ਇਸ ਲਈ ਅਰਥ ਸ਼ਾਸ਼ਤਰੀ ਅਤੇ ਵਿਸ਼ਲੇਸ਼ਕ ਆਖਰੀ ਨਤੀਜੇ ਤੇ ਪਹੁੰਚਣ ਲਈ ਤਿਮਾਹੀ ਅਤੇ ਛਿਮਾਹੀ ਦਾ ਰੁਝਾਣ ਦੇਖਦੇ ਹਨ। ਅੱਧ ਸਾਲ ਵਿਚਕਾਰ ਮਿਲੇ ਅੰਕੜਿਆਂ ਤੋਂ ਪਤਾ ਲੱਗਦਾ ਹੈ ਕਿ ਭਾਰਤੀ ਅਰਥ ਵਿਵਸਥਾ ਦੀ ਨੀਂਹ ਕਮਜ਼ੋਰ ਹੋ ਰਹੀ ਹੈ। ਦਸੰਬਰ 2014 ਤੋਂ ਨਵੰਬਰ 2015 ਤੱਕ ਦੇ 12 ਮਹੀਨਿਆਂ ਵਿੱਚ 1,40,000 ਕਰੋੜ ਰੁਪਏ ਸਰਕਾਰ ਨੂੰ ਟੈਕਸਾਂ ਤੋਂ ਪ੍ਰਾਪਤ ਹੋਏ ਸਨ। ਸਾਲ 2016 ਅਤੇ ਸਾਲ 2017 ਦੇ ਦੌਰਾਨ ਵੀ ਲਗਾਤਾਰ ਦੋ ਵਰ੍ਹੇ ਖਜ਼ਾਨੇ ਦੀ ਆਮਦਨ 'ਚ ਲਾਭ ਹੋ ਰਿਹਾ ਹੋਏਗਾ। ਇਸਦੇ ਬਾਵਜੂਦ ਸਰਕਾਰ ਵਿੱਤੀ ਮਜਬੂਤੀ ਦੇ ਰੋਡਮੈਪ ਤੇ ਕੰਮ ਨਹੀਂ ਕਰ ਸਕੀ। ਐਨ ਡੀ ਏ ਸਰਕਾਰ ਦੇ ਚਾਰ ਸਾਲ ਦੇ ਸਾਸ਼ਨ ਵਿੱਚ ਵਿੱਤੀ ਘਾਟਾ 4.1 ਫੀਸਦੀ, 3.9 ਫੀਸਦੀ, 3.5 ਫੀਸਦੀ ਰਿਹਾ ਹੈ ਅਤੇ 2018-19 ਦੇ ਦੌਰਾਨ ਇਸਦੇ 3.3 ਫੀਸਦੀ ਰਹਿਣ ਦਾ ਅੰਦਾਜ਼ਾ ਹੈ। ਇਹ ਵਿੱਤੀ ਘਾਟਾ ਸਰਕਾਰ ਲਈ ਵੱਡੇ ਤਣਾਅ ਦਾ ਕਾਰਨ ਬਣ ਰਿਹਾ ਹੈ।**



ਗੁਰਮੀਤ ਸਿੰਘ ਪਲਾਹੀ
91-98158-02070

ਜਦੋਂ ਯੂ ਪੀ ਏ ਸਰਕਾਰ ਦੇ ਦਿਨ ਪੂਰੇ ਹੋ ਗਏ ਸਨ, ਉਸ ਦੇ ਥੋੜਖ਼ੇ ਦਿਨਾਂ ਬਾਅਦ ਜੂਨ 2014 ਵਿੱਚ ਭਾਰਤ ਲਈ ਕੱਚੇ ਤੇਲ ਦਾ ਅੰਤਰ-ਰਾਸ਼ਟਰੀ ਮੁੱਲ 109 ਡਾਲਰ ਪ੍ਰਤੀ ਬੈਰਲ ਸੀ। ਉਸੇ ਸਾਲ ਜੁਲਾਈ ਦੇ ਬਾਅਦ ਇਸ ਦਾ ਮੁੱਲ ਡਿੱਗਣ ਲੱਗਾ ਅਤੇ ਜਨਵਰੀ 2015 ਵਿੱਚ ਇਹ ਸਿਰਫ਼ 46.6 ਡਾਲਰ ਪ੍ਰਤੀ ਬੈਰਲ ਰਹਿ ਗਿਆ। ਜਨਵਰੀ 2015 ਤੋਂ ਅਕਤੂਬਰ 2017 ਦੇ ਦੌਰਾਨ (ਸਿਰਫ਼ ਮਈ ਅਤੇ ਜੂਨ 2015 ਨੂੰ ਛੱਡ ਕੇ) ਇਹ ਮੁੱਲ ਕਦੀ ਵੀ 60 ਡਾਲਰ ਪ੍ਰਤੀ ਬੈਰਲ ਤੋਂ ਉੱਪਰ ਨਹੀਂ ਗਿਆ। ਹੈਰਾਨੀ ਜਨਕ ਹੈ ਕਿ ਇਹ ਮੁੱਲ ਬਹੁਤ ਹੀ ਘੱਟ ਸੀ। ਵਿਆਪਕ ਆਰਥਕ ਸੰਕੇਤਕਾਂ ਨੂੰ ਮਜ਼ਬੂਤ ਕਰਨ ਲਈ ਇਸ ਕਾਰਕ ਦਾ ਵੱਡਾ ਯੋਗਦਾਨ ਹੈ। ਜੇਕਰ ਜਿਵੇਂ ਕੱਚੇ ਤੇਲ ਦੀਆਂ ਕੀਮਤਾਂ 'ਚ ਗਿਰਾਵਟ ਆਈ ਸੀ, ਉਸ ਦੇ ਅਨੁਸਾਰ ਹੀ ਪੈਟਰੋਲ, ਡੀਜ਼ਲ ਅਤੇ ਐੱਲ ਪੀ ਜੀ ਦੇ ਮੁੱਲ ਘਟਾਏ ਗਏ ਹੁੰਦੇ ਤਾਂ ਭਾਰਤੀ ਖ਼ਪਤਕਾਰਾਂ ਨੂੰ ਇਸ ਦਾ ਵੱਡਾ ਫਾਇਦਾ ਹੋਇਆ ਹੁੰਦਾ, ਪਰ ਸਰਕਾਰ ਨੇ ਇਹੋ ਜਿਹਾ ਕੁਝ ਨਹੀਂ ਕੀਤਾ, ਬਲਕਿ ਲੋਕਾਂ ਅਤੇ ਕਾਰੋਬਾਰੀਆਂ ਨੂੰ ਘੱਟ ਕੀਮਤ ਦੇ ਲਾਭ ਤੋਂ ਵੰਚਿਤ ਕਰ ਕੇ ਪੈਟਰੋਲੀਅਮ ਪਦਾਰਥਾਂ ਉੱਤੇ ਟੈਕਸ ਵਧਾ ਦਿੱਤਾ। ਨਤੀਜੇ ਵਜੋਂ ਸਰਕਾਰੀ ਖ਼ਜ਼ਾਨਾ ਤੇਲ ਉੱਤੇ ਨਿਰਭਰ ਹੋ ਗਿਆ (ਜਿਵੇਂ ਕੁਝ ਰਾਜ ਸ਼ਰਾਬ ਉੱਤੇ ਲੱਗਣ ਵਾਲੇ ਟੈਕਸਾਂ ਉੱਤੇ ਨਿਰਭਰ ਹਨ)। ਸਰਕਾਰ ਖ਼ਜ਼ਾਨੇ ਦੀ ਇਸ ਆਮਦਨ ਨੂੰ ਕਿਸੇ ਨਾਲ ਵੀ ਵੰਡਣ ਲਈ ਤਿਆਰ ਨਹੀਂ ਹੈ ਅਤੇ ਪੈਟਰੋਲ, ਡੀਜ਼ਲ, ਐੱਲ ਪੀ ਜੀ ਦੀਆਂ ਰੋਜ਼ਾਨਾ ਵਧਦੀਆਂ ਕੀਮਤਾਂ ਕਾਰਨ ਲੋਕਾਂ ਦੇ ਮਨਾਂ 'ਚ ਗੁੱਸਾ ਵਧਦਾ ਜਾ ਰਿਹਾ ਹੈ।

ਹੁਣ ਕੋਈ ਦਿਨ ਅਜਿਹਾ ਨਹੀਂ ਗੁਜ਼ਰਦਾ, ਜਦੋਂ ਤੇਲ ਕੀਮਤਾਂ ਵਿੱਚ ਵਾਧਾ ਨਾ ਹੁੰਦਾ ਹੋਵੇ। ਇਸ ਲਈ ਅਰਥ-ਸ਼ਾਸਤਰੀ ਅਤੇ ਵਿਸ਼ਲੇਸ਼ਕ ਆਖਰੀ ਨਤੀਜੇ 'ਤੇ ਪਹੁੰਚਣ ਲਈ ਤਿਮਾਹੀ ਅਤੇ ਛਿਮਾਹੀ ਦਾ ਰੁਝਾਣ ਦੇਖਦੇ ਹਨ। ਅੱਧ ਸਾਲ ਵਿੱਚ ਮਿਲੇ ਅੰਕੜਿਆਂ ਤੋਂ ਪਤਾ ਲੱਗਦਾ ਹੈ ਕਿ ਭਾਰਤੀ ਅਰਥ-ਵਿਵਸਥਾ ਦੀ ਨੀਂਹ ਕਮਜ਼ੋਰ ਹੋ ਰਹੀ ਹੈ।

ਦਸੰਬਰ 2014 ਤੋਂ ਨਵੰਬਰ 2015 ਤੱਕ ਦੇ 12 ਮਹੀਨਿਆਂ ਵਿੱਚ 1,40,000 ਕਰੋੜ ਰੁਪਏ ਸਰਕਾਰ ਨੂੰ ਟੈਕਸਾਂ ਤੋਂ ਪ੍ਰਾਪਤ ਹੋਏ ਸਨ। ਸਾਲ 2016 ਅਤੇ ਸਾਲ 2017 ਦੇ ਦੌਰਾਨ ਵੀ ਲਗਾਤਾਰ ਦੋ ਵਰਖ਼ੇ ਖ਼ਜ਼ਾਨੇ ਦੀ ਆਮਦਨ 'ਚ ਵਾਧਾ ਹੋਇਆ ਹੋਵੇਗਾ। ਇਸ ਦੇ ਬਾਵਜੂਦ ਸਰਕਾਰ ਵਿੱਤੀ ਮਜ਼ਬੂਤੀ ਦੇ ਰੋਡ ਮੈਪ 'ਤੇ ਕੰਮ ਨਹੀਂ ਕਰ ਸਕੀ। ਐੱਨ ਡੀ ਏ ਸਰਕਾਰ ਦੇ ਚਾਰ ਸਾਲ ਦੇ ਸ਼ਾਸਨ ਵਿੱਚ ਵਿੱਤੀ ਘਾਟਾ 4.1 ਫ਼ੀਸਦੀ, 3.9 ਫ਼ੀਸਦੀ, 3.5 ਫ਼ੀਸਦੀ ਰਿਹਾ ਹੈ ਅਤੇ 2018-19 ਦੇ ਦੌਰਾਨ ਇਸ ਦੇ 3.3 ਫ਼ੀਸਦੀ ਰਹਿਣ ਦਾ ਅੰਦਾਜ਼ਾ ਹੈ। ਇਹ ਵਿੱਤੀ ਘਾਟਾ ਸਰਕਾਰ ਲਈ ਵੱਡੇ ਤਨਾਅ ਦਾ ਕਾਰਨ ਬਣ ਰਿਹਾ ਹੈ।

ਦੂਜਾ, ਹਰ ਮਹੀਨੇ ਦਰਾਮਦੀ-ਬਰਾਮਦੀ ਵਪਾਰ ਦਾ ਘਾਟਾ ਵਧ ਰਿਹਾ ਹੈ। ਪਿਛਲੇ ਚਾਰ ਸਾਲਾਂ ਵਿੱਚ ਦਰਾਮਦਾਂ 310 ਅਰਬ ਡਾਲਰ ਤੋਂ ਥੱਲੇ ਹੀ ਟਿਕੀਆਂ ਰਹੀਆਂ। ਇਸ ਦਾ ਕੁੱਲ ਪ੍ਰਭਾਵ ਇਹ ਹੈ ਕਿ ਚਾਲੂ ਖਾਤੇ ਦਾ ਘਾਟਾ ਵਧ ਰਿਹਾ ਹੈ ਅਤੇ ਇਸ ਦੇ 2017-18 ਵਿੱਚ 1.87 ਫ਼ੀਸਦੀ ਤੋਂ ਵਧ ਕੇ 2018-19 ਵਿੱਚ ਢਾਈ ਤੋਂ ਤਿੰਨ ਫ਼ੀਸਦੀ ਤੱਕ ਹੋਣ ਦਾ ਖਦਸ਼ਾ ਹੈ। ਇਹ ਸਰਕਾਰ ਲਈ ਵੱਡੀ ਸਿਰਦਰਦੀ ਦਾ ਕਾਰਨ ਹੈ।

ਤੀਸਰਾ, ਇਵੇਂ ਲੱਗਦਾ ਹੈ ਕਿ ਉੱਭਰਦੇ ਬਾਜ਼ਾਰਾਂ ਦਾ ਜਸ਼ਨ ਹੁਣ ਖ਼ਤਮ ਹੋ ਰਿਹਾ ਹੈ ਅਤੇ ਅੰਤਰ-ਰਾਸ਼ਟਰੀ ਨਿਵੇਸ਼ਕ ਆਪਣੇ ਨਿਵੇਸ਼ ਨੂੰ ਭਾਰਤੀ ਬਾਜ਼ਾਰ ਵਿੱਚੋਂ ਵਾਪਸ ਲੈ ਰਹੇ ਹਨ। ਇਸ ਸਾਲ 47891 ਕਰੋੜ ਰੁਪਏ ਦੇ ਸ਼ੇਅਰ ਅਤੇ ਕਰਜ਼ੇ ਭਾਰਤੀ ਬਾਜ਼ਾਰ ਵਿੱਚੋਂ ਵਾਪਸ ਲਏ ਗਏ ਹਨ।

ਚੌਥਾ, ਉੱਪਰ ਦੱਸੇ ਕਾਰਕਾਂ ਦੇ ਕਾਰਨ ਰੁਪਿਆ ਕਮਜ਼ੋਰ ਹੋ ਰਿਹਾ ਹੈ। ਡਾਲਰ ਦੇ ਮੁਕਾਬਲੇ 2018 ਵਿੱਚ ਇਸ ਦਾ ਮੁੱਲ 12.65 ਫ਼ੀਸਦੀ ਡਿੱਗਿਆ ਹੈ। ਕੁਝ ਦਿਨ ਪਹਿਲਾਂ ਸਰਕਾਰ ਅਤੇ ਰਿਜ਼ਰਵ ਬੈਂਕ ਆਫ਼ ਇੰਡੀਆ ਦੇ ਬੁਲਾਰਿਆਂ ਨੇ ਬਿਆਨ ਦਿੱਤਾ ਸੀ ਕਿ ਉਹ ਰੁਪਏ ਦੇ ਸੁਧਾਰ ਲਈ ਹਰ ਉਹ ਕਦਮ ਉਠਾਉਣਗੇ, ਜਿਸ ਨਾਲ ਰੁਪਏ ਦੀ ਕੀਮਤ ਹੋਰ ਨਾ ਘਟੇ, ਪਰ ਇਹ ਸ਼ਬਦ ਬੇਮਾਅਨਾ ਸਾਬਤ ਹੋਏ ਹਨ। ਰਿਜ਼ਰਵ ਬੈਂਕ ਦੇ ਹੱਥ ਬੱਝੇ ਹੋਏ ਹਨ ਤੇ ਸਰਕਾਰ ਕੁਝ ਕਰਨਾ ਨਹੀਂ ਚਾਹੁੰਦੀ। ਰਿਜ਼ਰਵ ਬੈਂਕ ਇੱਕੋ ਗੱਲ ਡਾਲਰ ਦੀ ਕੀਮਤ 'ਚ ਵਾਧੇ ਨੂੰ ਰੋਕਣ ਲਈ ਕਰ ਸਕਦੀ ਹੈ ਅਤੇ ਉਹ ਹੈ ਡਾਲਰ ਦੀ ਵਿਕਰੀ, ਜੋ ਉਸ ਕੋਲ ਰਿਜ਼ਰਵ ਪਿਆ ਹੈ, ਪਰ ਇਸ ਕਦਮ ਦੀ ਵੀ ਸੀਮਾ ਹੈ। ਕੁਝ ਹੱਦ ਤੱਕ ਹੀ ਡਾਲਰ ਵੇਚੇ ਜਾ ਸਕਦੇ ਹਨ। ਡਾਲਰ ਤੇ ਰੁਪਏ ਦੇ ਆਪਸੀ ਰਿਸ਼ਤੇ ਲਗਾਤਾਰ ਖ਼ਰਾਬ ਹੋ ਰਹੇ ਹਨ, ਭਾਵ ਰੁਪਏ ਦੀ ਕੀਮਤ ਨਿੱਤ ਦਿਨ ਡਿੱਗ ਰਹੀ ਹੈ। ਇਸ ਕਰ ਕੇ ਬਾਜ਼ਾਰ ਵੀ ਦੇਸ਼ ਦੀ ਵਿਆਪਕ ਆਰਥਿਕ ਅਸਥਿਰਤਾ ਨੂੰ ਲੈ ਕੇ ਚਿੰਤਤ ਹੈ।

ਜਿਸ ਕਿਸਮ ਦੀ ਵਿੱਤੀ ਅਸਥਿਰਤਾ ਅੱਜ ਵੇਖਣ ਨੂੰ ਮਿਲ ਰਹੀ ਹੈ, ਇਹੋ ਜਿਹੀ ਅਸਥਿਰਤਾ 1997, 2008 ਅਤੇ 2013 ਵਿੱਚ ਵੀ ਵੇਖਣ ਨੂੰ ਮਿਲੀ ਸੀ। ਇਹੋ ਜਿਹੇ ਹਾਲਾਤ ਵਿੱਚ ਜੇਕਰ ਰਿਜ਼ਰਵ ਬੈਂਕ ਫਿਰ ਤੋਂ ਰੈਪੋ ਰੇਟ 'ਚ ਵਾਧਾ ਕਰਦਾ ਹੈ, ਤਾਂ ਇਸ ਦਾ ਅਰਥ ਇਹ ਹੋਵੇਗਾ ਕਿ ਭਾਰਤੀ ਰਿਜ਼ਰਵ ਬੈਂਕ ਨੂੰ ਵੀ ਵਿਆਪਕ ਆਰਥਿਕ ਅਸਥਿਰਤਾ ਦੀ ਚਿੰਤਾ ਹੈ। ਸਰਕਾਰ ਕੋਲ ਵੀ ਵਿੱਤੀ ਰੁਕਾਵਟਾਂ ਦੂਰ ਕਰ ਕੇ ਨਿਵੇਸ਼ ਵਧਾਉਣ ਅਤੇ ਬੈਂਕ ਕਰਜ਼ੇ (ਖ਼ਾਸ ਤੌਰ 'ਤੇ ਉਦਯੋਗਿਕ) ਵਧਾਉਣ ਵੱਲ ਧਿਆਨ ਕੇਂਦਰਤ ਕਰਨ ਤੋਂ ਬਿਨਾਂ ਵਿੱਤੀ ਸੁਧਾਰਾਂ ਲਈ ਹੋਰ ਕੋਈ ਚਾਰਾ ਨਹੀਂ ਹੈ।



# ਦਲਿਤ ਸ਼ਬਦ ਦੀ ਮਨਾਹੀ ਦੇ ਅਰਥ

**ਮੂਲ :- ਸ਼ਿਉਰਾਜ ਸਿਹੁੰ ਬੈਚੈਨ**
**ਅਨੁਵਾਦ: ਗੁਰਮੀਤ ਪਲਾਹੀ**

ਮੁੰਬਈ ਹਾਈ ਕੋਰਟ ਅਤੇ ਮੱਧ ਪ੍ਰਦੇਸ਼ ਹਾਈ ਕੋਰਟ ਦੇ ਹਵਾਲੇ ਨਾਲ ਸੂਚਨਾ ਅਤੇ ਪ੍ਰਸਾਰਣ ਮੰਤਰਾਲਾ, ਨਵੀਂ ਦਿੱਲੀ ਨੇ ਮੀਡੀਆ ਨੂੰ ਇਹ ਆਦੇਸ਼ ਦਿੱਤਾ ਹੈ ਕਿ ਉਹ ਦਲਿਤ ਸ਼ਬਦ ਦੀ ਵਰਤੋਂ ਨਾ ਕਰੇ, ਸਗੋਂ ਦਲਿਤ ਦੀ ਥਾਂ ਅਨੁਸੂਚਿਤ ਜਾਤੀ ਸ਼ਬਦ ਵਰਤੇ। ਅਦਾਲਤੀ ਵਰਤੋਂ ਲਈ ਅਨੁਸੂਚਿਤ ਜਾਤੀ ਸ਼ਬਦ ਦੀ ਵਰਤੋਂ ਸਹੀ ਹੈ, ਪਰ ਮੀਡੀਆ ਵਿੱਚ ਦਲਿਤ ਸ਼ਬਦ ਦੀ ਵਰਤੋਂ ਦੀ ਮਨਾਹੀ ਵਿਹਾਰਕ ਨਹੀਂ ਹੈ।

'ਦਲਿਤ' ਸ਼ਬਦ ਕਿਸੇ ਜਾਤ ਜਾਂ ਧਰਮ ਦੇ ਵਿਰੁੱਧ ਨਹੀਂ ਹੈ। ਮੀਡੀਆ ਵਿੱਚ ਇਸ ਦੀ ਵਰਤੋਂ ਰੁਕਣ ਦਾ ਮਤਲਬ ਹੈ ਕਿ ਦਲਿਤ ਪ੍ਰਕਾਸ਼ਨਾਵਾਂ ਨੂੰ ਵੀ ਇਸੇ ਦਾਇਰੇ ਵਿੱਚ ਲਿਆ ਜਾਏਗਾ, ਜਦੋਂ ਕਿ 'ਦਲਿਤ' ਸਿਰਲੇਖ ਦੇ ਤਹਿਤ ਦੇਸ਼ ਭਰ ਵਿੱਚ ਸੈਂਕੜੇ ਮੈਗਜ਼ੀਨ-ਪੱਤਰਕਾਵਾਂ ਅਤੇ ਕਿਤਾਬਾਂ ਪ੍ਰਕਾਸ਼ਤ ਹੋ ਰਹੀਆਂ ਹਨ, ਹਜ਼ਾਰਾਂ ਸੰਸਥਾਵਾਂ ਰਜਿਸਟਰਡ ਹੋ ਚੁੱਕੀਆਂ ਹਨ। ਸਮਾਜਿਕ, ਰਾਜਨੀਤਕ ਚਰਚਾਵਾਂ, ਸਾਹਿਤਕ ਥੀਮਜ਼, ਅਧਿਆਪਨ-ਅਧਿਆਪਨਾਂ ਅਤੇ ਵਿਚਾਰ ਚਰਚਾ ਵਿੱਚ 'ਦਲਿਤ' ਸ਼ਬਦ ਦੀ ਵਰਤੋਂ ਹੁੰਦੀ ਹੈ। ਇਹ ਪਾਬੰਦੀ ਮੀਡੀਆ ਤੱਕ ਸੀਮਤ ਨਹੀਂ ਹੈ। ਇਹ ਦਲਿਤਾਂ ਦੀ ਹੋਂਦ ਤੇ ਆਜ਼ਾਦੀ ਉੱਤੇ ਰੋਕ ਲਗਾਉਣਾ ਹੈ, ਕਿਉਂਕਿ ਸਾਹਿਤ ਵੀ ਸੀਮਤ ਅਰਥਾਂ ਵਿੱਚ ਮੀਡੀਆ ਹੀ ਹੈ।

ਅਨੇਕ ਜਾਤਾਂ ਨੇ ਆਪਣੇ ਲਈ ਅਛੂਤ ਸ਼ਬਦ ਦੀ ਵਰਤੋਂ ਕਰਨੀ ਛੱਡੀ ਹੈ ਅਤੇ ਜਿਨਖ਼ਾਂ ਨੇ ਗਾਂਧੀ ਜੀ ਦੇ 'ਹਰੀਜਨ' ਸ਼ਬਦ ਨੂੰ ਅਪਣਾ ਲਿਆ ਸੀ, ਉਹਨਾਂ ਨੇ ਵੀ 'ਦਲਿਤ' ਸ਼ਬਦ ਗ੍ਰਹਿਣ ਕਰ ਲਿਆ ਹੈ। ਦਲਿਤ ਸ਼ਬਦ ਬਹੁ-ਗਿਣਤੀ ਦਲਿਤਾਂ ਨੂੰ ਵੀ ਆਪਣੇ ਆਪ 'ਚ ਪ੍ਰਵਾਨ ਹੈ, ਕਿਉਂਕਿ ਇਹ ਅਪਮਾਨ ਜਨਕ ਨਹੀਂ ਹੈ, ਸਥਿਤੀ ਬੋਧਕ ਸ਼ਬਦ ਹੈ। ਕੁਝ ਲੋਕ ਕਹਿੰਦੇ ਹਨ ਕਿ ਦਲਿਤ ਸ਼ਬਦ ਭਾਰਤੀ ਸੰਵਿਧਾਨ ਵਿੱਚ ਨਹੀਂ ਹੈ। ਯਾਦ ਰੱਖਣਾ ਬਣਦਾ ਹੈ ਕਿ ਸੰਵਿਧਾਨ ਕੋਈ ਸ਼ਬਦ ਕੋਸ਼ ਨਹੀਂ ਹੈ, ਜਿਸ ਵਿੱਚ ਦਲਿਤ ਸ਼ਬਦ ਸੰਕਲਿਤ ਅਤੇ ਪਰਿਭਾਸ਼ਤ ਹੋਵੇ। ਹਾਂ, ਜਿਨਖ਼ਾਂ ਨੂੰ ਇਹ ਸ਼ਬਦ ਸੰਵਿਧਾਨ ਵਿੱਚ ਚਾਹੀਦਾ ਹੈ, ਉਹ ਸੰਸਦ ਵਿੱਚ ਇਹ ਮੰਗ ਰੱਖ ਸਕਦੇ ਹਨ। ਧਿਆਨ ਰਹੇ ਕਿ ਡਾਕਟਰ ਅੰਬੇਡਕਰ ਨੇ ਸੰਵਿਧਾਨ ਦੀ ਰਚਨਾ ਕਰਨ ਦਾ ਜ਼ਿੰਮਾ ਲੈਣ ਤੋਂ ਪਹਿਲਾਂ 'ਦਲਿਤ' ਸ਼ਬਦ ਦੀ ਵਰਤੋਂ ਕੀਤੀ ਸੀ। ਅੰਗਰੇਜ਼ੀ ਵਿੱਚ ਉਹ ਜਿਸ ਨੂੰ 'ਡਿਪਰੈਸਡ' ਅਤੇ ਮਰਾਠੀ ਵਿੱਚ ਵਿਹਸ਼ਕ੍ਰਿਤ ਕਹਿ ਰਹੇ ਸਨ, ਉਸ ਦਾ ਹਿੰਦੀ 'ਚ ਸਮਾਨ-ਅਰਥੀ ਸ਼ਬਦ ਦਲਿਤ ਹੀ ਹੈ। ਅਤੇ ਹਿੰਦੀ ਦੇ ਦਲਿਤ ਨੂੰ ਹੁਣ ਅੰਗਰੇਜ਼ੀ, ਮਰਾਠੀ, ਤਮਿਲ, ਤੇਲਗੂ ਅਤੇ ਪੰਜਾਬੀ ਆਦਿ ਸਾਰੀਆਂ ਭਾਸ਼ਾਵਾਂ ਨੇ ਅਪਣਾ ਲਿਆ ਹੈ। ਜਿੱਥੋਂ ਤੱਕ ਮੀਡੀਆ ਦਾ ਸਵਾਲ ਹੈ, ਡਾ: ਅੰਬੇਡਕਰ ਆਪ ਮੂਕਨਾਇਕ, ਵਿਹਸ਼ਕ੍ਰਿਤ ਭਾਰਤ, ਸਮਤਾ ਅਤੇ ਜਨਤਾ ਨਾਮ ਦੇ ਮਰਾਠੀ ਸਮਾਚਾਰ ਪੱਤਰਾਂ ਦੇ ਸੰਪਾਦਕ ਸਨ। ਉਹ ਇਸ ਵਿੱਚ ਦਲਿਤ ਵਿਹਸ਼ਕ੍ਰਿਤ ਸ਼ਬਦ ਦੀ ਖ਼ੂਬ ਵਰਤੋਂ ਕਰਦੇ ਸਨ। ਉਹ ਜਾਣਦੇ ਸਨ ਕਿ 'ਦਲਿਤ' ਸ਼ਬਦ ਸਾਰੀਆਂ ਵਿਹਸ਼ਕ੍ਰਿਤ ਅਤੇ ਅਧਿਕਾਰਾਂ ਤੋਂ ਵੰਚਿਤ ਬਿਖਰੀਆਂ ਹੋਈਆਂ ਸ਼ੋਸ਼ਤ-ਪੀੜਤ ਜਾਤਾਂ, ਉੱਪ-ਜਾਤਾਂ ਨੂੰ ਇੱਕ ਸਮੂਹ, ਇੱਕ ਵਰਗ ਦੇ ਰੂਪ ਵਿੱਚ ਜੋੜਦਾ ਹੈ। ਉਹ ਕਿਸਮਤ ਦੇ ਭਰੋਸੇ ਆਪਣੀ ਸਥਿਤੀ ਨੂੰ ਨਹੀਂ ਛੱਡਦੇ, ਬਲਕਿ ਸਨਮਾਨ, ਸੁਰੱਖਿਆ, ਗਿਆਨ ਅਤੇ ਆਤਮ-ਵਿਸ਼ਵਾਸ ਪਾਉਣ ਲਈ ਉੱਦਮ ਕਰਦੇ ਹਨ।

'ਦਲਿਤ' ਸ਼ਬਦ 'ਦਲਿਤ ਪੈਂਥਰ' ਦੀ ਸਥਾਪਨਾ ਤੋਂ ਬਾਅਦ ਜ਼ਿਆਦਾ ਵਰਤਿਆ ਜਾਣ ਲੱਗਾ। 'ਦਲਿਤ ਪੈਂਥਰ' ਉੱਤੇ 'ਬਲੈਕ ਪੈਂਥਰ' ਦਾ ਪ੍ਰਭਾਵ ਸੀ, ਪਰ ਇਹ ਪ੍ਰਭਾਵ ਗ਼ੁਲਾਮੀ ਤੋਂ ਮੁਕਤੀ ਲਈ ਸੀ, ਕਿਸੇ ਨੂੰ ਅਪਮਾਨਿਤ ਕਰਨ ਜਾਂ ਆਪਣੇ ਅਧੀਨ ਕਰਨ ਲਈ ਨਹੀਂ। 'ਦਲਿਤ' ਸ਼ਬਦ ਦੇ ਵਿਸਥਾਰ ਦੀ ਗੁੰਜਾਇਸ਼ ਹੈ ਕਿ ਜੇਕਰ ਕੋਈ ਗ਼ੈਰ-ਦਲਿਤ ਵੀ ਦਲਿਤਾਂ ਜਿਹੀਆਂ ਭੈੜੀਆਂ ਹਾਲਤਾਂ ਵਿੱਚ ਪਹੁੰਚ ਕੇ ਜਾਤ ਦੇ ਅਭਿਮਾਨ ਤੋਂ ਮੁਕਤ ਹੋ ਜਾਂਦਾ ਹੈ, ਤਾਂ ਉਸ ਨੂੰ ਵੀ ਦਲਿਤ ਕਿਹਾ ਜਾਂਦਾ ਹੈ। 'ਦਲਿਤ' ਸ਼ਬਦ ਦੀ ਖ਼ੂਬ ਸਮੂਹਿਕ ਵਰਤੋਂ ਹੋਈ।

ਡਾ: ਅੰਬੇਡਕਰ ਨੇ ਜੁਲਾਈ 1942 ਵਿੱਚ ਨਾਗਪੁਰ ਵਿੱਚ ਤਿੰਨ-ਦਿਨਾ ਸੰਮੇਲਨ ਨੂੰ ਡਿਪਰੈਸਡ ਕਲਾਸ ਕਾਨਫ਼ਰੰਸ ਅਤੇ ਡਿਪਰੈਸਡ ਕਲਾਸ ਵੂਮੈਨ ਕਾਨਫ਼ਰੰਸ ਕਿਹਾ। ਹਿੰਦੀ ਦਾ ਦਲਿਤ ਸ਼ਬਦ ਅੰਗਰੇਜ਼ੀ ਵਿੱਚ ਬਿਨਾਂ ਅਨੁਵਾਦ ਦੇ ਹੀ ਅਪਣਾ ਲਿਆ ਗਿਆ ਹੈ। ਦਲਿਤ ਸ਼ਬਦ ਅੰਤਰ-ਰਾਸ਼ਟਰੀ ਪੱਧਰ 'ਤੇ ਸਥਿਤੀ ਬੋਧ ਵਿੱਚ ਸਟੀਕ ਅਤੇ ਸਵੀਕਾਰ ਕਰਨ ਯੋਗ ਥਾਂ ਉੱਤੇ ਚਲਾ ਗਿਆ ਹੈ। ਆਪਣੀ ਮਰਜ਼ੀ ਨਾਲ ਅਪਣਾਇਆ ਗਿਆ ਇਹ ਸ਼ਬਦ ਵਿਆਪਕ ਸਮਾਜ, ਸਾਹਿਤ, ਰਾਜਨੀਤੀ ਅਤੇ ਸੱਭਿਆਚਾਰ ਦੀ ਪਛਾਣ ਬਣ ਗਿਆ। ਇਸ ਸ਼ਬਦ ਵਿੱਚ ਵਾਸਤਵਿਕਤਾ ਅਤੇ ਲੋਕਤੰਤਰਿਕਤਾ ਜ਼ਿਆਦਾ ਹੋਣ ਕਾਰਨ ਇਹ ਜੋੜਨ ਅਤੇ ਐਕਸ਼ਨ ਵਿੱਚ ਆਉਣ ਲਈ ਇੱਕ ਸਾਰਥਕ ਸ਼ਬਦ ਬਣ ਗਿਆ। ਦਲਿਤਾਂ ਨੇ ਇਹ ਆਪਣੇ ਲਈ ਗ੍ਰਹਿਣ ਕਰ ਲਿਆ ਹੈ, ਦੂਸਰਿਆਂ ਉੱਤੇ ਥੋਪਿਆ ਨਹੀਂ ਹੈ। ਇਸ ਲਈ ਇਸ ਉੱਤੇ ਇਤਰਾਜ਼ ਨਿਆਂ ਸੰਗਤ ਨਹੀਂ ਹੈ। ਬਾਬੂ ਜਗਜੀਵਨ ਰਾਮ ਨੇ 1935 ਵਿੱਚ 'ਅਖਿਲ ਭਾਰਤੀ ਦਲਿਤ ਵਰਗ ਸੰਘ' ਬਣਾਇਆ, ਜੋ ਬਿਨਾਂ ਦਲਿਤ ਸ਼ਬਦ ਦੀ ਵਰਤੋਂ ਨਹੀਂ ਸੀ ਚੱਲ ਸਕਦਾ। ਉਹਨਾ ਦੇ ਸਹਿਯੋਗ ਨਾਲ 1984 ਵਿੱਚ ਭਾਰਤੀ ਦਲਿਤ ਸਾਹਿਤ ਅਕਾਦਮੀ ਦੀ ਸਥਾਪਨਾ ਹੋਈ। ਪਿਛਲੇ ਤਿੰਨ ਦਹਾਕਿਆਂ ਤੋਂ ਡਾ: ਸੋਹਨਪਾਲ ਸੁਮਨਾਕਸ਼ਰ ਦੀ ਅਗਵਾਈ ਵਿੱਚ ਇਸ ਦੀਆਂ ਰਾਜ ਪੱਧਰ 'ਤੇ 35 ਅਤੇ ਜ਼ਿਲਖ਼ਾ ਪੱਧਰ 'ਤੇ 600 ਸ਼ਾਖਾਵਾਂ ਕੰਮ ਕਰ ਰਹੀਆਂ ਹਨ। ਉਜੈਨ ਵਿੱਚ ਅਵੰਤਿਕਾ ਪ੍ਰਸਾਦ ਵੱਲੋਂ ਸਥਾਪਤ ਮੱਧ ਪ੍ਰਦੇਸ਼ ਦਲਿਤ ਸਾਹਿਤ ਦਲਿਤ ਸ਼ਬਦ ਦੀ ਵਰਤੋਂ ਕਰ ਰਹੀ ਹੈ।

ਦੇਸ਼ ਦੀਆਂ ਸਾਰੀਆਂ ਯੂਨੀਵਰਸਿਟੀਆਂ ਵਿੱਚ ਸਾਰੇ ਭਾਸ਼ਾਈ ਵਿਸ਼ਿਆਂ ਵਿੱਚ 'ਦਲਿਤ' ਸ਼ਬਦ ਦੇ ਨਾਲ ਖੋਜਾਂ ਅਤੇ ਅਧਿਆਪਨ ਹੋ ਰਹੇ ਹਨ। ਇਗਨੋ (ਇੰਦਰਾ ਗਾਂਧੀ ਯੂਨੀਵਰਸਿਟੀ) ਵਿੱਚ ਇਸ ਸ਼ਬਦ ਦੀ ਵਰਤੋਂ ਸਾਰੇ ਪਾਠ-ਕ੍ਰਮਾਂ ਵਿੱਚ ਰਚਨਾਤਮਿਕ ਤੌਰ 'ਤੇ ਹੋ ਰਹੀ ਹੈ। ਮੌਜੂਦਾ ਸਰਕਾਰ ਵਿੱਚ ਸ਼ਾਮਲ ਰਾਮ ਵਿਲਾਸ ਪਾਸਵਾਨ 'ਦਲਿਤ ਸੈਨਾ' ਚਲਾਉਂਦੇ ਰਹੇ ਹਨ ਅਤੇ 'ਕਾਲ ਚੱਕਰ' ਪੱਤ੍ਰਿਕਾ ਵਿੱਚ ਦਲਿਤ ਸ਼ਬਦ ਦੀ ਭਰਪੂਰ ਵਰਤੋਂ ਕਰਦੇ ਰਹੇ ਹਨ।

ਰਾਮਦਾਸ ਅਠਾਵਲੇ 'ਦਲਿਤ ਪੈਂਥਰ' ਨਾਂਅ ਦੀ ਸੰਸਥਾ ਨਾਲ ਸੰਬੰਧਤ ਰਹੇ ਹਨ। ਜਿਸ ਦਿਨ ਦੇਸ਼ ਵਿੱਚ ਬਰਾਬਰੀ ਅਤੇ ਭਾਈਚਾਰਕ ਸਾਂਝ ਸਥਾਪਤ ਹੋ ਗਈ, ਉਸ ਦਿਨ ਊਚ-ਨੀਚ ਦੀ ਸਥਿਤੀ ਖ਼ਤਮ ਹੋ ਜਾਏਗੀ ਅਤੇ ਦਲਿਤ ਸ਼ਬਦ ਅਛੂਤ, ਹਰੀਜਨ ਸ਼ਬਦਾਂ ਦੀ ਤਰਖ਼ਾਂ ਆਪਣੇ ਅਰਥ ਗੁਆ ਦੇਵੇਗਾ। ਕਾਮਨਾ ਹੈ ਕਿ ਅਸੀਂ ਭਾਰਤੀ ਆਪ ਹੀ ਇਹੋ ਜਿਹਾ ਦੇਸ਼ ਅਤੇ ਸਮਾਜ ਬਣਾਵਾਂਗੇ।

# ਗੁਰੂ ਅੰਗਦ ਦੇਵ ਸਾਹਿਬ ਜੀ

## 4 ਅੱਸੂ ਅਰਥਾਤ 18 ਸਤੰਬਰ ਗੁਰਗੱਦੀ ਨੂੰ ਸਮਰਪਿਤ



ਮੁਗਲ ਬਾਦਸ਼ਾਹ ਹਮਾਯੂੰ ਦੀ ਹਕੂਮਤ ਦਾ ਸਮਾਂ ਸੀ। ਅਰਾਜਕਤਾ ਦਾ ਦੌਰ ਸੀ। ਉਸ ਸਮੇਂ 1539-1552 ਤੱਕ ਸਿੱਖ ਧਰਮ ਦੇ ਦੂਜੇ ਗੁਰੂ ਅੰਗਦ ਦੇਵ ਜੀ, ਜਿਹਨਾਂ ਦਾ ਪਹਿਲਾ ਨਾਂ ਭਾਈ ਲਹਿਣਾ ਜੀ ਸੀ। ਉਹਨਾਂ ਨੇ ਪੰਥ ਦੀ ਅਗਵਾਈ ਕੀਤੀ ਤੇ 18 ਸਾਲ ਦਾ ਸਮਾਂ ਖਡੂਰ ਸਾਹਿਬ ਦੀ ਪਾਵਨ ਇਤਿਹਾਸਕ ਨਗਰੀ ਤੋਂ ਸਿੱਖੀ ਦੇ ਪ੍ਰਚਾਰ ਨੂੰ ਅੱਗੇ ਤੋਰਿਆ। ਉਹਨਾਂ ਨੇ ਗੁਰਮਤਿ ਦੇ ਵਿਕਾਸ ਵਿਚ ਵੱਡਾ ਯੋਗਦਾਨ ਪਾਇਆ।



ਪ੍ਰਮਿੰਦਰ ਸਿੰਘ ਪ੍ਰਵਾਨਾ
510-781-0487

ਭਾਈ ਲਹਿਣਾ ਜੀ ਦਾ ਜਨਮ ਮੱਤੇ ਦੀ ਸਰਾਂ ਜ਼ਿਲ੍ਹਾ ਫਿਰੋਜ਼ਪੁਰ ਵਿਖੇ ਭਾਈ ਫੇਰੂ ਜੀ ਦੇ ਘਰ ਮਾਤਾ ਦਇਆ ਕੌਰ (ਸਭਰਾਈ) ਦੀ ਕੁੱਖੋਂ 1504 ਨੂੰ ਹੋਇਆ। ਬਾਬਰ ਦੇ ਹਮਲਿਆਂ ਵੇਲੇ ਮੱਤੇ ਦੀ ਸਰਾਂ ਉੱਜੜਨ ਕਰਕੇ ਉਹਨਾਂ ਦਾ ਪਰਿਵਾਰ ਖਡੂਰ ਸਾਹਿਬ ਵੱਸ ਗਿਆ। ਭਾਈ ਲਹਿਣਾ ਜੀ ਦਾ ਵਿਆਹ 1519 ਈ: ਨੂੰ ਬੀਬੀ ਖੀਵੀ ਜੀ ਨਾਲ ਹੋਇਆ। ਇਕ ਦਿਨ ਅੰਮ੍ਰਿਤ ਵੇਲੇ ਭਾਈ ਜੋਧ ਸਿੰਘ ਜੀ ਪਾਸੋਂ ਗੁਰੂ ਨਾਨਕ ਦੇਵ ਜੀ ਦੀ ਅੰਮ੍ਰਿਤ ਬਾਣੀ ਸੁਣੀ ਤਾਂ ਅੰਮ੍ਰਿਤ ਰਸ ਤੋਂ ਪ੍ਰਭਾਵਿਤ ਹੋ ਕੇ ਗੁਰ ਦਰਸ਼ਨਾਂ ਦੀ ਤਾਂਘ 1532 ਈ: ਵਿਚ ਕਰਤਾਰਪੁਰ ਖਿੱਚ ਲਿਆਈ। ਗੁਰੂ ਨਾਨਕ ਦੇਵ ਜੀ ਦੇ ਦਰਸ਼ਨ ਕਰਕੇ ਹਿਰਦਾ ਸ਼ਾਂਤ ਹੋ ਗਿਆ। ਉਹ ਕਰਤਾਰਪੁਰ ਹੀ ਟਿਕ ਗਏ। ਉਹ ਨਾਮ ਸਿਮਰਨ ਅਤੇ ਸੇਵਾ ਦੇ ਰਾਹ ਤੁਰ ਪਏ।

ਗੁਰੂ ਨੂੰ ਆਪਾ ਸਮਰਪਣ ਕਰਕੇ ਕਰੜੀ ਘਾਲ ਘਾਲੀ। ਉਹ ਸੇਵਾ ਦੀ ਮਿਸਾਲ ਬਣ ਗਏ। ਗੁਰੂ ਨਾਨਕ ਦੇਵ ਜੀ ਨੇ ਪਹਿਲੀ ਪਾਰਖੂ ਨਜ਼ਰ ਨਾਲ ਨਿਸ਼ਚਿਤ ਕਰ ਲਿਆ ਸੀ ਕਿ ਗੁਰਗੱਦੀ ਦੀ ਜ਼ਿੰਮੇਵਾਰੀ ਭਾਈ ਲਹਿਣਾ ਜੀ ਨੇ ਹੀ ਨਿਭਾਉਣੀ ਹੈ। ਪਰ ਸੰਗਤਾਂ ਦਾ ਵਿਸ਼ਵਾਸ ਜਿੱਤਣ ਲਈ ਪਰਖ ਅਤੇ ਸੇਵਾ ਦਾ ਮੌਕਾ ਦਿੱਤਾ। ਸੱਤ ਸਾਲ ਗੁਰੂ ਦੀ ਸੇਵਾ ਵਿਚ ਰਹਿਣ ਨਾਲ ਉਹਨਾਂ ਨੂੰ 1539 ਈ: ਵਿਚ ਗੁਰਗੱਦੀ ਦੀ ਬਖਸ਼ਿਸ਼ ਹੋਈ ਤੇ ਉਹਨਾਂ ਨੂੰ ਅੰਗਦ ਦੇਵ ਦਾ ਨਾਂ ਮਿਲਿਆ।

ਗੁਰੂ ਨਾਨਕ ਦੀ ਆਗਿਆ ਅਨੁਸਾਰ ਗੁਰੂ ਅੰਗਦ ਦੇਵ ਜੀ ਨੇ ਖਡੂਰ ਸਾਹਿਬ ਆਪਣਾ ਪ੍ਰਚਾਰ ਕੇਂਦਰ ਬਣਾਇਆ। ਜਿੱਥੇ 1539 ਈ: ਤੋਂ 1552 ਈ: ਤੱਕ 13 ਸਾਲ ਦਾ ਗੁਰੂ ਕਾਲ ਦਾ ਸਮਾਂ ਬਤੀਤ ਹੋਇਆ। ਇੱਥੇ ਹੀ ਉਹਨਾਂ ਦਾ ਮੇਲ ਗੁਰੂ ਅਮਰਦਾਸ ਜੀ ਨਾਲ ਹੋਇਆ। ਗੁਰੂ ਅਮਰਦਾਸ ਜੀ ਨੇ 12 ਸਾਲ ਗੁਰੂ ਅੰਗਦ ਦੇਵ ਜੀ ਨੂੰ ਅੰਮ੍ਰਿਤ ਵੇਲੇ ਇਸ਼ਨਾਨ ਕਰਵਾਉਣ ਲਈ ਦਰਿਆ ਬਿਆਸ ਤੋਂ ਜਲ ਦੀ ਗਾਗਰ ਲਿਆਉਣ ਦੀ ਸੇਵਾ ਕੀਤੀ। ਉਹਨਾਂ ਨੇ ਨਿਥਾਵਿਆਂ ਦੀ ਥਾਂ ਨਿਓਟਿਆਂ ਦੀ ਓਟ ਵਰਗੀ ਉਪਮਾ ਦਾ ਵਰ ਪ੍ਰਾਪਤ ਕੀਤਾ। ਗੁਰੂ ਅੰਗਦ ਦੇਵ ਜੀ ਨੇ ਗੁਰਮੁਖੀ ਲਿੱਪੀ ਨੂੰ ਬਣਾ ਸੰਵਾਰ ਕੇ ਗੁਰਬਾਣੀ ਲਿਖਣ ਲਈ ਪ੍ਰਪੱਕ ਕਰਕੇ ਇਜ਼ਾਦ ਕੀਤਾ। ਆਮ ਲੋਕਾਂ ਦੇ ਸਮਝਣ ਯੋਗ ਬਣਾਇਆ ਤਾਂ

ਜੋ ਉਹ ਆਪਣੇ ਧਰਮ ਗ੍ਰੰਥ ਬਿਨਾਂ ਕਿਸੇ ਸ਼ੰਕੇ ਦੇ ਸਮਝ ਸਕਣ ਅਤੇ ਪ੍ਰਚਾਰ ਕਰ ਸਕਣ। ਧੁਰ ਕੀ ਬਾਣੀ ਗੁਰੂ ਨਾਨਕ ਦੇਵ ਅਤੇ ਭਗਤਾਂ ਦੀ ਬਾਣੀ ਨੂੰ ਇਕੱਠਾ ਕਰਕੇ ਪੋਥੀਆਂ ਅਤੇ ਗੁਟਕੇ ਤਿਆਰ ਕਰਕੇ ਦੂਰ-ਦਰਾਜ਼ ਭੇਜਣ ਦਾ ਕੰਮ ਸ਼ੁਰੂ ਕੀਤਾ। ਭਾਈ ਬਾਲਾ ਜੀ ਤੋਂ ਗੁਰੂ ਨਾਨਕ ਦੇਵ ਜੀ ਦਾ ਜੀਵਨ ਬਿਰਤਾਂਤ ਸੁਣਿਆ ਅਤੇ ਭਾਈ ਮੋਖੇ ਪੈੜੇ ਦੇ ਹੱਥੋਂ ਗੁਰਮੁਖੀ ਵਿਚ ਲਿਖਵਾਇਆ। ਬੱਚਿਆਂ ਲਈ ਬਾਲ ਬੋਧ ਤਿਆਰ ਕਰਵਾਏ। ਪੰਜਾਬੀ ਗੁਰਮੁਖੀ ਲਿਪੀ ਦੇ ਵਿਸਥਾਰ ਲਈ ਸਕੂਲ ਖੋਲ੍ਹੇ ਤਾਂ ਜੋ ਸਧਾਰਨ ਸੰਗਤ ਵੀ ਵਿੱਦਿਆ ਪ੍ਰਾਪਤ ਕਰਕੇ ਧਾਰਮਿਕ, ਰਾਜਨੀਤਿਕ, ਸਮਾਜਿਕ, ਅਧਿਆਤਮਕ ਚੇਤਨਾ ਨਾਲ ਆਪਣਾ ਜੀਵਨ ਪੱਧਰ ਉੱਚਾ ਚੁੱਕ ਸਕੇ।

ਜਿੱਥੇ ਆਪ ਜੀ ਨੇ ਗੁਰਬਾਣੀ ਇਕੱਤਰ ਕੀਤੀ, ਉਥੇ ਆਪ ਨੇ ਖੁਦ ਵੀ ਗੁਰਬਾਣੀ ਦੀ ਰਚਨਾ ਕੀਤੀ। ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਸੰਪਾਦਨਾ ਵਿਚ ਆਪ ਜੀ ਦੇ 63 ਸਲੋਕ 10 ਰਾਗਾਂ ਵਿਚ ਅੰਕਿਤ ਹਨ।

ਆਤਮਕ ਵਿਰਤੀ ਅਤੇ ਨਰੋਈ ਸਿਹਤ ਲਈ ਨਸ਼ਾ ਮੁਕਤ ਸਮਾਜ ਦੀ ਸਿੱਖਿਆ ਦਿੱਤੀ। ਗੁਰੂ ਜੀ ਨੇ ਕਸਰਤਾਂ ਕਰਨ ਲਈ ਮੱਲ ਅਖਾੜਾ ਬਣਵਾਇਆ, ਜਿੱਥੇ ਸੰਗਤਾਂ ਸਰੀਰਕ ਅਤੇ ਅਧਿਆਤਮਕ ਅਭਿਆਸ ਕਰਦੀਆਂ। ਉਹਨਾਂ ਅਨੁਸਾਰ ਸਿਹਤਮੰਦ ਸਰੀਰ ਵਿਚ ਹੀ ਸਿਹਤਮੰਦ ਮਨ ਵੱਸ ਸਕਦਾ ਹੈ। ਉਹਨਾਂ ਖੇਡਾਂ, ਕੁਸ਼ਤੀਆਂ ਅਤੇ ਸਰੀਰਕ ਕਸਰਤਾਂ ਰਾਹੀਂ ਬੱਚਿਆਂ ਤੇ ਨੌਜਵਾਨਾਂ ਨੂੰ ਦੇਹ ਅਰੋਗਤਾ, ਰਿਸ਼ਟ-ਪੁਸ਼ਟ, ਤੰਦਰੁਸਤੀ ਚੜ੍ਹਦੀਕਲਾ ਅਤੇ ਸਰਬੱਤ ਦੇ ਭਲੇ ਦਾ ਉਪਦੇਸ਼ ਦਿੱਤਾ।

ਬਰਾਬਰਤਾ ਦਾ ਅਹਿਸਾਸ ਦਿਵਾਉਣ ਲਈ ਲੰਗਰ ਦੀ ਪ੍ਰਥਾ ਨੂੰ ਆਪਣੀ ਨਿਗਰਾਨੀ ਹੇਠ ਚਲਾਇਆ। ਆਪ ਜੀ ਦੇ ਲੰਗਰ ਵਿਚ (ਪਿਆਲੀ) ਦੇਸੀ ਘਿਓ ਵਾਲੀ ਖੀਰ ਵਰਤਦੀ ਸੀ। ਮਾਤਾ ਖੀਵੀ ਜੀ ਆਪਣੇ ਹੱਥੀਂ ਲੰਗਰ ਵਰਤਾਇਆ ਕਰਦੇ ਸਨ। ਜਿਸ ਨਾਲ ਇਸਤਰੀਆਂ ਨੂੰ ਧਰਮ ਪ੍ਰਬੰਧ ਵਿਚ ਅਗਵਾਈ ਦੇ ਕੇ ਉਹਨਾਂ ਦਾ ਮਾਣ ਵਧਾਇਆ।

ਉਹਨਾਂ ਨੇ ਦਸਵੰਧ, ਵੰਡ ਛਕਣਾ, ਨਿਸ਼ਕਾਮ ਸੇਵਾ, ਰੱਬ ਦੀ ਰਜ਼ਾ ਵਿਚ ਰਹਿੰਦਾ, ਦਿਖਾਵੇ ਤੋਂ ਦੂਰ ਰਹਿੰਦਾ, ਹਮੇਸ਼ਾ ਲੋੜਵੰਦਾਂ, ਬਿਮਾਰਾਂ ਦੀ ਸੇਵਾ ਕਰਦੇ ਰਹਿਣ ਦਾ ਉਪਦੇਸ਼ ਦਿੱਤਾ। ਗੁਰੂ ਅੰਗਦ ਦੇਵ ਜੀ ਨੇ ਬਾਦਸ਼ਾਹ ਹਮਾਯੂੰ ਦਾ ਹੰਕਾਰ ਤੋੜ ਕੇ ਨਿਮਰਤਾ ਵਿਚ ਰਹਿ ਕੇ ਧਰਮ ਅਤੇ ਨਿਆਂ 'ਤੇ ਚੱਲਣ ਦਾ ਅਹਿਸਾਸ ਕਰਵਾਇਆ।

ਗੁਰੂ ਅੰਗਦ ਦੇਵ ਜੀ ਨੇ ਧਰਮ ਪ੍ਰਚਾਰ ਵਿਚ ਉਹਨਾਂ ਸਾਰੇ ਸਥਾਨਾਂ 'ਤੇ ਪ੍ਰਚਾਰ ਕੀਤਾ, ਜਿੱਥੇ-ਜਿੱਥੇ ਗੁਰੂ ਨਾਨਕ ਦੇਵ ਜੀ ਵਿੱਚਰੇ ਸਨ। ਉਹਨਾਂ ਨੇ ਹੋਰ ਸੈਂਕੜੇ ਸਿੱਖ ਮੱਤ ਦੇ ਪ੍ਰਚਾਰ ਕੇਂਦਰ ਸਥਾਪਤ ਕੀਤੇ। ਗੁਰੂ ਅੰਗਦ ਦੇਵ ਜੀ ਦੀ ਕਾਰਜਸ਼ੈਲੀ ਵਿਚ ਸਭ ਤੋਂ ਮਹੱਤਵਪੂਰਨ ਪੱਖ ਇਹ ਹੈ ਕਿ ਉਹਨਾਂ ਨੇ ਗੁਰੂ ਨਾਨਕ ਦੀ ਵਿਚਾਰਧਾਰਾ ਅਤੇ ਨਿਮਨ ਨੂੰ ਅਗਾਂਹ ਤੋਰਿਆ ਹੈ। ਇਕ ਨਵ-ਜੰਮੇ ਧਰਮ ਨੂੰ ਜੀਵਨ ਰਾਹ ਤੇ ਪਾਇਆ, ਜਿਸਨੇ ਅੱਜ ਸੰਸਾਰ ਵਿਚ ਆਪਣੀ ਪ੍ਰਭਾਵਸ਼ਾਲੀ ਪਛਾਣ ਬਣਾਈ ਹੈ।

ਉਹਨਾਂ ਨੇ ਜੋਗੀਆਂ, ਸੰਨਿਆਸੀਆਂ ਨਾਲ ਵਿਚਾਰ ਗੋਸ਼ਟੀ ਕਰਕੇ ਸਿੱਖ ਮੱਤ ਦੇ ਨਿਖਾਰ ਨੂੰ ਪੇਸ਼ ਕੀਤਾ। ਅੰਤ ਵਿਚ ਜੋ ਵੀ ਧਾਰਮਿਕ ਅਤੇ ਅਧਿਆਤਮਕ ਗਿਆਨ ਉਹਨਾਂ ਨੇ ਗੁਰੂ ਨਾਨਕ ਦੇਵ ਜੀ ਪਾਸੋਂ ਪ੍ਰਾਪਤ ਕੀਤਾ, ਉਹੀ ਤੀਜੇ ਗੁਰੂ ਅਮਰਦਾਸ ਜੀ ਨੂੰ ਸੌਂਪ ਦਿੱਤਾ।

ਮਾਰਚ 1552 ਵਿਚ ਉਹ ਜੋਤੀ ਜੋਤ ਸਮਾ ਗਏ। ਗੁਰਗੱਦੀ ਤੇ ਤੀਸਰੇ ਗੁਰੂ ਅਮਰਦਾਸ ਜੀ ਨੂੰ ਬਿਰਾਜਮਾਨ ਕਰ ਗਏ। ਗੁਰੂ ਅੰਗਦ ਦੇਵ ਜੀ ਵੱਲੋਂ ਆਰੰਭੇ ਗੋਇੰਦਵਾਲ ਨੂੰ ਗੁਰੂ ਅਮਰਦਾਸ ਜੀ ਨੇ ਵਸਾਇਆ।

# ਬਾਲ ਸੁਰੱਖਿਆ ਘਰਾਂ ਵਿੱਚ ਕਿਉ ਹੁੰਦਾ ਹੈ ਸ਼ੋਸ਼ਣ



ਡਾ ਅਜੀਤਪਾਲ ਸਿੰਘ ਐਮ ਡੀ
ਸਾਬਕਾ ਡਿਪਟੀ ਮੈਡੀਕਲ ਕਮਿਸ਼ਨਰ
91-98156-29301

ਬਾਲ ਸੁਰੱਖਿਆ ਘਰ (ਚਿਲਡਰਨ ਹੋਮ) ਆਖਰ ਕਿੰਨਾ ਲਈ ਹਨ? ਇਨ੍ਹਾਂ ਸੁਰੱਖਿਆ ਘਰਾਂ ਵਿੱਚ ਬੇਸਹਾਰਾ, ਬੇਘਰ, ਘਰਾਂ ਤੋਂ ਭੱਜੇ, ਤਸਕਰਾਂ ਦੇ ਚੁੰਗਲ ਵਿੱਚੋਂ ਬਚਾਏ ਗਏ ਬੱਚੇ ਰੱਖੇ ਜਾਂਦੇ ਹਨ। ਉਹ ਬੱਚੇ ਵੀ ਰੱਖੇ ਜਾਂਦੇ ਹਨ ਜੋ ਅਜੇ ਬਾਲਗ ਨਹੀਂ ਹੁੰਦੇ ਅਤੇ ਕਿਸੇ ਅਪਰਾਧ ਵਿਚ ਸ਼ਾਮਿਲ ਹੁੰਦੇ ਹਨ। ਇਨ੍ਹਾਂ ਸੁਰੱਖਿਆ ਘਰਾਂ ਵਿੱਚ ਕੁਝ ਦਾ ਪ੍ਰਬੰਧ ਸਰਕਾਰ ਖ਼ੁਦ ਚਲਾਉਂਦੀ ਹੈ ਪਰ ਬਹੁਤਿਆਂ ਨੂੰ ਤਾਂ ਗੈਰ ਸਰਕਾਰੀ ਸੰਸਥਾਵਾਂ (ਐਨਜੀਓ) ਹੀ ਚਲਾਉਂਦੀਆ ਹਨ। ਉਨ੍ਹਾਂ ਨੂੰ ਸਰਕਾਰ ਤੋਂ ਫੰਡ ਮਿਲਦਾ ਹੈ। ਇਨ੍ਹਾਂ ਕੇਂਦਰਾਂ ਦਾ ਮਕਸਦ ਵਾਂਝੇ ਤੇ ਲੁੱਟ-ਜ਼ਬਰ ਦਾ ਸ਼ਿਕਾਰ ਲੋਕਾਂ ਦੇ ਹੱਕਾਂ ਦੀ ਬਹਾਲੀ ਅਤੇ ਉਨ੍ਹਾਂ ਦੇ ਜੀਵਨ ਨੂੰ ਉੱਨਤ ਬਣਾਉਣਾ ਹੈ ਅਤੇ ਮੰਨਿਆ ਜਾਂਦਾ ਹੈ ਕਿ ਉੱਥੇ ਰਹਿ ਰਹੇ ਬੱਚੇ ਮਹਿਫੂਜ਼ ਹਨ ਪਰ ਬਿਹਾਰ ਦੇ ਮੁਜ਼ੱਫਰਨਗਰ, ਫਿਰ ਉੱਤਰ ਪ੍ਰਦੇਸ਼ ਦੇ ਦੇਵਰੀਆ ਅਤੇ ਹੁਣ ਦਿੱਲੀ ਦੇ ਕੜਕੜਡੂਮਾ ਦੇ ਕੇਂਦਰਾਂ ਤੋਂ ਜਿਹੋ ਜਿਹੀਆਂ ਜਬਰ ਤਸ਼ਦਦ ਦੀਆਂ ਕਹਾਣੀਆਂ ਖੁੱਲ੍ਹ ਰਹੀਆਂ ਹਨ ਉਸ ਤੋਂ ਤਾਂ ਅੰਦਾਜ਼ਾ ਇਹੀ ਲੱਗਦਾ ਹੈ ਕਿ ਇਨ੍ਹਾਂ ਵਿੱਚੋਂ ਕਈ ਕੇਂਦਰ ਨਰਕ ਤੋਂ ਭੈੜੇ ਹਨ। ਅਜਿਹਾ ਨਹੀਂ ਹੈ ਕਿ ਪਹਿਲੀ ਵਾਰੀ ਅਜਿਹੀਆਂ ਕਹਾਣੀਆਂ ਸਾਹਮਣੇ ਆਈਆਂ ਹਨ।ਮੁਜ਼ੱਫਰਪੁਰ"ਬੱਚੀ ਸੁਰੱਖਿਆ ਘਰ" ਵਿੱਚ 34 ਨਾਬਾਲਗ ਲੜਕੀਆਂ ਦੇ ਨਾਲ ਜ਼ਿਆਦਤੀ ਦੀ ਪੁਸ਼ਟੀ ਤੋਂ ਕਰੀਬ ਇੱਕ ਦਹਾਕੇ ਪਹਿਲਾਂ ਜੁਲਾਈ 2007 ਵਿੱਚ ਤਾਮਿਲਨਾਡੂ ਦੇ ਮਹਾਂਬਲੀਪੁਰਮ ਵਿੱਚ ਪੈਸੇ ਦੇ ਕੇ ਦੇਸੀ ਵਿਦੇਸ਼ੀ ਸੈਲਾਨੀਆਂ ਵੱਲੋਂ ਅਨਾਥ ਘਰਾਂ ਵਿੱਚ ਰਹਿ ਰਹੇ ਬੱਚਿਆਂ ਦਾ ਜਿਨਸੀ ਸ਼ੋਸ਼ਣ ਕੀਤੇ ਜਾਣ ਦਾ ਮਾਮਲਾ ਸਾਹਮਣੇ ਆਇਆ ਹੈ। ਇਸ ਮਾਮਲੇ ਬਾਰੇ ਸੁਪਰੀਮ ਕੋਰਟ ਵਿੱਚ ਪੀ ਆਈ ਐੱਲ ਦਾਖਲ ਕੀਤੀ ਗਈ ਅਤੇ ਬੀਤੇ ਸਾਲ ਮਈ ਵਿੱਚ ਸਿਖ਼ਰਲੀ ਅਦਾਲਤ ਨੇ ਦੇਸ਼ ਭਰ ਵਿੱਚ ਚੱਲ ਰਹੇ ਬੱਚਿਆਂ ਦੇ ਸਾਰੇ ਸੁਰੱਖਿਆ ਕੇਂਦਰਾਂ ਦੀ ਜੁਵੇਨਾਈਲ ਜਸਟਿਸ (ਕੇਅਰ ਐਂਡ ਪ੍ਰੋਟੈਕਸ਼ਨ)ਐਕਟ ਯਾਨੀ "ਜੇ ਜੇ ਐਕਟ" ਦੇ ਤਹਿਤ ਰਜਿਸਟਰੇਸ਼ਨ ਕਰਾਉਣ ਦਾ ਹੁਕਮ ਦਿੱਤਾ ਸੀ। ਦੇਸ਼ ਭਰ ਵਿੱਚ ਕੁੱਲ 9,589 ਚਾਈਲਡ ਕੇਅਰ ਹੋਮ ਹਨ। ਇਨ੍ਹਾਂ ਵਿੱਚ 3.68 ਲੱਖ ਬੱਚੇ ਰਹਿੰਦੇ ਹਨ। ਜਿਨ੍ਹਾਂ ਵਿੱਚ 1.98 ਲੱਖ ਲੜਕੇ,1.69 ਲੱਖ ਲੜਕੀਆਂ ਤੇ 92 ਟਰਾਂਸਜੈਂਡਰ ਹਨ। ਇਨ੍ਹਾਂ ਕੇਂਦਰਾਂ ਵਿੱਚੋਂ 8747 ਨੂੰ ਐਨਜੀਓ(ਗੈਰ ਸਰਕਾਰੀ ਸੰਸਥਾਵਾਂ) ਚਲਾ ਰਹੀਆਂ ਹਨ।ਬਾਕੀ ਸੁਪਰੀਮ ਕੋਰਟ ਦੇ ਹੁਕਮ ਤੋਂ ਕਰੀਬ ਇੱਕ ਸਾਲ ਬਾਅਦ ਵੀ 3087 ਚਾਇਲਡ ਕੇਅਰ ਹੋਮ ਹੀ ਜੇ ਜੇ ਐਕਟ ਤਹਿਤ ਰਜਿਸਟਰ ਹੋਏ ਹਨ। ਮੁਜ਼ੱਫਰਪੁਰ ਕਾਂਡ ਪਿੱਛੋਂ ਕੇਂਦਰੀ ਮਹਿਲਾ ਅਤੇ ਬਾਲ ਵਿਕਾਸ ਮੰਤਰਾਲੇ ਨੇ ਰਾਜ ਸਰਕਾਰਾਂ ਨੂੰ ਦੋ ਮਹੀਨੇ ਦੇ ਅੰਦਰ ਅੰਦਰ ਸਾਰੇ ਕੇਂਦਰਾਂ ਦਾ ਸਪੈਸ਼ਲ ਆਡਿਟ ਕਰਾਉਣ ਨੂੰ ਕਿਹਾ ਹੈ। ਇਸ ਸਤੰਬਰ ਵਿੱਚ ਰਿਪੋਰਟ ਆਉਣ ਦੀ ਉਮੀਦ ਕੀਤੀ ਜਾ ਰਹੀ ਹੈ। ਸੋਸ਼ਲ ਆਡਿਟ ਕਰਾਉਣ ਦਾ ਫ਼ੈਸਲਾ ਪਹਿਲੀ ਵਾਰ ਨਹੀਂ ਕੀਤਾ ਗਿਆ ਹੈ ਪਿਛਲੇ ਸਾਲ ਸੁਪਰੀਮ ਕੋਰਟ ਨੇ ਕੇਂਦਰ ਸਰਕਾਰ ਨੂੰ ਬੱਚਿਆਂ ਦੀ ਦੇਖ ਭਾਲ ਕਰ ਰਹੀਆਂ ਸਾਰੀਆਂ ਸੰਸਥਾਵਾਂ ਦਾ ਆਡਿਟ ਕੌਮੀ ਬਾਲ ਅਧਿਕਾਰ ਸੁਰੱਖਿਆ ਕਮਿਸ਼ਨ (ਐਨ ਸੀ ਪੀ ਸੀ ਆਰ) ਤੋਂ ਕਰਵਾਉਣ ਦਾ ਹੁਕਮ ਦਿੱਤਾ ਸੀ ਪਰ ਬਿਹਾਰ, ਉੱਤਰ ਪ੍ਰਦੇਸ਼, ਮੇਘਾਲਿਆ, ਅਰੁਣਾਚਲ ਪ੍ਰਦੇਸ਼, ਤ੍ਰਿਪੁਰਾ, ਮਿਜ਼ੋਰਮ ਵਿੱਚ ਕਮਿਸ਼ਨ ਨੂੰ ਆਡਿਟ ਕਰਨ ਹੀ ਨਹੀਂ ਦਿੱਤਾ ਗਿਆ। ਕੇਂਦਰੀ ਮੰਤਰਾਲੇ ਨੇ 2016 ਵਿੱਚ ਵੀ ਇਨ੍ਹਾਂ ਕੇਂਦਰਾਂ ਦਾ ਅਧਿਐਨ ਕਰਵਾਇਆ ਸੀ ਪਰ ਉਸ ਵਿੱਚ ਬੱਚੇ ਕਿਨ੍ਹਾਂ ਹਾਲਤਾਂ ਵਿੱਚ ਹਨ ਇਹ ਜਾਨਣ ਦੀ ਦਿਲਚਸਪੀ ਨਹੀਂ ਵਿਖਾਈ ਗਈ ਸੀ। ਮੁਜੱਫਰਪੁਰ ਕਾਂਡ ਦੀਆਂ ਪਰਤਾਂ ਟਾਟਾ ਇੰਸਟੀਚੂਟ ਆਫ ਸੋਸ਼ਲ ਸਾਇੰਸਿਜ਼ (ਟਿਸ) ਦੇ



ਪ੍ਰਾਜੈਕਟ "ਕੋਸ਼ਿਸ਼" ਦੀ ਸੋਸ਼ਲ ਅਡਿਟ ਰਿਪੋਰਟ ਤੋਂ ਖੁੱਲ੍ਹਣੀਆਂ ਸ਼ੁਰੂ ਹੋਈਆ।"ਕੋਸ਼ਿਸ਼" ਦੇ ਡਾਇਰੈਕਟਰ ਮੁਹੰਮਦ ਤਾਰਿਕ ਨੇ ਦੱਸਿਆ ਹੈ ਕਿ "ਜਦ ਇਨ੍ਹਾਂ ਕੇਂਦਰਾਂ ਦੀ ਜਾਂਚ ਹੁੰਦੀ ਹੈ ਤਾਂ ਦਸਤਾਵੇਜ਼ਾਂ ਦੀ ਜਾਂਚ ਤੇ ਜ਼ਿਆਦਾ ਜ਼ੋਰ ਦਿੱਤਾ ਜਾਂਦਾ ਹੈ,ਉੱਥੇ ਰਹਿ ਰਹੇ ਲੋਕਾਂ ਦਾ ਅਨੁਭਵ ਜਾਨਣ ਦੀ ਕੋਸ਼ਿਸ਼ ਨਹੀਂ ਕੀਤੀ ਜਾਂਦੀ।" ਪਰਿਆਸ ਜੇ ਏ ਸੀ ਸੁਸਾਇਟੀ ਦੇ ਜਨਰਲ ਸਕੱਤਰ ਅਮੋਦ ਕੇ ਕੰਠ ਮੁਤਾਬਿਕ ਇਹ ਮਸਲਾ ਸਿਰਫ ਸੁਰੱਖਿਆ ਘਰਾਂ ਦਾ ਹੀ ਨਹੀਂ ਹੈ। ਬੱਚਿਆਂ ਖਿਲਾਫ ਅਪਰਾਧ ਲਗਾਤਾਰ ਵਧ ਰਹੇ ਹਨ ਉਹ ਘਰ ਅਤੇ ਬਾਹਰ ਕਿਤੇ ਵੀ ਸੁਰੱਖਿਅਤ ਨਹੀਂ ਹਨ। ਕੇਂਦਰੀ ਮਹਿਲਾ ਤੇ ਬਾਲ ਵਿਕਾਸ ਮੰਤਰੀ ਮੇਨਕਾ ਗਾਂਧੀ ਨੇ ਵੀ ਸੰਸਦ ਵਿੱਚ ਦਸਿਆ ਸੀ ਕਿ 2013-14 ਵਿੱਚ ਬਾਲ ਸੁਰੱਖਿਆ ਕੇਂਦਰਾਂ ਵਿੱਚ 932 ਮਾਮਲੇ ਸ਼ੋਸ਼ਣ ਅਤੇ ਹਿੰਸਾ ਦੇ ਸਾਹਮਣੇ ਆਏ ਹਨ। ਗਾਂਧੀ ਨੇ ਇਸ ਸਾਲ 17 ਜੁਲਾਈ ਨੂੰ ਲੋਕ ਸਭਾ ਵਿੱਚ ਦੱਸਿਆ ਕਿ ਐਨ ਸੀ ਪੀ ਸੀ ਆਰ ਨੂੰ ਇਸ ਸਾਲ ਅਪਰੈਲ ਤੋਂ ਜੂਨ ਦਰਮਿਆਨ ਨਾਲ 917 ਸ਼ਿਕਾਇਤਾ ਮਿਲੀਆਂ ਜਿਨ੍ਹਾਂ ਵਿੱਚ 164 ਮਾਮਲੇ ਯੌਨ ਸੋਸ਼ਣ ਦੇ ਸਨ। ਕੌਮੀ ਅਪਰਾਧ ਰਿਕਾਰਡ ਬਿਊਰੋ ਦੇ ਅੰਕੜੇ ਦੱਸਦੇ ਹਨ ਕਿ ਯੌਨ ਸ਼ੋਸ਼ਣ ਤੋਂ ਬੱਚਿਆਂ ਨੂੰ ਬਚਾਉਣ ਲਈ ਬਣਾਏ ਗਏ ਕਾਨੂੰਨ ਪਾਸਕੋ ਤਹਿਤ ਵੀ 2016 ਵਿੱਚ 36 ਹਜ਼ਾਰ ਮਾਮਲੇ ਦਰਜ ਕੀਤੇ ਗਏ ਜੋ 2015 ਦੀ ਤੁਲਨਾ ਵਿੱਚ 5.5 ਫੀਸਦੀ ਵੱਧ ਹਨ। ਦਿੱਲੀ ਕਮਿਸ਼ਨ ਫਾਰ ਪ੍ਰੋਟੈਕਸ਼ਨ ਆਫ ਚਾਈਲਡ ਰਾਈਟਸ (ਡੀ ਸੀ ਪੀ ਸੀ ਆਰ) ਦੇ 2009 ਤੋਂ 2015 ਤੱਕ ਸਾਂਸਦ ਰਹੇ ਅਤੇ ਬੱਚਿਆਂ ਦੇ ਅਧਿਕਾਰਾਂ ਲਈ ਕੰਮ ਕਰਨ ਵਾਲੇ ਸੁਪਰੀਮ ਕੋਰਟ ਦੇ ਵਕੀਲ ਸਸਾਂਕ ਸ਼ੇਖਰ ਮੁਤਾਬਕ "ਜੇ ਜੇ ਐਕਟ ਮੁਤਾਬਕ ਇਨ੍ਹਾਂ ਕੇਂਦਰਾਂ ਦੀ ਜਿਸ ਤਰ੍ਹਾਂ ਨਾਲ ਪ੍ਰੀਕਲਪਨਾ ਕੀਤੀ ਗਈ ਹੈ ਉਹ ਤਾਂ ਜ਼ਮੀਨ ਤੇ ਉਕਾ ਹੀ ਨਹੀਂ ਹੈ। ਮੇਰੇ ਹਿਸਾਬ ਨਾਲ ਬੱਚਿਆਂ ਦੀ ਰਾਖੀ ਤੇ ਬੇਹਤਰੀ ਲਈ ਜੋ ਸਹੂਲਤਾਂ ਤੇ ਸਾਧਨ ਹੋਣੇ ਚਾਹੀਦੇ ਹਨ ਉਹ ਸ਼ੈਲਟਰ ਹੋਮਾ ਵਿੱਚ ਨਹੀਂ ਹਨ। ਬੇ-ਨਿਯਮੀਆਂ ਉਦੋਂ ਸਾਹਮਣੇ ਆਉਂਦੀਆਂ ਹਨ ਜਦ ਕੋਈ ਬੱਚਾ ਮਰ ਜਾਂਦਾ ਹੈ,ਭੱਜ ਜਾਂਦਾ ਹੈ ਜਾਂ ਬਾਹਰ ਦੀ ਕੋਈ ਏਜੰਸੀ ਕੁਝ ਉਜਾਗਰ ਕਰਦੀ ਹੈ। ਸਾਫ਼ ਹੈ ਕਿ ਰਾਜਸੀ ਦਬਾਅ ਭਾਰੂ ਹੈ ਅਤੇ ਬੱਚੇ ਸਰਕਾਰ ਦੀਆਂ ਤਰਜੀਹਾਂ ਵਿੱਚ ਨਹੀਂ ਹਨ। ਦਿੱਲੀ ਵਿੱਚ ਸ਼ੈਲਟਰ ਹੋਮ ਚਲਾਉਣ ਵਾਲੀ ਇੱਕ ਐਨਜੀਓ ਦੇ ਮੁਖੀ ਨੇ ਨਾਂ ਨਾ ਛਾਪਣ ਦੀ ਸ਼ਰਤ ਤੇ ਦੱਸਿਆ ਕਿ ਅਜਿਹਾ ਜੇ ਚੱਲਦਾ ਰਿਹਾ ਤਾਂ ਜਬਰ ਤੇ ਲੁੱਟ ਦਾ ਇਹ ਸਿਲਸਿਲਾ ਕਦੇ ਵੀ ਖਤਮ ਨਹੀਂ ਹੋਵੇਗਾ। ਉਨ੍ਹਾਂ ਦੱਸਿਆ ਕਿ ਨਿਯਮ ਹੈ ਕਿ ਜਿਸ ਐਨਜੀਓ ਨੂੰ ਸੁਰੱਖਿਆ ਘਰ ਚਲਾਉਣ ਦਾ ਟੈਂਡਰ ਦਿੱਤਾ ਜਾਂਦਾ ਹੈ ਤਿੰਨ ਸਾਲ ਪਿੱਛੋਂ ਫਿਰ ਤੋਂ ਉਸ ਦੀ ਪੜਤਾਲ ਕੀਤੀ ਜਾਵੇ "ਸਭ ਕੁਝ ਠੀਕ" ਮਿਲਣ ਤੇ ਹੀ ਦੁਬਾਰਾ ਟੈਂਡਰ ਦਿੱਤਾ ਜਾਵੇ ਪਰ ਅਜਿਹਾ ਹੁੰਦਾ ਕਦੇ ਵੀ ਨਹੀਂ। ਜ਼ਾਹਰ ਹੈ ਕਿ ਐਨਜੀਓ ਚਲਾਉਣ ਵਾਲੀਆਂ ਸੰਸਥਾਵਾਂ, ਅਧਿਕਾਰੀਆਂ ਤੇ ਨੇਤਾਵਾਂ ਦੀ ਮਿਲੀ-ਭੁਗਤ ਕਾਰਨ ਹੀ ਉਹ ਅਜਿਹਾ ਨਹੀਂ ਹੋਣ ਦਿੰਦੀਆਂ। ਕਦੀ ਕਦੀ ਬੇਨਿਯਮੀਆ ਸਾਹਮਣੇ ਆ ਜਾਂਦੀਆਂ ਹਨ ਤਾਂ ਉਨ੍ਹਾਂ ਨੂੰ "ਮੈਨੇਜ" ਕਰ ਲਿਆ ਜਾਂਦਾ ਹੈ। ਮੁਜ਼ਫਰਨਗਰ ਮਾਮਲੇ ਵਿੱਚ ਵੀ ਸ਼ੁਰੂਆਤ ਚ ਅਜਿਹੀਆਂ ਕੋਸ਼ਿਸਾਂ ਹੋਈਆਂ ਸਨ। ਹੁਣ ਸੀ ਬੀ ਆਈ ਮੁੱਖ ਦੋਸ਼ੀ ਬ੍ਰਿਜੇਸ਼ ਠਾਕੁਰ 'ਤੇ ਦਬਾਅ ਪਾਉਣ ਤੇ ਅਸਤੀਫ਼ਾ ਦੇਣ ਲਈ ਮਜਬੂਰ ਹੋਈ ਬਿਹਾਰ ਦੀ ਸਮਾਜ ਕਲਿਆਣ ਮੰਤਰੀ ਮੰਜੂ ਵਰਮਾ ਵਿਚਾਲੇ ਸਬੰਧਾਂ ਦੀ ਪੜਤਾਲ ਕਰ ਰਹੀ ਹੈ। ਪਰਿਆਸ ਦੇਸ਼ ਦੇ ਨੌਂ ਰਾਜਾਂ ਵਿੱਚ ਬੱਚਿਆਂ ਲਈ ਸੰਤਾਲੀ ਸ਼ੈਲਟਰ ਹੋਮ ਚਲਾ ਰਹੀ ਹੈ ਇਨ੍ਹਾਂ ਵਿੱਚੋਂ ਇੱਕੀ ਦਿੱਲੀ ਤੇ ਬਿਹਾਰ ਵਿੱਚ ਹਨ। ਇਸ ਦੇ ਪ੍ਰਾਜੈਕਟ ਕੋਸ਼ਿਸ਼ ਦੀ ਸੋਸ਼ਲ ਰਿਪੋਰਟ ਵਿੱਚ ਜਿਨ੍ਹਾਂ ਕੁਝ ਕੇਂਦਰਾਂ ਦੀ ਤਾਰੀਫ ਕੀਤੀ ਗਈ ਹੈ ਉਨ੍ਹਾਂ ਵਿਚ ਪਰਿਆਸ ਦਾ "ਸ਼ੈਲਟਰ ਹੋਮ" ਵੀ ਸ਼ਾਮਿਲ ਹੈ। ਕੰਠ ਦੇ ਦੱਸਣ ਮੁਤਾਬਕ "ਸੁਰੱਖਿਆ ਘਰਾਂ ਵਿੱਚ ਰਹਿ ਰਹੇ ਬੱਚੇ ਕਾਨੂੰਨੀ ਤੌਰ ਤੇ ਸਰਕਾਰ ਦੀ ਜ਼ਿੰਮੇਵਾਰੀ ਹੈ। ਇਨ੍ਹਾਂ ਕੇਂਦਰਾਂ ਵਿਚ ਬੱਚਿਆਂ ਨੂੰ ਲਿਆਉਣ ਤੋਂ ਲੈ ਕੇ ਉਨ੍ਹਾਂ ਦੀ ਨਿਗਰਾਨੀ ਤੱਕ ਨਾਲ ਕਈ ਸਰਕਾਰੀ ਮਹਿਕਮੇ ਜੁੜੇ ਹੋਏ ਹਨ। ਇੱਥੇ ਰਹਿ ਰਹੇ ਬੱਚਿਆਂ ਨੂੰ ਸਾਰੇ ਉਹ 56 ਅਧਿਕਾਰ ਹਾਸਲ ਹਨ ਜਿਨ੍ਹਾਂ ਦਾ ਜ਼ਿਕਰ "ਯੂਨਾਈ-ਟਿਡ ਨੇਸ਼ਨ ਕਨਵੈਨਸ਼ਨ ਆਨ ਦਾ ਰਾਈਸ ਆਫ਼ ਚਾਈਲਡ" ਵਿੱਚ ਕੀਤਾ ਗਿਆ ਹੈ। ਮੋਟੇ ਤੌਰ ਤੇ ਕਹੀਏ ਤਾਂ ਬੁਨਿਆਦੀ ਜ਼ਰੂਰਤਾਂ ਬੱਚਿਆਂ ਦਾ ਅਧਿਕਾਰ ਹੈ। ਅਜਿਹੇ ਵਿੱਚ ਉਸ ਨਿਗਰਾਨੀ ਜਾਂ ਅਧਿਅਨ ਦਾ ਕੀ ਮਤਲਬ ਰਹਿ ਜਾਂਦਾ ਹੈ ਜਿੰਨ੍ਹਾਂ ਚ ਬੱਚਿਆਂ ਦੀਆਂ ਲੋੜਾਂ ਤੇ ਵੀ ਧਿਆਨ ਨਾ ਦਿੱਤਾ ਜਾਵੇ।" ਸਾਫ ਹੈ ਕਿ ਜੇ ਸੁਰੱਖਿਆ ਘਰਾਂ ਦੀ ਨਿਯਮਿਤ ਨਿਗਰਾਨੀ ਹੁੰਦੀ ਤੇ ਨਿਯਮਾਂ ਦੀ ਸਹੀ ਤਰੀਕੇ ਨਾਲ ਪਾਲਣਾ ਹੁੰਦੀ ਤਾਂ ਅਜਿਹੀ ਨੌਬਤ ਸ਼ਾਇਦ ਕਦੇ ਨਾ ਆਉਂਦੀ, ਜਿਵੇਂ ਕਿ ਮੁਜਫਰਪੁਰ ਤੇ ਦੇਵਰੀਆ ਮਾਮਲੇ ਦੇ ਮੁੱਖ ਆਰੋਪੀ ਦੀ ਉੱਚੀ ਪਹੁੰਚ ਤੋਂ ਜ਼ਾਹਿਰ ਹੁੰਦਾ ਹੈ ਕਿ ਪੂਰਾ ਤਾਣਾ ਬਾਣਾ ਹੀ ਠੱਪ ਹੋ ਚੁੱਕਾ ਹੈ। ਅਜਿਹਾ ਵੀ ਨਹੀਂ ਹੈ ਕਿ ਦੇਸ਼ ਭਰ ਵਿੱਚ ਚੱਲ ਰਹੇ ਹਜ਼ਾਰਾਂ ਕੇਂਦਰਾਂ ਚ ਘੁੱਪ ਹਨੇਰਾ ਹੀ ਪਸਰਿਆ ਹੋਇਆ ਹੈ। 16 ਸਾਲਾਂ ਦੀ ਬੱਚੀ ਜ਼ਾਤੂਨ 2017 ਵਿੱਚ ਮਨੁੱਖੀ ਤਸਕਰੀ ਦੇ ਚੁੰਗਲ ਵਿੱਚੋਂ ਬਚਾਈ ਗਈ ਸੀ। ਉਹ ਫਿਲਹਾਲ ਫਰੀਦਾਬਾਦ ਵਿੱਚ ਆਪਣੇ ਮਾਪਿਆਂ ਨਾਲ ਰਹਿੰਦੀ ਹੈ। ਪਰਿਵਾਰ ਕੋਲ ਜਾਣ ਤੋਂ ਪਹਿਲਾਂ ਉਹ ਕਈ ਮਹੀਨਿਆਂ ਤੱਕ ਦਿੱਲੀ ਦੇ ਇੱਕ ਚਿਲਡਰਨ ਹੋਮ ਵਿੱਚ ਰਹੀ। ਹਿਨਾ ਨੇ ਦੱਸਿਆ ਕਿ ਉੱਥੇ ਉਸ ਨੂੰ ਸਦਮੇ ਵਿੱਚੋਂ ਬਾਹਰ ਆਉਣ ਲਈ ਹਰ ਤਰ੍ਹਾਂ ਦੀ ਮਦਦ ਦਿੱਤੀ ਗਈ ਅਤੇ ਸੰਚਾਲਕਾਂ ਦੀ ਵਜ੍ਹਾ ਕਰਕੇ ਹੀ ਉਹ ਆਪਣੇ ਮਾਪਿਆਂ ਨੂੰ ਦੁਬਾਰਾ ਮਿਲ ਸਕੀ। 15 ਸਾਲਾਂ ਦੀ ਲੱਛਮੀ ਦਾਸ ਨੂੰ ਤਾਂ ਉਸ ਦੀ ਮਾਂ ਹੀ ਸੜਕ ਤੇ ਛੱਡ ਕੇ ਚਲੀ ਗਈ ਸੀ।

ਇਹ 2014 ਵੀਹ ਤੋਂ ਦਿੱਲੀ ਦੇ ਇੱਕ ਚਿਲਡਰਨ ਹੋਮ ਵਿੱਚ ਰਹਿ ਰਹੀ ਹੈ। ਇਸ ਵਾਰ ਇਸ ਨੇ ਸੱਤਵੀਂ ਜਮਾਤ ਵਿੱਚ 85 ਫੀਸਦੀ ਹਾਸਿਲ ਕੀਤੇ ਹਨ ਅਤੇ ਇੰਜੀਨੀਅਰ ਬਣਨ ਦੇ ਸੁਪਨੇ ਵੇਖ ਰਹੀ ਹੈ। ਪਰ ਅਫ਼ਸੋਸ ਹਰ ਬੱਚੀ ਦੀ ਕਹਾਣੀ ਹਿਨਾ ਤੇ ਲਕਸ਼ਮੀ ਵਰਗੀ ਨਹੀਂ ਹੈ ਅਤੇ ਵੈਸੀ ਤਾਂ ਬਿਲਕੁਲ ਨਹੀਂ ਹੈ ਜਿਸ ਦੀ ਪ੍ਰੀਕਲਪਨਾ ਜੇ ਜੇ ਐਕਟ ਵਿੱਚ ਕੀਤੀ ਗਈ ਹੈ ਤਾਂ ਫਿਰ ਕਦੋਂ ਸੁਰੱਖਿਆ ਘਰਾਂ ਨੂੰ ਮੈਨੇਜ ਕਰ ਕੇ ਤਸੀਹੇ ਘਰਾਂ ਵਿੱਚ ਬਦਲਣ ਦਾ ਫੈਸਲਾ ਟੁੱਟੇਗਾ? ਇੱਥੇ ਪਹਿਚਾਣ ਗੁਪਤ ਰੱਖਣ ਲਈ ਬੱਚੀਆਂ ਦੇ ਨਾਂ ਬਦਲੇ ਗਏ ਹਨ ਤੇ ਆਊਟਲੁੱਕ ਸਤੰਬਰ ਅਠਾਰਾਂ ਤੋਂ ਸਮੱਗਰੀ ਲਈ ਗਈ ਹੈ

### 24 ਸਤੰਬਰ ਪੂਨਾ ਪੈਕਟ ਦਿਵਸ ਸਬੰਧੀ ਵਿਸ਼ੇਸ਼

# ਅੱਜ ਵੀ ਬਹੁਤੇ ਲੋਕ ਇਸ ਦਿਨ ਨੂੰ ਕਾਲਾ ਅਤੇ ਧੋਖਾ ਦਿਵਸ ਵਜੋਂ ਹੀ ਮੰਨਾਉਦੇ ਹਨ



ਕੁਲਦੀਪ ਚੰਦ
91-94175-63054

ਅੱਜ ਦੇ ਦਿਨ 24 ਸਤੰਬਰ ਨੂੰ ਪੂਨਾ ਪੈਕਟ ਦਿਵਸ ਵਜੋਂ ਯਾਦ ਕੀਤਾ ਜਾਂਦਾ ਹੈ। ਇਸ ਪੂਨਾ ਪੈਕਟ ਦੁਆਰਾ ਹੀ 24 ਸਤੰਬਰ, 1932 ਨੂੰ ਭਾਰਤ ਵਿੱਚ ਰਹਿਣ ਵਾਲੇ ਕਰੋੜਾਂ ਦਲਿਤਾਂ ਜਿਨ੍ਹਾਂ ਵਿੱਚ ਪੱਛੜੀਆਂ ਸ਼੍ਰੇਣੀਆਂ, ਅਨੁਸੂਚਿਤ ਜਾਤਾਂ ਅਤੇ ਆਦਿਵਾਸੀ ਕਬੀਲੇ ਸ਼ਾਮਿਲ ਸਨ ਅਤੇ ਜੋ ਸਦੀਆਂ ਤੋਂ ਜਾਨਵਰਾਂ ਨਾਲੋਂ ਵੀ ਮਾੜਾ ਜੀਵਨ ਬਤੀਤ ਕਰ ਰਹੇ ਸਨ ਅਤੇ ਉਨ੍ਹਾਂ ਨੂੰ ਹਰ ਤਰਾਂ ਦੇ ਸਮਾਜਿਕ, ਰਾਜਨੀਤਿਕ ਅਤੇ ਆਰਥਿਕ ਅਧਿਕਾਰਾਂ ਤੋਂ ਬਾਂਝਾ ਰੱਖਿਆ ਗਿਆ ਸੀ ਨੂੰ ਮਿਲੇ ਅਲੱਗ ਰਾਜਨੀਤਿਕ ਅਧਿਕਾਰਾਂ ਨੂੰ ਵਾਪਸ ਲਿਆ ਗਿਆ। ਇਹ ਸਮਝੌਤਾ 24 ਸਤੰਬਰ 1932 ਨੂੰ ਡਾਕਟਰ ਅੰਬੇਡਕਰ ਅਤੇ ਕਾਂਗਰਸੀ ਆਗੂ ਮਹਾਤਮਾ ਗਾਂਧੀ ਵਿਚਕਾਰ ਪੂਨਾ ਦੀ ਯਰਵਦਾ ਜੇਲ ਵਿੱਚ ਹੋਇਆ ਸੀ ਅਤੇ ਇਸ ਸਮਝੌਤੇ ਦੁਆਰਾ ਦਲਿਤਾਂ ਨੂੰ ਅੰਗਰੇਜ਼ਾ ਵਲੋਂ ਬਾਕੀ ਕਈ ਦੂਜੇ ਘੱਟ ਗਿਣਤੀ ਵਰਗਾਂ ਵਾਂਗ ਮਿਲੇ ਵਖਰੇ ਚੋਣ ਅਧਿਕਾਰ ਨੂੰ ਖੋਹਕੇ ਮੌਜੂਦਾ ਰਾਖਵਾਂਕਰਣ ਨੀਤੀ ਅਧੀਨ ਆਰਥਿਕ ਅਤੇ ਰਾਜਨੀਤਿਕ ਲਾਭ ਦੇਣ ਦੀ ਯੋਜਨਾ ਮੰਨਜੂਰ ਕੀਤੀ ਗਈ। ਜੇਕਰ ਭਾਰਤ ਵਿੱਚ ਵਖਰੇ ਚੋਣ ਅਧਿਕਾਰਾਂ ਦਾ ਇਤਿਹਾਸ ਵੇਖੀਏ ਤਾਂ 1917 ਵਿੱਚ ਹਿੰਦੂਆਂ ਅਤੇ ਮੁਸਲਮਾਨਾਂ ਦੇ ਨੁੰਮਾਇਦਿਆਂ ਵਿਚਕਾਰ 'ਲਖਨਊ ਪੈਕਟ' ਹੋਇਆ ਜਿਸਤੋਂ ਬਾਦ ਕਾਂਗਰਸ ਲੀਗ ਦੀ ਸਥਾਪਨਾ ਕੀਤੀ ਗਈ ਅਤੇ ਇਸ ਵਿੱਚ ਕਈ ਵਰਗਾਂ ਲਈ ਅਲੱਗ ਚੋਣ ਅਧਿਕਾਰਾਂ ਨੂੰ ਸਵੀਕਾਰ ਕੀਤਾ ਗਿਆ ਸੀ ਅਤੇ ਉਨ੍ਹਾਂ ਦੀ ਅਬਾਦੀ ਅਨੁਸਾਰ ਨੁਮਾਇੰਦਗੀ ਦਿੱਤੀ ਗਈ। ਇਸ ਚੋਣ ਸਮਝੌਤੇ ਵਿੱਚ ਸਦੀਆਂ ਤੋਂ ਲਿਤਾੜ੍ਹੇ ਦਲਿਤਾਂ ਦੀ ਨੁਮਾਇੰਦਗੀ ਲਈ ਕੋਈ ਥਾਂ ਨਹੀਂ ਸੀ। ਦਲਿਤ ਬੁੱਧੀਜੀਵੀ ਆਗੂ ਡਾਕਟਰ ਭੀਮ ਰਾਓ ਅੰਬੇਡਕਰ ਅਗਸਤ 1917 ਵਿੱਚ ਬੰਬਈ ਵਿੱਚ ਲਾਰਡ ਈ ਮੋਨਟੇਗੂ ਸਾਹਮਣੇ ਪੇਸ਼ ਹੋਏ ਅਤੇ ਭਾਰਤ ਵਿੱਚ ਦਲਿਤਾਂ ਦੀ ਤਰਸਯੋਗ ਹਾਲਤ ਅਤੇ ਸਮੱਸਿਆਵਾਂ ਪ੍ਰਤੀ ਜਾਣੂ ਕਰਵਾਇਆ। 27 ਜਨਵਰੀ 1919 ਨੂੰ ਡਾਕਟਰ ਅੰਬੇਡਕਰ ਨੇ ਵੋਟ ਅਤੇ ਨਾਗਰਿਕ ਅਧਿਕਾਰਾਂ ਸਬੰਧੀ ਗਠਿਤ ਸਾਊਥ ਬਰੋ ਕਮੇਟੀ ਸਾਹਮਣੇ ਦਲਿਤਾਂ ਲਈ ਆਬਾਦੀ ਅਨੁਸਾਰ ਵੱਖਰੇ ਚੋਣ ਅਧਿਕਾਰਾਂ ਦੀ ਮੰਗ ਰੱਖੀ ਪ੍ਰੰਤੂ ਕੁੱਝ ਹਿੰਦੂ ਆਗੂਆ ਦੇ ਵਿਰੋਧ ਕਾਰਨ ਦਲਿਤਾਂ ਨੂੰ ਕੋਈ ਲਾਭ ਨਾਂ ਮਿਲਿਆ। ਅੰਗਰੇਜ਼ ਸਰਕਾਰ ਨੇ 1919 ਵਿੱਚ ਇੱਕ ਭਾਰਤੀ ਕਾਨੂੰਨ ਕਮਿਸ਼ਨ (ਇੰਡੀਅਨ ਸਟੈਚੂਟਰੀ ਕਮਿਸ਼ਨ) ਸਰ ਜੌਹਨ ਸਾਇਮਨ ਦੀ ਅਗਵਾਈ ਵਿੱਚ ਬਣਾਇਆ। ਇਸ ਲਈ ਹੀ ਇਸ ਕਮਿਸ਼ਨ ਨੂੰ ਸਾਇਮਨ ਕਮਿਸ਼ਨ ਕਿਹਾ ਜਾਂਦਾ ਹੈ। ਸਾਇਮਨ ਕਮਿਸ਼ਨ 3 ਫਰਵਰੀ, 1928 ਨੂੰ ਬੰਬਈ ਆਇਆ ਜਿਸਦਾ ਕਾਂਗਰਸੀ ਆਗੂਆਂ ਨੇ ਪ੍ਰਧਾਨ ਲਾਲਾ ਲਾਜਪਤ ਰਾਏ ਦੀ ਅਗਵਾਈ ਵਿੱਚ ਕਾਲੇ ਝੰਡਿਆਂ ਨਾਲ ਵਿਰੋਧ ਕੀਤਾ ਤੇ ਮੁਜ਼ਾਹਰੇ ਕੀਤੇ। ਦੋਆਬੇ ਦੇ ਦਲਿਤ ਆਗੂ ਅਤੇ ਆਦਿ ਧਰਮ ਦੇ ਸੰਸਥਾਪਕ ਬਾਬੂ ਮੰਗੂ ਰਾਮ ਮੂਗੋਵਾਲੀਆ ਨੇ ਇਸ ਕਮਿਸ਼ਨ ਨੂੰ ਮਿਲਕੇ ਅਪਣੇ ਅਧਿਕਾਰ ਲੈਣ ਲਈ ਮਤਾ ਪਾਸ ਕੀਤਾ ਅਤੇ ਦਲਿਤਾਂ ਦੇ 18 ਸੰਗਠਨਾਂ ਨੇ ਸਾਈਮਨ ਕਮਿਸ਼ਨ ਅੱਗੇ ਆਪਣੇ ਅਲੱਗ ਅਧਿਕਾਰਾਂ ਦੀ ਮੰਗ ਕੀਤੀ। ਸਾਇਮਨ ਕਮਿਸ਼ਨ ਦੀ ਰਿਪੋਰਟ ਤੇ ਲੰਡਨ ਵਿੱਚ ਤਿੰਨ ਗੋਲਮੇਜ਼ ਕਾਨਫਰੰਸਾਂ ਹੋਈਆਂ ਜਿਸ ਵਿੱਚ ਭਾਰਤ ਦੇ ਵੱਖ ਵੱਖ ਵਰਗਾਂ ਦੇ ਪ੍ਰਤੀਨਿਧੀ ਜਿਨ੍ਹਾਂ ਵਿੱਚ ਹਿੰਦੂਆਂ ਵੱਲੋਂ ਮਹਾਤਮਾ ਗਾਂਧੀ, ਮੁਸਲਮਾਨਾਂ ਵੱਲੋਂ ਮਹੁੰਮਦ ਅਲੀ ਜਿਨਾਹ ਅਤੇ ਦਲਿਤਾਂ ਵੱਲੋਂ ਡਾਕਟਰ ਅੰਬੇਡਕਰ ਸ਼ਾਮਲ ਹੋਏ ਅਤੇ ਅਪਣੇ ਅਪਣੇ ਵਰਗਾਂ ਦੇ ਹੱਕਾਂ ਦੀ ਮੰਗ ਰੱਖੀ। ਕਾਨਫਰੰਸ ਦਾ ਪਹਿਲਾ ਇਜਲਾਸ 12 ਨਵੰਬਰ 1930 ਨੂੰ ਸਮਰਾਟ ਜਾਰਜ ਪੰਜਵੇਂ ਦੀ ਪ੍ਰਧਾਨਗੀ ਹੇਠ ਲੰਡਨ ਵਿਖੇ ਸ਼ੁਰੂ ਹੋਇਆ ਜਿਸ ਵਿੱਚ ਹਾਜ਼ਰ ਨੁਮਾਇੰਦਿਆਂ ਦੀ ਕੁੱਲ ਸੰਖਿਆ 89 ਸੀ, ਜਿਨ੍ਹਾਂ ਵਿੱਚੋਂ 53 ਭਾਰਤੀ ਸਨ। ਕਾਨਫਰੰਸ ਦੇ ਕੰਮ ਨੂੰ ਪ੍ਰਧਾਨ ਦੀ ਰਹਿਨੁਮਾਈ ਵਿੱਚ ਕਈ ਕਮੇਟੀਆਂ ਵਿੱਚ ਵੰਡ ਦਿੱਤਾ ਗਿਆ ਅਤੇ ਇਨ੍ਹਾਂ ਕਮੇਟੀਆਂ ਵਿੱਚੋਂ ਮਹੱਤਵਪੂਰਨ ਕਮੇਟੀ ਘੱਟ ਗਿਣਤੀ ਕਮੇਟੀ ਸੀ, ਜਿਸ ਦਾ ਮੁੱਖ ਕੰਮ ਭਾਰਤ ਦੀ ਫਿਰਕੂ ਸਮੱਸਿਆ ਨੂੰ ਹੱਲ ਕਰਨਾ ਸੀ। ਸਾਰੇ ਵਰਗਾਂ ਦੇ ਪ੍ਰਤੀਨਿਧੀਆਂ ਦੇ ਵਿਚਾਰ ਸੁਣਨ ਤੋਂ ਬਾਅਦ 9 ਕਮੇਟੀਆਂ ਦੀ ਸਥਾਪਨਾ ਕੀਤੀ ਜਿਨ੍ਹਾਂ ਵਿੱਚੋਂ ਬਹੁਤੀਆਂ ਕਮੇਟੀਆਂ ਵਿੱਚ ਡਾਕਟਰ ਅੰਬੇਡਕਰ ਦਾ ਨਾਮ ਸ਼ਾਮਲ ਸੀ ਪਰ ਉਨ੍ਹਾਂ ਦਾ ਸਭਤੋਂ ਮਹੱਤਵਪੂਰਨ ਕੰਮ, ਦਲਿਤਾਂ ਦੀ ਸੱਭਿਆਚਾਰਕ, ਧਾਰਮਿਕ ਅਤੇ ਆਰਥਿਕ ਅਧਿਕਾਰਾਂ ਦੀ ਸੁਰੱਖਿਆਂ ਲਈ ਮੌਲਿਕ ਅਧਿਕਾਰਾਂ ਦਾ ਘੋਸ਼ਣਾ ਪੱਤਰ ਤਿਆਰ ਕਰਕੇ ਘੱਟ ਗਿਣਤੀਆਂ ਬਾਰੇ ਉੱਪ ਕਮੇਟੀ ਨੂੰ ਪੇਸ਼ ਕਰਨਾ ਸੀ। ਦੂਜੀ ਗੋਲਮੇਜ਼ ਕਾਨਫਰੰਸ ਵਿੱਚ ਸ਼ਾਮਿਲ ਹੋਣ ਲਈ, ਜੁਲਾਈ 1931 ਦੇ ਤੀਜੇ ਹਫਤੇ ਡਾਕਟਰ ਅੰਬੇਡਕਰ, ਸਰ ਤੇਜ ਬਹਾਦਰ ਸਪੂਰ, ਮਦਨ ਮੋਹਨ ਮਾਲਵੀਆ, ਸਰੋਜਨੀ ਨਾਇਡੂ, ਮਹਾਤਮਾ ਗਾਂਧੀ, ਮਿਰਜਾ ਇਸਮਾਈਲ, ਮੁਹੰਮਦ ਅਲੀ ਜਿਨਾਹ ਅਤੇ ਹੋਰ ਨੇਤਾਵਾਂ ਨੂੰ ਸੱਦਾ ਪੱਤਰ ਮਿਲਿਆ। ਇਸ ਵਾਰ ਡਾਕਟਰ ਅੰਬੇਡਕਰ ਦਾ ਨਾਮ ਸਟਰਕਚਰਲ ਕਮੇਟੀ ਵਿੱਚ ਸ਼ਾਮਲ ਸੀ। ਸੰਵਿਧਾਨ ਬਣਾਉਣ ਦਾ ਕਾਰਜ ਵਿਸ਼ੇਸ਼ ਤੌਰ ਤੇ ਇਸੇ ਕਮੇਟੀ ਨੇ ਹੀ ਕਰਨਾ ਸੀ। ਗੋਲਮੇਜ਼ ਕਾਨਫਰੰਸਾਂ ਵਿੱਚ ਕਈ ਵਰਗਾਂ ਲਈ ਵੱਖਰੇ ਰਾਜਨੀਤਿਕ ਅਧਿਕਾਰਾਂ ਪ੍ਰਤੀ ਸਹਿਮਤ ਹੋਈ ਅਤੇ ਦਲਿਤਾਂ ਲਈ ਵੱਖਰੇ ਰਾਜਨੀਤਿਕ ਅਧਿਕਾਰਾਂ ਨੂੰ ਸਵੀਕਾਰ ਕੀਤਾ ਗਿਆ। ਗੋਲਮੇਜ਼ ਕਾਨਫਰੰਸ ਦਾ ਦੂਜਾ ਇਜਲਾਸ 7 ਸਤੰਬਰ 1931 ਨੂੰ ਸ਼ੁਰੂ ਹੋਇਆ। ਕਾਨਫਰੰਸ ਨੇ ਪਹਿਲੀ ਗੋਲਮੇਜ਼ ਕਾਨਫਰੰਸ ਵੱਲੋਂ ਥਾਪੀਆਂ ਕਮੇਟੀਆਂ ਦੀਆਂ ਰਿਪੋਰਟਾਂ ਤੇ ਵਿਚਾਰ ਕਰਨਾ ਸੀ। 15 ਸਤੰਬਰ 1931 ਨੂੰ ਗਾਂਧੀ ਨੇ ਫੈਡਰਲ ਸਟਰਕਚਰ ਕਮੇਟੀ ਵਿੱਚ ਇਹ ਦਾਅਵਾ ਕੀਤਾ ਕਿ ਕਾਂਗਰਸ ਸਭਨਾਂ ਭਾਰਤੀ ਹਿੱਤਾਂ ਅਤੇ ਵਰਗਾਂ ਦੀ ਨੁਮਾਇੰਦਗੀ ਕਰਦੀ ਹੈ। ਗਾਂਧੀ ਅਤੇ ਕਾਂਗਰਸ ਨੇ ਦਲਿਤਾਂ ਨੂੰ ਮਿਲਣ ਵਾਲੇ ਵਿਸ਼ੇਸ ਅਧਿਕਾਰਾਂ ਦਾ ਵਿਰੋਧ ਕੀਤਾ। ਡਾਕਟਰ ਅੰਬੇਡਕਰ ਨੇ ਪੱਛੜੇ ਦਲਿਤਾਂ ਦੇ ਅਧਿਕਾਰਾਂ ਸਬੰਧੀ ਘੱਟ ਗਿਣਤੀ ਕਮੇਟੀ ਕੋਲ ਦੋ ਮੈਮੋਰੰਡਮ ਪੇਸ਼ ਕੀਤੇ ਜਿਨ੍ਹਾਂ ਤੇ ਘੱਟ ਗਿਣਤੀ ਕਮੇਟੀ ਅਤੇ ਸੰਘੀ ਸ਼ਾਸ਼ਨ ਪ੍ਰਣਾਲੀ ਸੰਮਤੀ ਦੋਹਾਂ ਵਿੱਚ ਵਿਚਾਰ ਵਟਾਂਦਰਾ ਹੋਇਆ ਜਿਸਤੋਂ ਬਾਦ ਇਹ ਫੈਸਲਾ ਹੋਇਆ ਕਿ 80 ਜਾਂ 90 ਪ੍ਰਤੀਸ਼ਤ ਸੀਟਾਂ ਅਲੱਗ ਚੋਣ ਖੇਤਰਾਂ ਰਾਹੀਂ ਭਰੀਆਂ ਜਾਣ ਅਤੇ ਬਾਕੀ ਆਮ ਚੋਣਾਂ ਦੁਆਰਾ ਹੀ ਭਰੀਆਂ ਜਾਣ। ਇਸ ਵਿੱਚ 5 ਪ੍ਰਤੀਸ਼ਤ ਸੀਟਾਂ ਔਰਤਾਂ ਲਈ ਰਾਖਵੀਆਂ ਰੱਖਣ ਦਾ ਫੈਸਲਾ ਹੋਇਆ। ਘੱਟ ਗਿਣਤੀਆਂ ਬਾਰੇ ਉਸ ਕਮੇਟੀ ਨੇ ਕਾਨਫਰੰਸ ਨੂੰ ਆਪਣੀ ਰਿਪੋਰਟ ਪੇਸ਼ ਕੀਤੀ। 17 ਅਗਸਤ 1932 ਨੂੰ ਬ੍ਰਿਟਿਸ਼ ਸਰਕਾਰ ਨੇ ਕਮਿਉਨਲ ਐਵਾਰਡ' ਦੇਣ ਦਾ ਮਹੱਤਵਪੂਰਨ ਫੈਸਲਾ ਸੁਣਾ ਦਿੱਤਾ ਜਿਸ ਦੁਆਰਾ ਕਈ ਹੋਰ ਵਰਗਾਂ ਵਾਂਗ ਦਲਿਤਾਂ ਨੂੰ ਵੀ ਘੱਟ ਗਿਣਤੀ ਮੰਨਦੇ ਹੋਏ ਦੋ ਵੋਟਾਂ ਦਾ ਵਿਸ਼ੇਸ਼ ਅਧਿਕਾਰ ਦੇਕੇ ਅਪਣੇ ਅਲੱਗ ਪ੍ਰਤੀਨਿਧੀ ਚੁਣਨ ਦਾ ਅਧਿਕਾਰ ਦਿੱਤਾ ਗਿਆ ਜਿਸਨੂੰ ਕਮਿਉਨਲ ਐਵਾਰਡ ਕਿਹਾ ਜਾਂਦਾ ਹੈ ਜਿਸਦਾ ਗਾਂਧੀ ਨੇ ਸਖਤ ਵਿਰੋਧ ਕੀਤਾ ਅਤੇ ਕਿਹਾ ਕਿ ਸਰਕਾਰ ਆਪਣੇ ਫੈਸਲੇ ਵਿੱਚ ਸੋਧ ਕਰਕੇ ਦਲਿਤਾਂ ਲਈ ਵੱਖਰੇ ਅਧਿਕਾਰ ਵਾਪਸ ਲਵੇ। ਗਾਂਧੀ ਨੇ ਯਰਵਦਾ ਜੇਲ੍ਹ ਵਿੱਚੋਂ ਧਮਕੀ ਭਰਿਆ ਪੱਤਰ ਪ੍ਰਧਾਨ ਮੰਤਰੀ ਮੈਕਡਾਨਲਡ ਨੂੰ ਲਿਖਿਆ ਕਿ ਜੇਕਰ ਦਲਿਤਾਂ ਦੇ ਵੱਖਰੇ ਆਜ਼ਾਦ ਚੋਣ ਅਧਿਕਾਰ ਵਾਪਸ ਨਾ ਲਏ ਤਾਂ ਮੈਂ ਆਪਣੇ ਪ੍ਰਾਣਾਂ ਦੀ ਬਾਜੀ ਲਗਾ ਦੇਵਾਂਗਾ।

ਇਸਤੋਂ ਬਾਦ ਗਾਂਧੀ ਨੇ ਦਲਿਤਾਂ ਦੇ ਅਲੱਗ ਅਧਿਕਾਰਾਂ ਖਿਲਾਫ 20 ਸਤੰਬਰ 1932 ਨੂੰ ਪੂਨਾ ਦੀ ਯਰਵਦਾ ਜੇਲ ਵਿੱਚ ਮਰਨ ਵਰਤ ਸ਼ੁਰੂ ਕਰ ਦਿੱਤਾ। ਪ੍ਰਧਾਨ ਮੰਤਰੀ ਰੈਮਜ਼ੋ ਮੈਕਡਾਨਲਡ ਨੇ ਆਪ ਗਾਂਧੀ ਨੂੰ ਅਪੀਲ ਕੀਤੀ ਕਿ ਉਹ ਦਲਿਤਾਂ ਵਿਰੁੱਧ ਇਸ ਤਰ੍ਹਾਂ ਦਾ ਖਤਰਨਾਕ ਕਦਮ ਨਾ ਚੁੱਕਣ।

ਗਾਂਧੀ ਦੇ ਇਸ ਮਰਨ ਵਰਤ ਦੇ ਵਿਰੋਧ ਵਿੱਚ ਪੰਜਾਬ ਵਿੱਚ ਆਦਿ ਧਰਮ ਅੰਦੋਲਨ ਦੇ ਮੋਢੀ ਬਾਬੂ ਮੰਗੂ ਰਾਮ ਮੁਗੋਵਾਲੀਆ ਦੀ ਅਗਵਾਈ ਵਿੱਚ ਆਗੂਆਂ ਨੇ ਮਰਨ ਵਰਤ ਰੱਖਿਆ। ਗਾਂਧੀ ਦੀ ਜਾਨ ਬਚਾਉਣ ਲਈ ਡਾਕਟਰ ਅੰਬੇਡਕਰ ਨੂੰ ਧਮਕੀਆਂ ਦਿੱਤੀਆਂ ਗਈਆਂ ਅਤੇ ਦਬਾਅ ਪਾਇਆ ਗਿਆ। ਗਾਂਧੀ ਦੀ ਪਤਨੀ ਕਸਤੁਰਬਾ ਗਾਂਧੀ ਅਤੇ ਬੇਟਾ ਦੇਵ ਦਾਸ



ਡਾਕਟਰ ਅੰਬੇਡਕਰ ਨੂੰ ਮਿਲੇ ਅਤੇ ਗਾਂਧੀ ਦੀ ਜਾਨ ਬਚਾਉਣ ਲਈ ਅਪੀਲ ਕੀਤੀ। ਅਖੀਰ ਅੱਜ ਦੇ ਦਿਨ 24 ਸਤੰਬਰ, 1932 ਨੂੰ ਸ਼ਾਮ ਨੂੰ ਲੱਗਭੱਗ 5 ਵਜੇ ਯਰਵਦਾ ਜੇਲ ਵਿੱਚ ਡਾਕਟਰ ਅੰਬੇਡਕਰ ਅਤੇ ਗਾਂਧੀ ਵਿਚਕਾਰ ਮਦਨ ਮੋਹਨ ਮਾਲਵੀਆ, ਤੇਜ ਬਹਾਦਰ ਸਪਰੂ, ਐਮ ਆਰ ਜੈਕਾਰ, ਸ਼੍ਰੀਨਿਵਾਸਨ, ਐਮ ਸੀ ਰਾਜਾਹ, ਸੀ ਵੀ ਮੈਹਤਾ, ਸੀ ਰਾਜਾਹ ਗੋਪਾਲਚਾਰੀ, ਰਾਜਿੰਦਰ ਪ੍ਰਸਾਦ, ਜੀ ਡੀ ਬਿਰਲਾ, ਰਾਮੇਸ਼ਵਰ ਦਾਸ ਬਿਰਲਾ, ਸ਼ੰਕਰ ਲਾਲ ਬੈਂਕਰ , ਬੀ ਐਸ ਕਾਮਤ, ਜੀ ਕੇ ਦਿਓਧਾਰ, ਏ ਵੀ ਠਕਰ, ਆਰ ਕੇ ਬਾਖਲੇ, ਪੀ ਜੀ ਸੋਲੰਕੀ, ਪੀ ਬਾਲੂ, ਗੋਬਿੰਦ ਮਾਲਵੀਆ, ਦੇਵਦਾਸ ਗਾਂਧੀ, ਬਿਸਵਾਸ, ਬੀ ਐਨ ਰਾਜਭੋਜ, ਗਵਾਇ ਆਦਿ ਦੀ ਹਾਜਰੀ ਵਿੱਚ ਇੱਕ ਲਿਖਤੀ ਸਮਝੌਤਾ ਹੋਇਆ ਜਿਸਨੂੰ ਪੂਨਾ ਪੈਕਟ ਦਾ ਨਾਮ ਦਿਤਾ ਗਿਆ। ਇਸ ਸਮਝੌਤੇ ਤੇ 25 ਸਤੰਬਰ ਨੂੰ ਬੰਬਈ ਵਿੱਚ ਹਿੰਦੂ ਕਾਨਫਰੰਸ ਦੀ ਫਾਇਨਲ ਬੈਠਕ ਵਿੱਚ ਕਈ ਹੋਰ ਵਿਅਕਤੀਆਂ ਲਾਲੂਭਾਈ ਸਾਮਲਦਾਸ, ਹਾਂਸਾ ਮਹਿਤਾ, ਕੇ ਨਾਟਰਾਜਨ, ਕਾਮਕੋਟੀ ਨਾਟਰਾਜਾਨ, ਪੁਰਸ਼ੋਤਮਦਾਸ ਠਾਕਰਦਾਸ, ਮਥਰਾਦਾਸ ਵਾਸੰਜੀ, ਵਾਲਚੰਦ ਹੀਰਾਚੰਦ, ਐਚ ਐਨ ਕੁੰਜਰੂ, ਕੇ ਜੀ ਲਿਮਾਏ, ਪੀ ਕੋਂਡਾਡਰਾਓ, ਜੀ ਕੇ ਗਾਡਗਿਲ, ਮਨੂ ਸੂਬੇਦਾਰ, ਅਵਾਂਤਿਕਾਬਾਈ ਗੋਖਲੇ, ਕੇ ਜੇ ਚਿਤਾਲਿਆ, ਰਾਧਾਕਾਂਤ ਮਾਲਵੀਆ, ਏ ਆਰ ਭੱਟ ਆਦ ਨੇ ਦਸਤਖਤ ਕੀਤੇ ਜਿਸ ਦੁਆਰਾ ਦਲਿਤਾਂ ਨੂੰ ਮਿਲੇ ਦੋ ਵੋਟਾਂ ਵਾਲੇ ਅਧਿਕਾਰ ਨੂੰ ਖਤਮ ਕਰ ਦਿਤਾ ਗਿਆ ਅਤੇ ਕਮਿਉਨਲ ਐਵਾਰਡ ਦੁਆਰਾ ਦਿੱਤੀਆਂ ਗਈਆਂ 78 ਸੀਟਾਂ ਨੂੰ ਵਧਾਕੇ 148 ਕਰ ਦਿਤਾ ਗਿਆ ਅਤੇ ਵਿੱਦਿਆ ਅਤੇ ਨੌਕਰੀਆਂ ਵਿੱਚ ਦਲਿਤਾਂ ਨੂੰ ਸਹੂਲਤਾਂ ਦਿਤੀਆਂ ਗਈਆਂ।

ਕਈ ਆਗੂਆਂ ਨੇ ਪੂਨਾ ਪੈਕਟ ਨੂੰ ਦਲਿਤਾਂ ਨਾਲ ਧੋਖਾ ਕਰਾਰ ਦਿੱਤਾ। ਖੁਦ ਡਾਕਟਰ ਅੰਬੇਡਕਰ ਨੇ ਅਪਣੀ ਕਿਤਾਬ ਸਟੇਟ ਆਫ ਮਾਇਨਾਰਿਟੀ ਵਿੱਚ ਇਸ ਸਮਝੌਤੇ ਨੂੰ ਗੱਲਤ ਮੰਨਿਆ। ਦਲਿਤ ਆਗੂ ਅਤੇ ਬੀ ਐਸ ਪੀ ਦੇ ਸੰਸਥਾਪਕ ਸਾਹਿਬ ਕਾਂਸ਼ੀ ਰਾਮ ਨੇ ਵੀ ਅਪਣੀ ਕਿਤਾਬ ਚੱਮਚਾ ਯੁੱਗ ਵਿੱਚ ਇਸਦਾ ਵਿਰੋਧ ਕੀਤਾ ਹੈ। ਅੱਜ ਵੀ ਬਹੁਤੇ ਲੋਕ ਇਸ ਦਿਨ ਨੂੰ ਕਾਲਾ ਅਤੇ ਧੋਖਾ ਦਿਵਸ ਵਜੋਂ ਹੀ ਮੰਨਾਉਦੇ ਹਨ।

## ਆਜ਼ਾਦ ਭਾਰਤ ਦੀ ਪਹਿਲੀ ਮਹਿਲਾ ਆਈਏਐਸ ਅੰਨਾ ਮਲਹੋਤਰਾ ਦਾ ਦੇਹਾਂਤ



**ਮੁੰਬਈ**–ਆਜ਼ਾਦ ਭਾਰਤ ਦੀ ਪਹਿਲੀ ਮਹਿਲਾ ਆਈਏਐਸ ਅਫ਼ਸਰ ਅੰਨਾ ਰਾਜਮ ਮਲਹੋਤਰਾ ਦਾ ਬੀਤੇ ਦਿਨ ਇਥੇ ਅੰਧੇਰੀ ਸਥਿਤ ਆਪਣੀ ਰਿਹਾਇਸ਼ ’ਤੇ ਦੇਹਾਂਤ ਹੋ ਗਿਆ। ਪਰਿਵਾਰਕ ਸੂਤਰਾਂ ਮੁਤਾਬਕ 91 ਸਾਲਾ ਮਲਹੋਤਰਾ ਦੀਆਂ ਅੰਤਿਮ ਰਸਮਾਂ ਮੁੰਬਈ ਵਿੱਚ ਹੀ ਪੂਰੀਆਂ ਕੀਤੀਆਂ ਗਈਆਂ। ਅੰਨਾ ਰਾਜਮ ਜੌਰਜ ਦਾ ਜਨਮ ਕੇਰਲਾ ਦੇ ਇਰਨਾਕੁਲਮ ਜ਼ਿਲ੍ਹੇ ਵਿੱਚ ਜੁਲਾਈ 1927 ਵਿੱਚ ਹੋਇਆ ਸੀ। ਕੋਜ਼ੀਕੋਡ ਵਿੱਚ ਸਕੂਲ ਦੀ ਪੜ੍ਹਾਈ ਮੁਕੰਮਲ ਕਰਨ ਮਗਰੋਂ ਉਹ ਉਚੇਰੀ ਸਿੱਖਿਆ ਲਈ ਚੇਨੱਈ ਚਲੀ ਗਈ, ਜਿੱਥੇ ਉਨ੍ਹਾਂ ਮਦਰਾਸ ਯੂਨੀਵਰਸਿਟੀ ਵਿੱਚ ਦਾਖ਼ਲਾ ਲਿਆ। ਮਲਹੋਤਰਾ ਨੇ 1951 ਵਿੱਚ ਸਿਵਲ ਸੇਵਾਵਾਂ ਜੁਆਇਨ ਕੀਤੀ ਤੇ ਕੇਡਰ ਵਜੋਂ ਮਦਰਾਸ ਦੀ ਚੋਣ ਕੀਤੀ। ਉਨ੍ਹਾਂ ਮੁੱਖ ਮੰਤਰੀ ਸੀ.ਰਾਜਗੋਪਾਲਾਚਾਰੀ ਦੀ ਸਰਕਾਰ ਨੂੰ ਆਪਣੀਆਂ ਸੇਵਾਵਾਂ ਦਿੱਤੀਆਂ। ਉਨ੍ਹਾਂ ਆਰ.ਐਨ.ਮਲਹੋਤਰਾ ਨਾਲ ਵਿਆਹ ਕੀਤਾ, ਜੋ ਮਗਰੋਂ 1985 ਤੋਂ 1990 ਦੇ ਅਰਸੇ ਦੌਰਾਨ ਭਾਰਤੀ ਰਿਜ਼ਰਵ ਬੈਂਕ ਦੇ ਗਵਰਨਰ ਰਹੇ। ਮਲਹੋਤਰਾ ਨੂੰ ਮੁਲਕ ਦੇ ਆਧੁਨਿਕ ਪੋਰਟ ਜਵਾਹਰਲਾਲ ਨਹਿਰੂ ਪੋਰਟ ਟਰੱਸਟ (ਜੇਐਨਪੀਟੀ) ਦੀ ਸਥਾਪਤੀ ਵਿੱਚ ਪਾਏ ਯੋਗਦਾਨ ਲਈ ਯਾਦ ਕੀਤਾ ਜਾਂਦਾ ਹੈ। ਕੇਂਦਰ ਸਰਕਾਰ ਵਿੱਚ ਡੈਪੂਟੇਸ਼ਨ ’ਤੇ ਭੇਜੇ ਜਾਣ ਮੌਕੇ ਉਨ੍ਹਾਂ ਟਰੱਸਟ ਦੇ ਕੰਮਕਾਜ ਨੂੰ ਵੀ ਬਾਖ਼ੂਬੀ ਵੇਖਿਆ। 1989 ਵਿੱਚ ਉਨ੍ਹਾਂ ਨੂੰ ਪਦਮ ਭੂਸ਼ਨ ਐਵਾਰਡ ਨਾਲ ਨਿਵਾਜਿਆ ਗਿਆ। ਉਨ੍ਹਾਂ ਨੂੰ ਤਾਮਿਲ ਨਾਡੂ ਦੇ ਸੱਤ ਮੁੱਖ ਮੰਤਰੀਆਂ ਹੇਠ ਕੰਮ ਕਰਨ ਦਾ ਤਜਰਬਾ ਸੀ। 1982 ਵਿੱਚ ਦਿੱਲੀ ਏਸ਼ਿਆਈ ਖੇਡਾਂ ਦੌਰਾਨ ਉਨ੍ਹਾਂ ਨੂੰ ਰਾਜੀਵ ਗਾਂਧੀ ਨਾਲ ਨੇੜੇ ਹੋ ਕੇ ਕੰਮ ਕਰਨ ਦਾ ਮੌਕਾ ਮਿਲਿਆ। ਉਨ੍ਹਾਂ ਡੈਪੂਟੇਸ਼ਨ ਦੌਰਾਨ ਕੇਂਦਰੀ ਗ੍ਰਹਿ ਮੰਤਰਾਲੇ ਦੇ ਅਮਲਾ ਸੈਕਸ਼ਨ ਵਿੱਚ ਵੀ ਸੇਵਾਵਾਂ ਦਿੱਤੀਆਂ। ਸੇਵਾ ਮੁਕਤੀ ਮਗਰੋਂ ਉਨ੍ਹਾਂ ਹੋਟਲ ਲੀਲਾ ਵੈਂਚਰਜ਼ ਲਿਮਟਿਡ ਦੇ ਡਾਇਰੈਕਟਰ ਵਜੋਂ ਕੰਮ ਕੀਤਾ।



# ਦਲਿਤ ਸ਼ਬਦ ਤੇ ਪਾਬੰਦੀ ਗੈਰ ਜ਼ਰੂਰੀ



ਕੇ. ਸੀ. ਸੁਲੇਖ
0172-4623503

ਜਿਸ ਸ਼ਕਲ ਵਿਚ ਕੇਂਦਰ ਸਰਕਾਰ ਦੇ ਸੂਚਨਾ ਅਤੇ ਪ੍ਰਸਾਰਣ ਮੰਤਰਾਲਿਆ ਨੇ ਮੀਡੀਆ (ਪ੍ਰੈਸ ਅਤੇ ਟੀ. ਵੀ.) ਨੂੰ 'ਦਲਿਤ' ਸ਼ਬਦ ਦੀ ਵਰਤੋਂ ਬਾਰੇ ਸਲਾਹ ਪੱਤਰ ਜਾਰੀ ਕੀਤਾ ਹੈ, ਉਸ ਨੇ ਸਾਹਿਤਕ, ਸਮਾਜਿਕ ਅਤੇ ਰਾਜਨੀਤਿਕ ਹਲਕਿਆਂ ਵਿਚ ਕਾਫ਼ੀ ਗਰਮੀ ਪੈਦਾ ਕਰ ਦਿੱਤੀ ਹੈ। ਇਸ ਸਲਾਹ ਪੱਤਰ ਦੁਆਰਾ ਮੀਡੀਆ ਨੂੰ ਕਿਹਾ ਗਿਆ ਹੈ ਕਿ ਉਹ ਅਨੁਸੂਚਿਤ ਜਾਤੀਆਂ ਦੇ ਬੰਦਿਆਂ ਨੂੰ ਸੰਬੋਧਿਤ ਕਰਦਿਆਂ 'ਦਲਿਤ' ਸ਼ਬਦ ਦੀ ਵਰਤੋਂ ਕਰਨ ਤੋਂ ਗੁਰੇਜ਼ ਕਰਨ। ਉਸ ਦੀ ਜਗ੍ਹਾ ਕੇਵਲ ਸ਼ਡਿਊਲਡ ਕਾਸਟ (ਅਨੁਸੂਚਿਤ ਜਾਤੀਆਂ) ਦਾ ਸ਼ਬਦ ਹੀ ਵਰਤਣ। ਹਾਈ ਕੋਰਟ ਦੇ ਆਦੇਸ਼ (ਮਿਤੀ 6 ਜੂਨ) ਵਿਚ ਦਿੱਤੀਆਂ ਹਦਾਇਤਾਂ ਦੀ ਪਾਲਣਾ ਦੇ ਸਬੰਧ ਵਿਚ ਜਾਰੀ ਕੀਤਾ ਗਿਆ ਹੈ। ਸਰਕਾਰ ਦੀਆਂ ਇਹਨਾਂ ਹਦਾਇਤਾਂ ਦੇ ਵਿਰੁੱਧ ਜੋ ਜਨਤਾ ਅਤੇ ਖਾਸ ਕਰ ਦਲਿਤ ਪਾਰਟੀਆਂ ਨੇ ਤਿੱਖਾ ਪ੍ਰਤੀਕਰਮ ਪ੍ਰਗਟਾਇਆ ਹੈ, ਉਸ ਨੂੰ ਅਣਦੇਖਿਆ ਨਹੀਂ ਕੀਤਾ ਜਾ ਸਕਦਾ। 'ਦਾ ਹਿੰਦੂ' (6 ਸਤੰਬਰ) ਨੇ ਆਪਣੇ ਸੰਪਾਦਕੀ ਵਿਚ ਇਹਨਾਂ ਹਦਾਇਤਾਂ ਨੂੰ ਗੈਰ ਜ਼ਰੂਰੀ, ਧੱਕੇ ਨਾਲ ਕੀਤੀ ਦਖ਼ਲ-ਅੰਦਾਜ਼ੀ ਅਤੇ ਬਿਨਾਂ ਸੋਚੇ ਸਮਝੇ ਲਿਆ ਗਿਆ ਫੈਸਲਾ ਕਰਾਰ ਦਿੱਤਾ ਹੈ। ਅਖ਼ਬਾਰ ਲਿਖਦਾ ਹੈ 'ਹਾਈ ਕੋਰਟ ਨੇ ਤਾਂ ਸਿਰਫ਼ ਇਸ ਸਵਾਲ 'ਤੇ ਗੌਰ ਕਰਨ ਅਤੇ ਮੀਡੀਆ ਨੂੰ ਜ਼ਰੂਰੀ ਹਦਾਇਤਾਂ ਦੇਣ ਬਾਰੇ ਫੈਸਲਾ ਲੈਣ ਦੀ ਸਲਾਹ ਦਿੱਤੀ ਸੀ। ਉਸ ਨੇ ਆਪਣੇ ਪੱਧਰ 'ਤੇ ਇਸ ਸ਼ਬਦ ਦੇ ਚੰਗੇ ਮਾੜੇ ਹੋਣ ਬਾਰੇ ਕੋਈ ਰਾਏ ਨਹੀਂ ਦਿੱਤੀ ਸੀ। ਕੋਰਟ ਨੇ ਮੀਡੀਆ ਬਾਰੇ ਇਹ ਵੀ ਕਿਹਾ ਸੀ ਕਿ ਕਿਉਂਕਿ ਮੀਡੀਆ ਦਾ ਅਦਾਰਾ ਉਸ ਦੇ ਸਾਹਮਣੇ ਸਬੰਧਿਤ ਕੇਸ ਵਿਚ ਕੋਈ ਧਿਰ (ਪਾਰਟੀ) ਨਹੀਂ ਹੈ ਇਸ ਲਈ ਉਹ ਆਪਣੇ ਵੱਲੋਂ ਮੀਡੀਆ ਨੂੰ ਅਜਿਹੀਆਂ ਹਦਾਇਤਾਂ ਦੇਵੇ ਕਿ ਉਹ ਸਰਕਾਰ ਦੇ ਕੰਮਕਾਰ ਅਤੇ ਮਾਮਲਿਆਂ ਵਿਚ ਸ਼ਡਿਊਲਡ ਕਾਸਟ ਸ਼ਬਦ ਦੀ ਵਰਤੋਂ ਕਰੇ। ਇੱਥੇ ਸਰਕਾਰੀ ਕੰਮਕਾਰ ਅਤੇ ਸਰਕਾਰੀ ਮਾਮਲਿਆਂ ਦੀ ਗੱਲ ਕਰਕੇ ਸੂਚਨਾ ਅਤੇ ਪ੍ਰਸਾਰਣ ਮੰਤਰਾਲਿਆ ਦ ਹੀ ਅਸਪਸ਼ਟਤਾ ਦੀ ਸਥਿਤੀ ਵਿਚ ਉਲਝ ਗਿਆ ਹੈ ਕਿਉਂਕਿ ਮੀਡੀਆ ਹੀ ਸਰਕਾਰ ਦੇ ਮਾਮਲਿਆਂ ਦੇ ਘੇਰੇ ਵਿਚ ਨਹੀਂ ਆਉਂਦਾ। ਮੀਡੀਆ ਸੁਤੰਤਰ ਰੂਪ ਵਿਚ ਸਰਕਾਰੀ ਨੇਮਾਂ ਤੋਂ ਬਾਹਰ ਕੰਮ ਕਰਨ ਵਾਲਾ ਅਦਾਰਾ ਹੈ। ਇਸ ਤਰ੍ਹਾਂ ਇਸ ਸਲਾਹ ਪੱਤਰ ਦੀ ਕੋਈ ਉਚਿਤਤਾ ਜਾਂ ਜ਼ਰੂਰਤ ਨਹੀਂ ਰਹਿ ਜਾਂਦੀ। ਇਹਨਾਂ ਹਦਾਇਤਾਂ ਨੂੰ ਹਰ ਹਾਲਤ ਵਿਚ ਵਾਪਸ ਲੈ ਲੈਣਾ ਚਾਹੀਦਾ ਹੈ। ਮੀਡੀਆ ਨੂੰ ਇਹ ਕਹਿਣ ਦੀ ਜ਼ਰੂਰਤ ਨਹੀਂ ਕਿ ਉਹ ਆਪਦਾ ਕੰਮ ਕਿਸ ਤਰ੍ਹਾਂ ਕਰੇ।''

'ਦਲਿਤ' ਨਾਮ ਦੇ ਇਤਿਹਾਸ 'ਤੇ ਨਜ਼ਰ ਮਾਰੀ ਜਾਵੇ ਤਾਂ ਸਮਝ ਆ ਜਾਵੇਗੀ ਕਿ ਇਹ ਸਬੰਧਿਤ ਤਬਕਿਆਂ ਦੀ ਪਛਾਣ ਲਈ ਕਿਸੇ ਦਾ ਠੋਸਿਆ ਸ਼ਬਦ ਨਹੀਂ ਹੈ ਬਲਕਿ ਇਹ ਪੁਰਾਣੇ ਸਮਿਆਂ ਤੋਂ ਪ੍ਰਚੱਲਿਤ ਅਤੇ ਖੁਦ ਅਪਣਾਇਆ ਨਾਮ ਹੈ ਜੋ ਹੁਣ ਸਬੰਧਿਤ ਤਬਕਿਆਂ ਦੀ ਪਛਾਣ ਬਣ ਚੁੱਕਿਆ ਹੈ। ਨਾ ਹੀ ਇਹ ਕੋਈ ਜਾਤੀ ਸੂਚਕ ਸ਼ਬਦ ਹੈ। ਇਸ ਦਾ ਸਰਲ ਭਾਸ਼ਾ ਵਿਚ ਮਤਲਬ 'ਦਰੜਿਆ, ਪਿਸਿਆ, ਰੌਂਦਿਆ-ਕੁਚਲਿਆ ਗਿਆ ਹੈ' ਜੋ ਵੀ ਹੈ ਇਹਨਾਂ ਤਬਕਿਆਂ ਦੇ ਅਸਲ ਜੀਵਨ ਦੀ ਅਸਲ ਸਚਾਈ। ਇਹ ਦੇਸ਼ ਦੀ ਬਦਕਿਸਮਤੀ ਹੈ ਕਿ ਇਸ ਧਰਤੀ ਤੇ ਜਾਤ ਵਿਵਸਥਾ ਪੈਦਾ ਹੋ ਗਈ। ਜੇ ਇਹ ਵਿਵਸਥਾ ਕੰਮ-ਧੰਦਿਆਂ ਦੇ ਆਧਾਰ 'ਤੇ ਹੁੰਦੀ ਇਸ ਵਿਚ ਕੀ ਹਰਜ ਸੀ, ਕਿਸੇ ਨੂੰ ਕੀ ਤਕਲੀਫ਼ ਸੀ? ਪਰ ਇੱਥੇ ਤਾਂ ਇਸ ਦਾ ਆਧਾਰ ਹੀ ਬ੍ਰਾਹਮਣੀ ਛੜਯੰਤਰਕਾਰੀਆਂ ਅਨੁਸਾਰ ਵੇਦਾਂ, ਗ੍ਰੰਥਾਂ, ਸਮ੍ਰਿਤੀਆਂ, ਪੁਰਾਣਾਂ ਤੇ ਰੱਖਿਆ ਗਿਆ। ਜਾਤਾਂ ਪੇਸ਼ਿਆਂ ਦੇ ਆਧਾਰ 'ਤੇ ਨਹੀਂ, ਜਨਮ ਦੇ ਆਧਾਰ 'ਤੇ ਬਣ ਗਈਆਂ ਜੋ ਬੰਦਾ ਸੰਜੋਗ ਵੱਸ ਕਿਸੇ ਵਿਸ਼ੇਸ਼ ਜਾਤੀ ਵਿਚ ਜੰਮ ਪਿਆ, ਉਸ ਨੂੰ ਮਰਨਾ ਵੀ ਉਸੇ ਜਾਤ ਵਿਚ ਪੈਂਦਾ ਹੈ। ਜਾਤ ਵਿਵਸਥਾ ਦੀ ਤਬਾਹ ਕਾਰੀ ਇੱਥੇ ਹੀ ਖਤਮ ਹੋ ਗਈ। ਜਾਤਾਂ ਨੂੰ ਉੱਚੀਆਂ ਅਤੇ ਨੀਵੀਆਂ 'ਚ ਵੰਡ ਕੇ ਨੀਚ ਜਾਤੀਆਂ ਹੱਥ ਝਾੜੂ ਫੜਾ ਕੇ ਕਿਸੇ ਨੂੰ ਲੋਕਾਂ ਦੀਆਂ ਟੱਟੀਆਂ ਸਾਫ ਕਰਨ ਦਾ ਕੰਮ ਦੇ ਦਿੱਤਾ ਗਿਆ ਅਤੇ ਕਿਸੇ ਨੂੰ ਮਰੇ ਪਸ਼ੂਆਂ ਦੀ ਖੱਲ ਲਾਹ ਕੇ ਚਮੜੇ ਦਾ ਕੰਮ ਸੌਂਪ ਦਿੱਤਾ ਗਿਆ ਅਤੇ ਲਾਭਕਾਰੀ ਕੰਮ ਧੰਦੇ ਖੋਹ ਕੇ ਪੇਟ ਭਰਨ ਲਈ ਮਰੇ ਪਸ਼ੂਆਂ ਦਾ ਮਾਸ ਖਾਣ ਤੇ ਮਜਬੂਰ ਕਰ ਦਿੱਤਾ ਗਿਆ। ਰਹਿਣ ਲਈ ਸ਼ਹਿਰਾਂ, ਪਿੰਡਾਂ ਤੋਂ ਬਾਹਰ ਜਾਤਾਂ ਦੇ ਨਾਂਅ ਤੇ ਬਣੀਆਂ ਚਮ੍ਹਾਲੜੀਆਂ, ਚੂੜ੍ਹੱਕੀਆਂ, ਠੱਠੀਆਂ, ਮਹਾਰਵਾੜੇ ਵਿਹੜੇ ਆਦਿ ਆਦਿ। ਉਹਨਾਂ ਦਾ ਪਰਛਾਵਾਂ ਛੋਹ ਪਾਪ! ਬੰਦਿਆਂ ਨੂੰ ਚੂਹੜੇ, ਚਮਾਰ, ਢੇਡ, ਚੰਡਾਲ, ਮਹਾਰ, ਪਿਰਿਆ, ਮਾਲਾ, ਮਦਿਗਾ ਦੇ ਨਾਂ ਦੇ ਕੇ ਅਤਿ ਘਿਰਣਾਯੋਗ ਜੀਵ ਬਣਾ ਦਿੱਤਾ ਗਿਆ। ਇਹ ਕਿਸ ਤਰ੍ਹਾਂ ਦੇ ਸਤਿਯੁਗ, ਤ੍ਰੇਤਾ ਅਤੇ ਦੁਆਪਰ ਯੁੱਗ ਸਨ, ਜਿਹਨਾਂ ਦੀ ਮਹਿਮਾ ਨਾਲ ਬੜੇ ਬੜੇ 'ਪਵਿੱਤਰ' ਅਤੇ 'ਅਭ੍ਰਾਂਤ ਗਲਤੀ ਰਹਿਤ' ਪੋਥੇ ਭਰੇ ਪਏ ਹਨ?

ਇਹ ਸਿਰਫ਼ ਅੰਗਰੇਜ਼ ਹਕੂਮਤ ਦੇ ਦੌਰ ਵਿਚ ਆਈ ਨਵੀਂ ਸੱਭਿਅਤਾ ਅਤੇ ਸਿੱਖਿਆ ਲਹਿਰ ਦੀ ਬਦੌਲਤ ਹੀ ਮੁਮਕਿਨ ਹੋ ਸਕਿਆ ਕਿ ਇਹਨਾਂ ਨਿਚਲੇ ਤਬਕਿਆਂ ਵਿਚ ਵੀ ਆਪਣੇ ਨਰਕੀ ਜੀਵਨ ਅਤੇ ਉਸ ਤੋਂ ਛੁਟਕਾਰਾ ਹਾਸਲ ਕਰਨ ਦਾ ਅਹਿਸਾਸ ਪੈਦਾ ਹੋ ਸਕਿਆ। ਨਵੀਂ ਚੇਤਨਤਾ ਆਉਣ ਨਾਲ ਉਹਨਾਂ ਨੂੰ ਵੀ ਗਿਆਨ ਹੋਣਾ ਸ਼ੁਰੂ ਹੋ ਗਿਆ ਕਿ ਉਹਨਾਂ ਦੀ ਤਬਾਹੀ ਅਤੇ ਬਰਬਾਦੀ ਦਾ ਕੌਣ ਜ਼ਿੰਮੇਵਾਰ ਹੈ? ਉਹਨਾਂ ਦੀ ਇਹ ਹਾਲਤ ਕਿਸ ਨੇ ਬਣਾਈ ਹੈ? ਨਵੀਂ ਸਿੱਖਿਆ ਨਵੇਂ ਗਿਆਨ ਸਦਕੇ ਜ਼ਿੰਮੇਵਾਰ ਸ਼ਕਤੀਆਂ ਦਾ ਖੁਰਾ ਲੱਭਣਾ ਕੋਈ ਮੁਸ਼ਕਿਲ ਵੀ ਨਹੀਂ ਰਹਿ ਗਿਆ ਕਿ ਉਹਨਾਂ ਦੀ ਇਸ ਹਾਲਤ ਦੇ ਜ਼ਿੰਮੇਵਾਰ ਲੋਕ ਕੋਈ ਹੋਰ ਨਹੀਂ ਸਗੋਂ ਉਹ ਅੱਜ ਦੇ ਹੀ ਅਖੌਤੀ ਉੱਚ ਜਾਤਾਂ ਦੇ ਪੂਰਵਜ ਬਾਹਰੋਂ ਮੱਧ ਏਸ਼ੀਆ ਤੋਂ ਆਏ ਆਰੀਆ ਹਮਲਾਵਰ ਸਨ, ਜਿਹਨਾਂ ਨੇ ਬਲ, ਛਲ, ਕਪਟ, ਛੜਯੰਤਰਾਂ ਰਾਹੀਂ ਇੱਥੋਂ ਦੇ ਮੂਲ ਨਿਵਾਸੀਆਂ ਤੋਂ ਰਾਜ ਪਾਟ, ਜ਼ਮੀਨਾਂ, ਜਾਇਦਾਦਾਂ ਖੋਹ ਕੇ ਉਹਨਾਂ ਨੂੰ ਅਛੂਤ, ਸ਼ੂਦਰ ਬਣਾ ਦਿੱਤਾ। ਆਪਣੇ ਰਾਜ ਪਾਟ ਨੂੰ ਸਦਾ ਜੀਵਤ ਰੱਖਣ ਲਈ ਧਰਮ ਅਤੇ ਧਰਮ ਅਤੇ ਧਰਮ ਸ਼ਾਸਤਰਾਂ ਨੂੰ ਆਪਣਾ ਹਥਿਆਰ ਬਣਾਇਆ, ਜੋ ਡਰਾਮਾ ਅੱਜ ਤੱਕ ਚੱਲ ਰਿਹਾ ਹੈ। ਭਾਰਤੀ ਇਤਿਹਾਸ ਵਿਚ ਜੇ ਕਿਸੇ ਨੇ ਪਹਿਲੀ ਵਾਰ ਇਸ ਸੱਚ ਨੂੰ ਨੰਗਾ ਕੀਤਾ, ਬ੍ਰਾਹਮਣਵਾਦ ਨੂੰ ਇਸ ਸਾਰੀ ਤਬਾਹ ਕਾਰੀ ਦੀ ਜੜ੍ਹ ਕਰਾਰ ਦੇ ਕੇ ਅਤੇ ਉਸ ਦੇ ਅਮਾਨਵੀ ਚਿਹਰੇ ਨੂੰ ਬੇਨਕਾਬ ਕਰਕੇ ਉਸ ਦੇ ਖ਼ਿਲਾਫ਼ ਉਮਰ ਭਰ ਜਿਹਾਦ ਕੀਤਾ ਤਾਂ ਉਹ ਸਿਰਫ਼ ਮਹਾਤਮਾ ਜੋਤੀ ਰਾਓ ਫੂਲੇ (1875-1890) ਸਨ। ਉਹਨਾਂ ਨੇ ਆਪਣੀਆਂ ਕਿਰਤਾਂ ਵਿਚ ਇਹਨਾਂ ਸਮਾਜ ਦੇ ਤ੍ਰਿਸਕਾਰੇ ਹੋਏ ਲੋਕਾਂ ਨੂੰ ਸ਼ੂਦਰ ਅਤੇ ਅਤੀ ਸ਼ੂਦਰ ਦਾ ਨਾਂ ਦੇ ਕੇ ਸਮਾਜਿਕ ਕ੍ਰਾਂਤੀ ਦਾ ਮੁੱਢ ਬੰਨ੍ਹਿਆ ਜੋ ਹੁਣ ਦਲਿਤ ਚੇਤਨਾ ਲਈ ਇਕ ਚਾਨਣ ਮੁਨਾਰਾ ਬਣ ਗਿਆ ਹੈ।

ਅੰਗਰੇਜ਼ ਹਕੂਮਤ ਦੇ ਸਮਿਆਂ ਵਿਚ ਇਹਨਾਂ ਜਾਤਾਂ ਨੂੰ ਸਰਕਾਰੀ ਰਿਕਾਰਡ ਵਿਚ ਡੀਪ੍ਰੈਸਡ ਕਲਾਸਿਜ਼ ਲਿਖਿਆ ਜਾਂਦਾ ਸੀ, ਜਿਸ ਦੇ ਆਪਣੀ ਬੋਲੀ ਵਿਚ ਅਰਥ ਵੀ 'ਦਬਾਇਆ ਗਿਆ' ਹੀ ਹੈ। ਬਾਬਾ ਸਾਹਿਬ ਵੀ ਆਪਣੀਆਂ ਲਿਖਤਾਂ ਵਿਚ ਇਸੇ ਸ਼ਬਦ ਨੂੰ ਵਰਤਦੇ ਰਹੇ ਲੇਕਿਨ ਬਹੁਤੀ ਜਗ੍ਹਾ ਅਨਟੱਚੇਬਲ ਲਿਖਦੇ ਸਨ, ਜਿਸ ਦਾ ਅਰਥ 'ਅਛੂਤ' ਹੈ ਕਿਉਂਕਿ ਇਹ ਸ਼ਬਦ ਲੋਕਾਂ ਦੀ ਆਰਥਿਕ ਬਦਹਾਲੀ ਤੋਂ ਵੀ ਵੱਧ ਕੇ ਉਹਨਾਂ ਦੇ ਅਸਲ ਸਮਾਜਿਕ ਦਰਜੇ ਨੂੰ ਦਰਸਾਉਂਦਾ ਸਭ ਤੋਂ ਵੱਧ ਸਚਾਈ ਦੇ ਕਰੀਬ ਹੈ। ਇਹ ਉਹ ਸਮਾਂ ਸੀ ਜਦੋਂ ਬਾਬਾ ਸਾਹਿਬ ਦੀ ਅਗਵਾਈ ਹੇਠ ਦਲਿਤ ਵਰਗਾਂ ਵਿਚ ਵੀ ਅਧਿਕਾਰਾਂ ਅਤੇ ਉਸ ਲਈ ਸੰਘਰਸ਼ ਕਰਨ ਦਾ ਜਜ਼ਬਾ ਜਵਾਨ ਹੋ ਚੁੱਕਿਆ ਸੀ। ਹਿੰਦੂ 'ਅਛੂਤਾਂ' ਨੂੰ ਆਪਣੇ ਨਾਲੋਂ ਵੱਖ ਹੁੰਦੇ ਕਿਵੇਂ ਵੇਖ ਸਕਦੇ ਸਨ? ਉਸ ਸਮੇਂ ਹਿੰਦੂ ਕੌਮ ਨੂੰ ਉਹਨਾਂ ਦੇ ਸੁਪਰੀਮ ਕਮਾਂਡਰ ਮਹਾਤਮਾ ਗਾਂਧੀ ਨੇ ਆਪਣੀ ਜਾਨ ਦੀ ਬਾਜ਼ੀ ਲਗਾ ਕੇ ਬੜੇ ਗੰਭੀਰ ਸੰਕਟ 'ਚੋਂ ਬਚਾ ਲਿਆ ਅਤੇ ਦਲਿਤਾਂ ਤੋਂ ਖੋਹੇ ਅਧਿਕਾਰਾਂ ਦੇ ਬਦਲੇ ਉਹਨਾਂ ਨੂੰ 'ਹਰੀਜਨ' ਨਾਮ ਦੇ ਕੇ ਖੁਸ਼ ਕਰਨ ਦੀ ਕੋਸ਼ਿਸ਼ ਕੀਤੀ। ਲੇਕਿਨ ਕੀ 'ਅਛੂਤ' ਲੋਕ ਇਸ ਨਵੇਂ ਨਾਮ ਕਰਨ ਨਾਲ ਖੁਸ਼ ਹੋ ਗਏ? ਹਕੀਕਤ ਇਹ ਹੈ ਕਿ ਹਰੀਜਨ ਸ਼ਬਦ ਨਾਲ ਜਿਸ ਦੇ ਅਰਥ ਹਰੀ ਜਾਣੀ ਈਸ਼ਵਰ ਦੇ ਬੱਚੇ। ਅਛੂਤ ਲੋਕ ਜਿਹੜੇ ਗਾਂਧੀ ਦੇ 'ਮਰਨ ਵਰਤ' ਕਰਕੇ ਪਹਿਲਾਂ ਹੀ ਦੁਖੀ ਸਨ, ਹੋਰ ਭੜਕ ਗਏ। ਬਾਬਾ ਸਾਹਿਬ ਨੇ 'ਹਰੀਜਨ' ਨਾਮ ਦਾ ਮਤਲਬ ਦੱਸਦਿਆਂ ਕਿਹਾ ਕਿ ਜਿਵੇਂ ਉਹ ਰਸਤੇ 'ਚ ਖੜ੍ਹਾ ਕੋਈ ਭੀਖ ਮੰਗਦਾ ਲਾਚਾਰ ਵਿਅਕਤੀ ਹੋਵੇ। ਹੋਰ ਤੇਜ਼ ਤਰਾਰ ਲੋਕਾਂ ਨੇ ਤੰਨਜ਼ ਦੇ ਅੰਦਾਜ਼ ਵਿਚ ਦੇ ਅੰਦਾਜ਼ ਵਿਚ ਸਵਾਲ ਕੀਤਾ ਕਿ ਜੇ ਅਛੂਤ ਲੋਕ ਹਰੀ ਦੀ ਸੰਤਾਨ ਹਨ ਤਾਂ ਕੀ ਦੂਜੇ ਹਿੰਦੂ ਸ਼ੈਤਾਨ ਦੀ ਸੰਤਾਨ ਹਨ? ਇਹ ਨਾਮ ਗਾਂਧੀ ਦੇ ਨਾਲ ਹੀ ਖਤਮ ਹੋ ਗਿਆ ਅਤੇ ਦਲਿਤ ਸਮਾਜ ਦੇ ਜ਼ਬਰਦਸਤ ਵਿਰੋਧ ਕਾਰਨ ਇਸ ਦੀ ਅੰਤੋਸ਼ਟੀ ਵੀ ਸਰਕਾਰੀ ਪੱਧਰ 'ਤੇ ਕਰ ਦਿੱਤੀ ਗਈ।

ਪੂਨਾ ਪੈਕਟ ਤੋਂ ਬਾਅਦ 1935 ਦੇ ਗੌਰਮਿੰਟ ਆਫ਼ ਇੰਡੀਆ ਐਕਟ ਹੇਠ ਲੋਥੀਅਨ ਕਮੇਟੀ ਦੀ ਰਿਪੋਰਟ ਦੇ ਆਧਾਰ 'ਤੇ ਇਕ ਸੂਚੀ ਤਿਆਰ ਕੀਤੀ ਗਈ, ਇਸ ਸੂਚੀ (ਸ਼ਡਿਊਲ) ਵਿਚ ਦਰਜ ਕੀਤੀਆਂ ਗਈਆਂ ਜਾਤਾਂ ਨੂੰ ਸਮੁੱਚੇ ਤੌਰ ਤੇ ਅਨੁਸੂਚਿਤ ਜਾਤਾਂ ਜਾਂ ਅੰਗਰੇਜ਼ੀ ਵਿਚ ਸ਼ਡਿਊਲਡ ਕਾਸਟਸ ਕਿਹਾ ਗਿਆ ਅਤੇ ਉਸੇ ਲਿਸਟ ਨੂੰ ਨਵੇਂ ਬਣੇ ਭਾਰਤੀ ਸੰਵਿਧਾਨ ਵਿਚ ਇਕ ਵੱਖਰੀ ਸ਼ਡਿਊਲ ਦੇ ਰੂਪ ਵਿਚ ਰੱਖਿਆ ਗਿਆ ਅਤੇ ਇਹਨਾਂ ਸਭ ਜਾਤਾਂ ਨੂੰ ਬਿਨਾਂ ਕਿਸੇ ਉੱਚੇ ਨੀਵੇਂ ਦਰਜੇ ਤੋਂ ਸ਼ਡਿਊਲਡ ਕਾਸਟਸ ਜਾਂ ਹਿੰਦੀ ਭਾਸ਼ਾ ਵਿਚ ਅਨੁਸੂਚਿਤ ਜਾਤਾਂ ਕਿਹਾ ਗਿਆ। ਇਹੀ ਇਹਨਾਂ ਦਾ ਸੰਵਿਧਾਨਕ ਨਾਮ ਹੈ, ਜਿਸ ਦੀ ਸਲਾਹ ਬੰਬਈ ਹਾਈ ਕੋਰਟ ਨੇ ਦਿੱਤੀ ਹੈ ਅਤੇ ਦਲਿਤ ਸ਼ਬਦ ਨੂੰ ਗੈਰ ਸੰਵਿਧਾਨਕ ਕਹਿ ਕੇ ਇਸ ਨੂੰ ਨਾ ਵਰਤਣ ਲਈ ਕਿਹਾ ਹੈ। ਲੇਕਿਨ ਜਿਹਾ ਕਿ ਪਹਿਲਾਂ ਵੀ ਉਪਰ ਸਪਸ਼ਟ ਕੀਤਾ ਗਿਆ ਹੈ, ਸ਼ਡਿਊਲਡ ਕਾਸਟਸ ਸ਼ਬਦ ਦੀ ਮਜਬੂਰੀ ਵੱਸ ਵਰਤੋਂ ਕੇਵਲ ਸਰਕਾਰੀ ਕੰਮਕਾਰ ਜਾਂ ਸਰਕਾਰੀ ਮਾਮਲਿਆਂ ਤੱਕ ਹੀ ਸੀਮਤ ਰੱਖਿਆ ਜਾਣਾ ਚਾਹੀਦਾ ਹੈ। ਆਮ ਵਰਤੋਂ ਵਾਸਤੇ ਨਹੀਂ। ਸ਼ਡਿਊਲਡ ਕਾਸਟਸ ਸ਼ਬਦ ਅੰਗਰੇਜ਼ੀ ਭਾਸ਼ਾ ਦਾ ਸ਼ਬਦ ਸਧਾਰਨ ਲੋਕਾਂ ਲਈ ਪ੍ਰਚੱਲਿਤ ਨਹੀਂ ਹੋ ਸਕਦਾ। ਦਲਿਤ ਹੀ ਇਕ ਅਜਿਹਾ ਸ਼ਬਦ ਹੈ ਜੋ ਇਹਨਾਂ ਤਬਕਿਆਂ ਲਈ ਇਹਨਾਂ ਦੇ ਸਮਾਜਿਕ ਦਰਜੇ ਨੂੰ ਮੁੱਖ ਰੱਖਦਿਆਂ ਸਭ ਤੋਂ ਵੱਧ ਢੁਕਵਾਂ ਅਤੇ ਸਵੀਕਾਰਯੋਗ ਹੋ ਸਕਦਾ ਹੈ। ਬਲਕਿ ਇਹ ਨਾਮ ਤਾਂ ਚਿਰਾਂ ਤੋਂ ਪ੍ਰਚੱਲਿਤ ਇਹਨਾਂ ਦੀ ਆਣ-ਬਾਣ, ਸ਼ਾਨ ਦਾ ਪ੍ਰਤੀਕ ਵੀ ਬਣ ਗਿਆ ਹੈ। ਮਾਣ-ਸਨਮਾਨ, ਗੌਰਵ, ਜੁਝਾਰੂ ਦਲਿਤ ਸ਼ਬਦ ਦੇ ਸਮਾਨ ਅਰਥੀ ਸ਼ਬਦ ਬਣ ਗਏ ਹਨ। ਅਮਰੀਕਾ ਦੇ ਬਲਕ ਪੈਂਥਰਜ਼ ਦੀ ਤਰਜ਼ 'ਤੇ 1970 ਵਿਚ ਇੱਟ ਦਾ ਜਵਾਬ ਪੱਥਰ ਨਾਲ ਦੇਣ ਵਾਲੀ ਜੁਝਾਰੂ ਪਾਰਟੀ 'ਦਲਿਤ ਪੈਂਥਰਜ਼' ਨੇ ਵੀ ਇਹੀ ਨਾਮ ਅਪਣਾਅ ਕੇ ਦਲਿਤ ਦੁਸ਼ਮਣਾਂ ਨੂੰ ਦਿਨ 'ਚ ਤਾਰੇ ਦਿਖਾ ਦਿੱਤੇ ਸਨ। ਇਸ ਵੇਲੇ ਦੀ ਮੋਦੀ ਸਰਕਾਰ ਦੇ ਮੰਤਰੀ ਰਾਮਦਾਸ ਅਠਾਵਲੇ ਵੀ ਉਸੇ ਦਲਿਤ ਪੈਂਥਰਜ਼ ਪਾਰਟੀ ਦੇ ਸਿਰਕੱਢ ਨੇਤਾ ਰਹੇ ਹਨ। (ਹੁਣ ਪਤਾ ਨਹੀਂ ਉਹਨਾਂ ਨੂੰ ਕੀ ਹੋ ਗਿਆ)। ਅਖ਼ਬਾਰਾਂ ਰਾਹੀਂ ਉਹਨਾਂ ਨੇ ਵੀ ਫੁੰਕਾਰਾ ਮਾਰ ਹੀ ਦਿੱਤਾ (ਟਾਈਮਜ਼ ਆਫ਼ ਇੰਡੀਆ 6 ਸਤੰਬਰ) ਕਿ ਉਹ ਹਾਈ ਕੋਰਟ ਦੇ ਇਸ ਫੈਸਲੇ ਨੂੰ ਸੁਪਰੀਮ ਕੋਰਟ ਵਿਚ ਚੁਣੌਤੀ ਦੇਣਗੇ, ਜਿਸ ਵਿਚ ਉਸ ਨੇ ਦਲਿਤ ਸ਼ਬਦ ਦੀ ਵਰਤੋਂ 'ਤੇ ਪਾਬੰਦੀ ਲਗਾਉਣ ਦੀ ਹਦਾਇਤ ਦਿੱਤੀ ਹੈ। ਉਹਨਾਂ ਨੇ ਇਹ ਵੀ ਕਿਹਾ ਕਿ 'ਦਲਿਤ' ਸ਼ਬਦ ਮਾਤਰ ਅਕਾਦਮਿਕ ਨਹੀਂ ਸਗੋਂ ਇਹ ਇਹਨਾਂ ਤਬਕਿਆਂ ਦੀ ਸੱਚਮੁਚ ਪਹਿਚਾਣ ਬਣ ਗਿਆ ਹੈ। ਇਸੇ ਤਰ੍ਹਾਂ ਮੋਦੀ ਸਰਕਾਰ ਦੇ ਦੂਜੇ ਦਲਿਤ ਮੰਤਰੀ ਰਾਮ ਵਿਲਾਸ ਪਾਸਵਾਨ ਨੇ ਵੀ ਸਲਾਹ ਦਿੱਤੀ ਹੈ ਕਿ ਦਲਿਤ ਨਾਮ ਦੀ ਵਿਰੋਧਤਾ ਨਹੀਂ ਹੋਣੀ ਚਾਹੀਦੀ ਕਿਉਂਕਿ ਇਹ ਆਮ ਵਰਤੋਂ ਦਾ ਸ਼ਬਦ ਬਣ ਚੁੱਕਿਆ ਹੈ। (ਉਹੀ)।

1920ਵਿਆਂ ਵਿਚ ਜਦ ਦੂਜੇ ਸੰਗਠਨ ਕਮਿਊਨਿਸਟ ਪਾਰਟੀ ਆਫ਼ ਇੰਡੀਆ, ਰਾਸ਼ਟਰੀ ਸਵੈਮ ਸੇਵਕ ਸੰਘ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਬਣੇ ਤਾਂ ਦਲਿਤ ਜਾਤੀਆਂ ਵਿਚ ਵੀ ਕੁਝ ਰਾਜਨੀਤਿਕ ਚੇਤਨਾ ਜਾਗਰਿਤ ਹੋਣ ਨਾਲ ਦੂਜਿਆਂ ਦੇ ਮੁਕਾਬਲੇ ਵਿਚ ਆਪਣੀ ਹੋਂਦ ਸਥਾਪਤ ਕਰਨ ਦੇ ਜੋਸ਼ ਵਿਚ ਦੇਸ਼ ਪੱਧਰ ਤੇ ਆਮ ਲਹਿਰਾਂ ਚੱਲ ਪਈਆਂ ਅਤੇ ਵੱਖ-ਵੱਖ ਸੂਬਿਆਂ ਵਿਚ ਉਥੋਂ ਦੇ ਹਾਲਾਤ ਅਤੇ ਲੋਕਾਂ ਦੀ ਇੱਛਾ ਅਨੁਸਾਰ ਵੱਖ-ਵੱਖ ਨਾਵਾਂ 'ਤੇ ਦਲਿਤ ਸੰਗਠਨ ਬਣ ਗਏ। ਇਹਨਾਂ ਦੇ ਨਾਂ ਭਾਵੇਂ ਅਲੱਗ-ਅਲੱਗ ਸਨ ਲੇਕਿਨ ਬੁਨਿਆਦੀ ਵਿਚਾਰਧਾਰਾ ਅਤੇ ਵਿਚਾਰਾਂ ਪੱਖੋਂ ਸਭ ਇਕ ਸਨ, ਯਾਨਿ ਬ੍ਰਾਹਮਣ ਦੀ ਚਤੁਰ ਵਰਣੀ ਵਿਵਸਥਾ ਦੇ ਖ਼ਿਲਾਫ਼ ਬਗਾਵਤ। ਸਭ ਦਾ ਇਕੋ ਮੱਤ ਸੀ ਕਿ ਅਸੀਂ ਬਾਹਰੋਂ ਆਈ ਆਰੀਆ ਹਿੰਦੂ ਕੌਮ ਦਾ ਹਿੱਸਾ ਨਹੀਂ ਹਾਂ, ਜੋ ਖੁਦ ਇਹਨਾਂ ਦੇ ਹੀ ਸਦੀਆਂ ਤੋਂ ਚਲੇ ਆ ਰਹੇ ਅਪਮਾਨਜਨਕ ਸਲੂਕ ਤੋਂ ਜ਼ਾਹਿਰ ਹੈ। ਇਸੇ ਆਤਮ ਸਨਮਾਨ ਦੇ ਜਜ਼ਬੇ ਤੇ ਜੋਸ਼ ਹੇਠ ਪੰਜਾਬ ਵਿਚ ਆਦਿ ਧਰਮ ਮੰਡਲ (ਤਹਿਰੀਕ) ਦੀ ਸਥਾਪਨਾ ਹੋਈ, ਯੂ. ਪੀ. ਵਿਚ ਸਵਾਮੀ ਅਛੂਤਾਨੰਦ ਦੀ ਅਗਵਾਈ ਵਿਚ ਆਦਿ ਹਿੰਦੂ, ਦੱਖਣੀ ਸੂਬਿਆਂ ਵਿਚ ਆਦਿ ਦ੍ਰਾਵਿੜ, ਆਦਿ ਆਂਧਰਾ, ਬੰਗਾਲ ਵਿਚ ਨਮੋ ਸ਼ੂਦਰਾ ਆਦਿ ਆਦਿ। ਇੱਥੋਂ ਤੱਕ ਕਿ ਉਹਨਾਂ ਨੇ ਬ੍ਰਾਹਮਣੀ ਸੱਭਿਅਤਾ ਦੇ ਦਿੱਤੇ ਅਪਮਾਨਜਨਕ ਜਾਤਾਂ ਦੇ ਨਾਵਾਂ ਨੂੰ ਬਦਲ ਕੇ ਨਵੇਂ ਨਾਮ ਅਪਣਾਅ ਲਏ, ਜਿਵੇਂ ਪੰਜਾਬ ਵਿਚ ਚਮਾਰ ਜਾਤੀ ਨੇ ਆਦਿ ਧਰਮ, ਸੰਤਾਂ ਦੇ ਨਾਮ ਤੇ ਰਵਿਦਾਸੀਆ, ਕਬੀਰ ਪੰਥੀ, ਯੂ. ਪੀ. ਵਿਚ ਜਾਟਵ, ਚੂਹੜਾ ਜਾਤੀ ਨੇ ਰਿਸ਼ੀ ਬਾਲਮੀਕ ਦੇ ਨਾਂ ਤੇ ਬਾਲਮੀਕੀ ਅਤੇ ਮਹਾਸ਼ਾ ਆਰੀਆ, ਸਤਿਨਾਮੀ, ਚੰਡਾਲ ਤੋਂ ਨਮੋ ਸ਼ੂਦਰਾ ਆਦਿ ਆਦਿ।

ਜਿਹੜੇ ਲੋਕ ਇਹ ਦਲੀਲ ਦਿੰਦੇ ਹਨ ਕਿ ਦਲਿਤ ਸ਼ਬਦ ਸੰਵਿਧਾਨ ਵਿਚ ਦਰਜ ਨਾ ਹੋਣ ਕਰਕੇ ਗੈਰ ਸੰਵਿਧਾਨਕ ਹੈ, ਉਸ ਦਾ ਜਵਾਬ ਇਹੀ ਹੈ ਕਿ ਦੇਸ਼ ਦਾ ਵੀ ਤਾਂ ਨਾਂ ਸੰਵਿਧਾਨ (ਧਾਰਾ 1) ਵਿਚ ਇੰਡੀਆ ਜਾਂ ਭਾਰਤ ਲਿਖਿਆ ਹੈ, ਫਿਰ ਇਸ ਨੂੰ ਮੀਡੀਆ ਅਤ ਆਮ ਲੋਕ ਖਾਸ ਕਰਕੇ ਹਿੰਦੂ ਲੋਕ ਹਿੰਦੋਸਤਾਨ ਕਿਉਂ ਪੁਕਾਰਦੇ ਹਨ?

ਕੀ ਇਹ ਸ਼ਬਦ ਇਸ ਤਰ੍ਹਾਂ ਗੈਰ ਸੰਵਿਧਾਨਕ ਹੈ? ਹਿੰਦੋਸਤਾਨ ਨਾਮ ਵੀ ਤਾਂ ਬਾਹਰੀ ਹਮਲਾਵਰਾਂ ਦੀ ਦੇਣ ਹੈ। ਹਿੰਦੂ ਜਾਂ ਹਿੰਦੋਸਤਾਨ ਦੇ ਨਾਵਾਂ ਦਾ ਕਿਸੇ ਧਰਮ ਗ੍ਰੰਥ ਜਾਂ ਸ਼ਾਸਤਰਾਂ ਵਿਚ ਕਿਤੇ ਵੀ ਜ਼ਿਕਰ ਨਹੀਂ।

ਇਹਨਾਂ ਹਾਲਾਤ ਵਿਚ ਜ਼ਰੂਰੀ ਹੈ ਕਿ ਬੰਬਈ ਹਾਈ ਕੋਰਟ ਦੀਆਂ ਹਦਾਇਤਾਂ ਦੀ ਪਾਲਣਾ ਨੂੰ ਉਸੇ ਦਾਇਰੇ ਵਿਚ ਰੱਖਿਆ ਜਾਵੇ ਜੋ ਉਸ ਦੀ ਅਸਲ ਮਨਸ਼ਾ ਹੈ। ਦਲਿਤ ਸ਼ਬਦ ਦੀ ਸਰਕਾਰੀ ਕੰਮਕਾਰ ਅਤੇ ਮਾਮਲਿਆਂ ਵਿਚ ਵਰਤੋਂ ਨਾ ਕਰਨਾ ਸੌ ਫੀਸਦੀ ਸੰਵਿਧਾਨ ਅਨੁਸਾਰ ਹੈ ਲੇਕਿਨ ਇਸ ਦੀ ਮੀਡੀਆ ਅਤੇ ਆਮ ਜਨਤਾ ਲਈ ਮਨਾਹੀ ਸਰਾਸਰ ਗੈਰ-ਜ਼ਰੂਰੀ ਹੈ।

# ਬਰਗਾੜੀ ਮੋਰਚੇ ਦੇ ਆਗੂਆਂ ਵੱਲੋਂ ਮੋਤੀ ਮਹਿਲ ਘੇਰਨ ਦੀ ਚਿਤਾਵਨੀ

**ਕੋਟਕਪੂਰਾ-** ਬਰਗਾੜੀ ਇਨਸਾਫ਼ ਮੋਰਚੇ ਦੇ ਆਗੂ ਜਥੇਦਾਰ ਧਿਆਨ ਸਿੰਘ ਮੰਡ ਤੇ ਬਲਜੀਤ ਸਿੰਘ ਦਾਦੂਵਾਲ ਨੇ ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੂੰ ਚਿਤਾਵਨੀ ਦਿੰਦਿਆਂ ਆਖਿਆ ਕਿ 'ਕੈਪਟਨ, ਬਾਦਲਾਂ ਨਾਲ ਦੋਸਤਾਨਾ ਮੈਚ ਬੰਦ ਕਰ ਦੇਣ', ਨਹੀਂ ਤਾਂ ਆਉਣ ਵਾਲੇ ਦਿਨਾਂ ਵਿੱਚ ਸਿੱਖ ਸੰਗਤ ਵੱਲੋਂ ਮੋਤੀ ਮਹਿਲ ਦਾ ਘਿਰਾਓ ਕੀਤਾ ਜਾਵੇਗਾ। ਉਨ੍ਹਾਂ ਆਖਿਆ ਇੰਜ ਜਾਪ ਰਿਹਾ ਹੈ, ਜਿਵੇਂ ਮੌਜੂਦਾ ਮੁੱਖ ਮੰਤਰੀ ਤੇ ਸਾਬਕਾ ਮੁੱਖ ਮੰਤਰੀ ਬੇਅਦਬੀ ਦੇ ਮਾਮਲੇ ਵਿੱਚ ਦੋਸਤਾਨਾ ਮੈਚ ਖੇਡ ਰਹੇ ਹੋਣ। ਉਨ੍ਹਾਂ ਆਖਿਆ ਕਿ ਗੁਰੂ ਸਾਹਿਬ ਦੀ ਬੇਅਦਬੀ ਦਾ ਮਸਲਾ ਲੋਕਾਂ ਦੀਆਂ ਭਾਵਨਾਵਾਂ ਨਾਲ ਜੁੜਿਆ ਹੋਇਆ ਹੈ। ਇਸ ਲਈ ਸੰਗਤ ਨੂੰ ਇਨਸਾਫ਼ ਦਿੱਤਾ ਜਾਵੇ।

ਉਨ੍ਹਾਂ ਆਖਿਆ ਕਿ ਇਸ ਮਸਲੇ ਨੂੰ ਰੈਲੀਆਂ ਕਰਕੇ ਰੋਲਣ ਦੀ ਕੋਸ਼ਿਸ਼ ਨਾ ਕੀਤੀ ਜਾਵੇ। ਜਥੇਦਾਰ ਮੰਡ ਨੇ ਸਪਸ਼ਟ ਕੀਤਾ ਕਿ ਬਰਗਾੜੀ ਵਿੱਚ ਇਨਸਾਫ਼ ਮੋਰਚਾ ਉਦੋਂ ਤੱਕ ਸਮਾਪਤ ਨਹੀਂ ਪਵੇਗਾ ਜਦੋਂ ਤੱਕ ਇਨਸਾਫ਼ ਨਹੀਂ ਮਿਲ ਜਾਂਦਾ। ਉਨ੍ਹਾਂ ਆਖਿਆ ਕਿ ਮਾਮਲੇ ਦੀ ਜਾਂਚ ਭਾਵੇਂ ਕੋਈ ਏਜੰਸੀ ਕਰੇ, ਇਸ ਗੱਲ ਨਾਲ ਕੋਈ ਫ਼ਰਕ ਨਹੀਂ ਪੈਂਦਾ ਪਰ ਇਨਸਾਫ ਜ਼ਰੂਰ ਮਿਲਣਾ ਚਾਹੀਦਾ ਹੈ।

ਬੇਅਦਬੀ ਮਾਮਲੇ ਵਿੱਚ ਚਾਰ ਮੁਲਜ਼ਮਾਂ ਨੂੰ ਅਦਾਲਤ ਵਿੱਚ ਜ਼ਮਾਨਤ ਮਿਲਣ ਬਾਰੇ ਪੰਥਕ ਆਗੂਆਂ ਨੇ ਆਖਿਆ ਇਸ ਮਾਮਲੇ ਵਿੱਚ ਕੈਪਟਨ-ਬਾਦਲ ਦੀ ਦੋਸਤੀ ਤੇ ਕੇਂਦਰ ਸਰਕਾਰ ਕਾਰਨ ਇਹ ਸਭ ਕੁਝ ਹੋਇਆ ਹੈ।

ਉਨ੍ਹਾਂ ਸਾਬਕਾ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਵੱਲੋਂ ਲਾਏ ਜਾ ਰਹੇ ਇਲਜ਼ਾਮਾਂ ਦਾ ਜਵਾਬ ਦਿੰਦਿਆਂ ਆਖਿਆ ਕਿ ਮੋਰਚੇ ਵਿੱਚ ਸ਼ਾਮਲ ਹੋਣ ਵਾਲੇ ਪਾਕਿਸਤਾਨ ਦੀ ਖੁਫ਼ੀਆ ਏਜੰਸੀ ਆਈਐੱਸਆਈ ਦੇ ਏਜੰਟ ਨਹੀਂ ਬਲਕਿ ਭਾਰਤੀ ਲੋਕ ਹਨ, ਜੋ ਆਪਣੇ ਗੁਰੂ ਦੀ ਬੇਅਦਬੀ ਸਬੰਧੀ ਇਨਸਾਫ਼ ਲਈ ਬਰਗਾੜੀ ਮੰਡੀ ਵਿੱਚ ਧਰਨੇ 'ਤੇ ਬੈਠੇ ਹਨ।

# ਅੱਜ ਦੇ ਬੰਦੇ ਬਾਂਦਰ ਕਿਉਂ ਨਹੀਂ ਬਣ ਰਹੇ?

(ਸਫਾ 6 ਦੀ ਬਾਕੀ)

ਪੁਸ਼ਟੀ ਕਰਦੀਆਂ ਹਨ।

ਕਿਸੇ ਘਰ ਵਿੱਚ ਪੈਦਾ ਹੋਏ ਬਾਂਦਰ ਵਰਗੇ ਬੱਚੇ ਨੂੰ ਹਨੂੰਮਾਨ ਜੀ ਦੇ ਅਵਤਾਰ ਧਾਰਨ ਕਹਿਣ ਦੀਆਂ ਖ਼ਬਰਾਂ ਵੀ ਅਖ਼ਬਾਰਾਂ ਦਾ ਸ਼ਿੰਗਾਰ ਬਣਦੀਆਂ ਰਹੀਆਂ ਹਨ।ਅਜਿਹੀਆਂ ਖ਼ਬਰਾਂ ਵੀ ਸਾਨੂੰ ਸਹਾਈ ਹੁੰਦੀਆਂ ਸਨ ਕਿਉਂਕਿ ਅਸੀਂ ਕਹਿ ਸਕਦੇ ਸਾਂ ਕਿ ਮਨੁੱਖ ਤੇ ਬਾਂਦਰ ਦੇ ਬੱਚਿਆਂ ਦੇ ਭਰੂਣ ਵੀ ਲੱਗਭਗ ਇੱਕੋ ਜਿਹੇ ਹੀ ਹੁੰਦੇ ਹਨ। ਅਸੀਂ ਲੱਗਭਗ ਹਰ ਲਿਖਤ ਵਿੱਚ ਇਹ ਹੀ ਕਹਿੰਦੇ ਰਹੇ ਹਾਂ ਕਿ ਵਿਗਿਆਨਕ ਜਾਣਕਾਰੀ ਹਮੇਸ਼ਾਂ ਤਬਦੀਲ ਹੁੰਦੀ ਰਹਿੰਦੀ ਹੈ। ਇਹ ਧਾਰਮਿਕ ਗ੍ਰੰਥਾਂ ਦੀ ਤਰਖ਼ਾਂ ਨਹੀਂ ਹੁੰਦੀ, ਜਿਸਨੂੰ ਬਦਲਣਾ ਅਸੰਭਵ ਹੁੰਦਾ ਹੈ। ਕਿਸੇ ਸਮੇਂ ਸਕੂਲਾਂ ਵਿੱਚ ਇਹ ਪੜਖ਼ਾਇਆ ਜਾਂਦਾ ਸੀ ਕਿ ਪ੍ਰਕਾਸ਼ ਇੱਕ ਸਿੱਧੀ ਰੇਖਾ ਵਿੱਚ ਚਲਦਾ ਹੈ ਪਰ ਅੱਜ ਇਸਨੂੰ ਮੋੜ ਕੇ ਟਿਊਬਾਂ ਵਿੱਚੋ ਦੀ ਵੀ ਲੰਘਾ ਦਿੰਦੇ ਹਨ। ਦੁਕਾਨਾਂ ਵਿੱਚ ਜਗਮਗਾਉਂਦੇ ਸਾਈਨ ਬੋਰਡ ਇਸ ਗੱਲ ਦੀ ਪੁਸ਼ਟੀ ਕਰਦੇ ਹਨ। ਬਾਂਦਰ ਤੋਂ ਬੰਦਾ ਬਣਨ ਦੀ ਵਿਗਿਆਨਕ ਜਾਣਕਾਰੀ ਨੂੰ ਵੀ ਅੱਜ ਡੀ.ਐਨ.ਏ. ਟੈਸਟਾਂ ਤੋਂ ਮਿਲੇ ਹੱਡੀਆਂ ਦੇ ਪ੍ਰਮਾਣਾਂ ਨੇ ਝੁਠਲਾ ਦਿੱਤਾ ਹੈ। ਵਿਗਿਆਨੀ ਹੁਣ ਇਹ ਗੱਲ ਕਹਿ ਰਹੇ ਹਨ ਕਿ ਮਨੁੱਖ ਦਾ ਵਿਕਾਸ ਬਾਂਦਰ ਤੋਂ ਨਹੀਂ ਹੋਇਆ ਹੈ, ਸਗੋਂ ਬਾਂਦਰਾਂ ਤੇ ਬੰਦੇ ਦਾ ਵਿਕਾਸ ਇੱਕੋ ਪੂਰਵਜ ਤੋਂ ਹੋਇਆ ਹੈ। ਲੈਮੂਰ ਵਰਗਾ ਇਹ ਲੰਬੀ ਪੂਛ ਵਾਲਾ ਜਾਨਵਰ ਦਰੱਖਤਾਂ ਤੇ ਰਹਿਣ ਦਾ ਆਦੀ ਸੀ। ਸੱਤਰ ਕੁ ਲੱਖ ਸਾਲ ਪਹਿਲਾਂ ਇਹ ਜਾਨਵਰ ਅਫ਼ਰੀਕਾ ਦੇ ਜੰਗਲਾਂ ਵਿੱਚ ਵੱਡੀ ਮਾਤਰਾ ਵਿੱਚ ਉਪਲਬਧ ਸੀ। ਇਸ ਜਾਨਵਰ ਦਾ ਵਿਕਾਸ ਕਈ ਜਾਤੀਆਂ ਵਿੱਚ ਇੱਕੋ ਸਮੇਂ ਹੋਣਾ ਸ਼ੁਰੂ ਹੋ ਗਿਆ। ਇੱਕ ਜਾਤੀ ਅਰਿੰਜੋਟੈਨ, ਦੂਜੀ ਚਿਪੈਂਜੀ, ਤੀਜੀ ਗੁਰੀਲੇ ਅਤੇ ਚੌਥੀ ਮਾਨਵ ਦੇ ਰੂਪ ਵਿੱਚ ਵਿਕਸਤ ਹੋਈ। ਅਗਾਂਹ ਮਨੁੱਖ ਦੇ ਵਿਕਾਸ ਵਿੱਚੋਂ ਵੀ ਨੀਐਂਡਰਥਲ, ਜਾਵਾ, ਪੀਕਿੰਗ ਆਸਟ੍ਰੇਲੀਅਨ, ਕਰੋ ਮੈਗਨਾਨ ਆਦਿ ਦਰਜਨ ਦੇ ਲੱਗਭਗ ਜਾਤੀਆਂ ਸਮੇਂ-ਸਮੇਂ ਵਿਕਸਤ ਹੁੰਦੀਆਂ ਰਹੀਆਂ। ਸਮੇਂ-ਸਮੇਂ ਅੱਡ-ਅੱਡ ਨਸਲਾਂ ਵਿੱਚ ਹੁੰਦੀਆਂ ਲੜਾਈਆਂ ਵਿੱਚ ਬਾਕੀ ਸਾਰੀਆਂ ਜਾਤਾਂ ਅਲੋਪ ਹੋ ਗਈਆਂ। ਸਿਰਫ਼ ਤੇ ਸਿਰਫ਼ ਇੱਕ ਜਾਤੀ ਹੀ ਬਚ ਸਕੀ।

ਸੰਦ ਫੜਨ ਦੀ ਤੇ ਵਰਤਨ ਦੀ ਯੋਗਤਾ ਨੇ ਮਨੁੱਖ ਦੇ ਹੱਥਾਂ ਨੂੰ ਮਜ਼ਬੂਤ ਕਰ ਦਿੱਤਾ। ਆਪਣੇ ਬੱਚਿਆਂ ਨੂੰ ਚੁੱਕਣਾ, ਜਾਨਵਰਾਂ ਦਾ ਸ਼ਿਕਾਰ ਕਰਨਾ ਤੇ ਸ਼ਿਕਾਰ ਹੋਣ ਦੇ ਡਰੋਂ ਭੱਜਣਾ, ਬਾਂਦਰ ਨੇ ਇਨਖ਼ਾਂ ਦੀਆਂ ਲੱਤਾਂ ਤੇ ਬਾਹਾਂ ਨੂੰ ਸਿੱਧੀਆਂ ਤੇ ਮਜ਼ਬੂਤ ਕਰ ਦਿੱਤਾ। ਅੱਜ ਤੋਂ ਪੰਜਾਹ ਸੱਠ ਹਜ਼ਾਰ ਵਰਖ਼ੇ ਪਹਿਲਾਂ ਤੱਕ ਮਨੁੱਖ ਕੂਕਾਂ ਮਾਰਨਾ ਹੀ ਜਾਣਦਾ ਸੀ। ਅੱਜ ਉਹ ਇੱਕ ਵਧੀਆ ਭਾਸ਼ਾ ਤੇ ਸ਼ਬਦਾਵਲੀ ਦਾ ਮਾਲਕ ਹੈ। ਉਸਨੇ ਇਹ ਸਭ ਕੁੱਝ ਪ੍ਰਕਿਰਤੀ ਨਾਲ ਕੀਤੇ ਸੰਘਰਸ਼ ਵਿੱਚੋਂ ਪ੍ਰਾਪਤ ਕੀਤਾ ਹੈ।

ਹਨੂੰਮਾਨ ਜੀ ਦੀ ਬਾਂਦਰ ਸੈਨਾ ਵੱਲੋਂ ਸ੍ਰੀ ਲੰਕਾ ਅਤੇ ਭਾਰਤ ਨੂੰ ਜੋੜਨ ਵਾਲੇ ਪੁਲ ਦੀ ਮਿਥਿਹਾਸਕ ਕਹਾਣੀ ਨੂੰ ਭਾਵੇਂ ਨਾਸਾ ਦੇ ਵਿਗਿਆਨੀਆਂ ਨੇ ਝੁਠਲਾ ਦਿੱਤਾ ਹੈ ਪਰ ਮੈਂ ਸਮਝਦਾ ਹਾਂ ਕਿ ਉਂਝ ਬਾਂਦਰ ਸੈਨਾ ਅਜਿਹੇ ਕਬਾਇਲੀ ਮਨੁੱਖਾਂ ਦੀ ਸੀ ਜੋ ਕਿਰਤ ਨੂੰ ਪਿਆਰ ਕਰਦੀ ਸੀ ਅਤੇ ਕਿਰਤ ਲਈ ਜੁੜੇ ਹੱਥ ਪ੍ਰਾਰਥਨਾ ਲਈ ਜੁੜੇ ਹੱਥਾਂ ਤੋਂ ਹਜ਼ਾਰਾਂ ਗੁਣਾਂ ਬਿਹਤਰ ਹੀ ਹੁੰਦੇ ਹਨ।

# ਵੋਟਰਾਂ ਲਈ ਜਾਗਰੂਕ ਹੋਣ ਦਾ ਵੇਲਾ



ਐਸ. ਆਰ. ਲੱਧੜ
(ਆਈ. ਏ. ਐਸ.)
91-94174-00610

ਇਬਰਾਹੀਮ ਲਿੰਕਨ ਵਿਸ਼ਵ ਦੇ ਮਹਾਨ ਰਾਜਨੀਤਿਕ ਆਗੂ ਅਤੇ ਪਾਏਦਾਰ ਸਿਆਸਤਦਾਨ ਹੋਏ ਹਨ ਜੋ 1861 ਈ: ਵਿਚ ਅਮਰੀਕਾ ਦੇ ਰਾਸ਼ਟਰਪਤੀ ਬਣੇ। ਉਹਨਾਂ ਦੇ ਰਾਜਕਾਲ ਦੌਰਾਨ ਅਮਰੀਕਾ ਵਿਚ ਕਾਲੇ ਰੰਗ ਦੇ ਲੋਕਾਂ ਦੇ ਜਮਹੂਰੀ ਅਤੇ ਮਾਨਵੀ ਹੱਕਾਂ ਲਈ ਗੋਰੇ ਲੋਕਾਂ ਦੇ ਜਮਹੂਰੀ ਅਤੇ ਮਾਨਵੀ ਹੱਕਾਂ ਲਈ ਗੋਰੇ ਲੋਕਾਂ ਵੱਲੋਂ ਗੋਰਿਆਂ ਖਿਲਾਫ ਹੀ ਲੜਾਈ ਲੜੀ ਗਈ ਤੇ ਮਾਨਵਤਾ ਪੱਖੀ ਤਾਕਤਾਂ ਦੀ ਜਿੱਤ ਹੋਈ। ਕਾਲੇ ਰੰਗ ਦੇ ਲੋਕਾਂ ਨੂੰ ਗੋਰੇ ਲੋਕਾਂ ਦੇ ਬਰਾਬਰ ਹੱਕ ਮਿਲੇ। 2008 ਤੱਕ ਹੱਕਾਂ ਦੀ ਲੜਾਈ ਚਲਦੀ ਰਹੀ ਅਤੇ ਨਤੀਜਾ ਇਹ ਨਿਕਲਿਆ ਕਿ ਬਰਾਕ ਓਬਾਮਾ ਜਿਹੇ ਸਿਆਹਫਾਹ ਸਿਆਸਤਦਾਨ ਨੂੰ ਅਮਰੀਕਾ ਦਾ ਦੋ ਵਾਰ ਰਾਸ਼ਟਰਪਤੀ ਬਣਨ ਦਾ ਮੌਕਾ ਮਿਲਿਆ।

ਲਿੰਕਨ ਦੇ ਵਿਚਾਰ ਅੱਜ ਵੀ ਪੂਰੇ ਵਿਸ਼ਵ ਨੂੰ ਪ੍ਰਭਾਵਿਤ ਕਰ ਰਹੇ ਹਨ। ਉਹਨਾਂ ਜਮਹੂਰੀਅਤ ਦੀ ਪਰਿਭਾਸ਼ਾ ਦਿੰਦਿਆਂ ਕਿਹਾ ਸੀ ਕਿ ਜਮਹੂਰੀ ਸਰਕਾਰ ਲੋਕਾਂ ਦੀ, ਲੋਕਾਂ ਵੱਲੋਂ ਚੁਣੀ ਗਈ ਅਤੇ ਲੋਕਾਂ ਵਾਸਤੇ ਹੁੰਦੀ ਹੈ। ਜਮਹੂਰੀਅਤ ਵਿਚ ਇਕ ਰਾਜੇ ਜਾਂ ਡਿਕਟੇਟਰ ਲਈ ਕੋਈ ਥਾਂ ਨਹੀਂ ਹੁੰਦੀ। ਕਈ ਦੇਸ਼ਾਂ ਜਿਵੇਂ ਇੰਗਲੈਂਡ ਜਾਂ ਜਾਪਾਨ ਆਦਿ ਵਿਚ ਅੱਜ ਵੀ ਸ਼ਾਹੀ ਰਾਜ ਘਰਾਣੇ ਰਾਜ ਕਰ ਰਹੇ ਹਨ ਪਰ ਇਹਨਾਂ ਕੋਲ ਤਾਕਤ ਨਾਂ ਦੀ ਕੋਈ ਚੀਜ਼ ਨਹੀਂ ਹੈ। ਰਾਜ ਭਾਗ ਚੁਣੀਆਂ ਹੋਈਆਂ ਸਰਕਾਰਾਂ ਹੀ ਚਲਾ ਰਹੀਆਂ ਹਨ। ਜਮਹੂਰੀਅਤ ਵਿਚ ਵੋਟਰ ਰਾਜਾ ਹੈ, ਵੋਟਰ ਹੀ ਆਪਣੇ ਨੁਮਾਇੰਦੇ ਚੁਣਦਾ ਹੈ। ਭਾਵੇਂ ਪਿੰਡ ਦੀ ਪੰਚਾਇਤ ਹੋਵੇ, ਸ਼ਹਿਰ ਦੀਆਂ ਲੋਕਲ ਬਾਡੀਜ਼ ਹੋਣ, ਵਿਧਾਨ ਸਭਾ ਹੋਵੇ ਜਾਂ ਲੋਕ ਸਭਾ, ਸਭ ਲਈ ਨੁਮਾਇੰਦੇ ਵੋਟਰ ਹੀ ਚੁਣ ਕੇ ਭੇਜਦੇ ਹਨ ਜੋ ਨਿਯਤ ਸਮਾਂ ਹੱਦ ਲਈ ਰਾਜ ਭਾਗ ਚਲਾਉਂਦੇ ਹਨ। ਭਾਰਤ ਵਿਚ ਵੋਟਾਂ ਪਾਉਣ ਦੀ ਪ੍ਰਣਾਲੀ ਦਾ ਅਗਾਜ਼ ਅੰਗਰੇਜ਼ਾਂ ਨੇ ਸ਼ੁਰੂ ਕੀਤਾ ਸੀ। 1937 ਵਿਚ ਪਹਿਲੀ ਵਾਰ ਭਾਰਤ ਦੇ ਕਈ ਪ੍ਰਦੇਸ਼ਾਂ ਵਿਚ ਚੋਣਾਂ ਹੋਈਆਂ। ਉਸ ਵੇਲੇ ਵੋਟ ਪਾਉਣ ਦਾ ਅਧਿਕਾਰ ਕੇਵਲ ਅਮੀਰਾਂ, ਜ਼ਿਮੀਦਾਰਾਂ, ਫੌਜੀਆਂ ਜਾਂ ਅਫਸਰਾਂ ਅਤੇ ਕੁਝ ਖਾਸ ਵਿਅਕਤੀਆਂ ਨੂੰ ਹੀ ਦਿੱਤਾ ਗਿਆ ਸੀ। ਜਦੋਂ ਦੇਸ਼ ਆਜ਼ਾਦ ਹੋਇਆ ਤਾਂ ਸੰਵਿਧਾਨ ਲਿਖਣ ਦੀ ਜ਼ਿੰਮੇਵਾਰੀ ਡਾ. ਭੀਮ ਰਾਓ ਅੰਬੇਡਕਰ ਨੂੰ ਸੌਂਪੀ ਗਈ। ਉਸ ਸਭ ਬਾਲਗ ਵਿਅਕਤੀਆਂ ਨੂੰ ਵੋਟ ਦਾ ਹੱਕ ਦੇਣ ਦੇ ਮੁਦਈ ਸਨ। ਵੱਲਭ ਭਾਈ ਪਟੇਲ ਵਰਗੇ ਤਾਕਤਵਰ ਆਗੂ ਉਹਨਾਂ ਨੂੰ ਸੰਵਿਧਾਨ ਘਾੜਨੀ ਸਭਾ ਦਾ ਮੈਂਬਰ ਬਣਾਉਣ ਦੇ ਸਖਤ ਵਿਰੋਧੀ ਸਨ ਪਰ ਡਾਕਟਰ ਅੰਬੇਡਕਰ ਵਰਗਾ ਵਿਦਵਾਨ ਸਿਰਫ ਸੰਵਿਧਾਨ ਘਾੜਨੀ ਸਭਾ ਦਾ ਮੈਂਬਰ ਹੀ ਨਹੀਂ ਬਣਿਆ ਬਲਕਿ ਉਸ ਦਾ ਚੇਅਰਮੈਨ ਵੀ ਬਣ ਕੇ ਲੱਗਭੱਗ ਇਕੱਲਿਆਂ ਹੀ ਦੇਸ਼ ਨੂੰ ਸੰਵਿਧਾਨ ਦੇਣ ਵਿਚ ਕਾਮਯਾਬ ਹੋਇਆ। ਇਸ ਸੰਵਿਧਾਨ ਨੇ ਅਮੀਰ-ਗਰੀਬ, ਛੋਟੇ-ਵੱਡੇ, ਇਸਤਰੀ-ਪੁਰਸ਼ ਨੂੰ ਬਰਾਬਰ ਕਰ ਦਿੱਤਾ। ਭਾਰਤ ਦਾ ਸਮਾਜ ਜਾਤ-ਪਾਤ ਅਤੇ ਇਸਤਰੀ ਪ੍ਰਤੀ ਮਾੜੀ ਸੋਚ ਤੋਂ ਬੁਰੀ ਤਰ੍ਹਾ ਗ੍ਰਸਤ ਸੀ।

ਸਭ ਨੂੰ ਵੋਟਾਂ ਦਾ ਬਰਾਬਰ ਅਧਿਕਾਰ ਇਕ ਅਜਿਹਾ ਇਨਕਲਾਬੀ ਬਦਲਾਅ ਸੀਲ, ਜਿਸ ਨੇ ਗੁਲਾਮੀ ਦੀਆਂ ਬੇੜੀਆਂ ਤੋਂ ਅਚਾਨਕ ਛੁਟਕਾਰਾ ਦਿਵਾ ਦਿੱਤਾ। ਭਾਰਤ ਵਿਚ ਸਦੀਆਂ ਤੋਂ ਗੁਲਾਮ ਰਹੇ ਅਛੂਤ ਅਤੇ ਇਸਤਰੀ ਵਰਗ ਲਈ ਰਾਜ-ਭਾਗ, ਪੜ੍ਹਾਈ, ਬਰਾਬਰਤਾ, ਸਨਮਾਨ ਅਤੇ ਇੱਜ਼ਤ ਨਾਲ ਜਿਊਣ ਦੇ ਦਰਵਾਜ਼ੇ ਖੁੱਲ੍ਹ ਗਏ। ਇਹ ਭਾਰਤ ਦੇ ਲੋਕਾਂ ਦੀ ਖੁਸ਼ਕਿਸਮਤੀ ਸੀ ਕਿ ਡਾ. ਅੰਬੇਡਕਰ ਵਰਗੇ ਵਿਦਵਾਨ, ਮਾਨਵਤਾਵਾਦੀ, ਇਸਤਰੀ ਵਰਗ ਦੇ ਹੱਕ ਦੇ ਮੁਦਈ ਅਤੇ ਭਾਰਤ ਦੇ ਮਹਾਨ ਉਸੱਰਈਏ ਹੱਥ ਉਹਨਾਂ ਦੀ ਤਕਦੀਰ ਲਿਖਣ ਦਾ ਇਤਿਹਾਸ ਨੇ ਮੌਕਾ ਬਖਸ਼ਿਆਂ। ਸਭ ਨੂੰ ਵੋਟ ਦਾ ਬਰਾਬਰ ਹੱਕ ਦੇਣ ਦੇ ਵਿਸ਼ੇ 'ਤੇ ਇਕ ਵੱਡੇ ਨੇਤਾ ਨੇ ਆਪਣੇ ਵਿਚਾਰ ਜ਼ਾਹਿਰ ਕਰਦਿਆਂ ਕਿਹਾ ਸੀ, 'ਤੇਲੀ-ਤੰਬੋਲੀ ਨੇ ਸੰਸਦ ਵਿਚ ਜਾ ਕੇ ਕੀ ਹੱਲ ਚਲਾਉਣਾ ਹੈ? ਡਾ. ਅੰਬੇਡਕਰ ਨੇ ਸੰਵਿਧਾਨ ਲਾਗੂ ਹੋਣ 'ਤੇ ਭਾਰਤ ਦੇ ਲੋਕਾਂ ਨੂੰ ਸੰਬੋਧਨ ਹੁੰਦਿਆਂ ਕਿਹਾ ਸੀ ਕਿ ਹੁਣ ਰਾਜਾ ਰਾਣੀ ਦੇ ਪੇਟ ਵਿਚੋਂ ਨਹੀਂ ਬਲਕਿ ਮਤਦਾਨ ਪੇਟੀ ਵਿਚੋਂ ਨਿਕਲਿਆ ਕਰੇਗਾ। ਹੁਣ ਵੋਟ ਦਾ ਹੱਕ ਮਿਲਣ ਕਾਰਨ ਅਤੇ ਸੰਵਿਧਾਨ ਵਿਚ ਭਾਰਤ ਦੇ ਹਰ ਨਾਗਰਿਕ ਨੂੰ ਬਰਾਬਰ ਅਧਿਕਾਰ ਮਿਲਣ ਕਾਰਨ ਹਰ ਕੋਈ ਕਿਸੇ ਵੀ ਵੱਡੇ ਤੋਂ ਵੱਡੇ ਅਹੁਦੇ 'ਤੇ ਪਹੁੰਚ ਸਕਦਾ ਹੈ। ਇਹ ਵੋਟ ਦਾ ਹੱਕ ਅਤੇ ਸੰਵਿਧਾਨ ਦੀ ਬਦੌਲਤ ਅਸੀਂ ਇਸਤਰੀ ਨੂੰ ਦੇਸ਼ ਦਾ ਪ੍ਰਧਾਨ ਮੰਤਰੀ ਅਤੇ ਰਾਸ਼ਟਰਪਤੀ ਦੇਖ ਚੁੱਕੇ ਹਾਂ। ਅਨੁਸੂਚਿਤ ਜਾਤੀ, ਓ. ਬੀ. ਸੀ. ਅਤੇ ਮੁਸਲਿਮ ਧਰਮ ਦੇ ਵਿਅਕਤੀ ਵੀ ਰਾਸ਼ਟਰਪਤੀ ਦੀ ਕੁਰਸੀ 'ਤੇ ਬਿਰਾਜਮਾਨ ਹੋ ਚੁੱਕੇ ਹਨ। ਇਸਤਰੀਆਂ ਸੂਬਿਆਂ ਦੀਆਂ ਮੁੱਖ ਮੰਤਰੀ ਅਤੇ ਸੁਪਰੀਮ ਕੋਰਟ ਦੀਆਂ ਜੱਜ ਲੱਗੀਆਂ ਹੋਈਆਂ ਹਨ। ਦੇਸ਼ ਆਜ਼ਾਦ ਹੋਣ ਤੋਂ ਪਹਿਲਾਂ ਇਸਤਰੀਆਂ ਦੀ ਹਾਲਤ ਗੁਲਾਮਾਂ ਵਰਗੀ ਸੀ, ਨਾ ਤਾਂ ਉਹ ਪੜ੍ਹ-ਲਿਖ ਸਕਦੀਆਂ ਸਨ ਅਤੇ ਨਾ ਹੀ ਉਹਨਾਂ ਨੂੰ ਸਰਕਾਰੀ ਅਹੁਦਿਆਂ 'ਤੇ ਬਿਰਾਜਮਾਨ ਹੋਣ ਦਾ ਹੱਕ ਸੀ।



ਦਲਿਤਾਂ ਦੀ ਹਾਲਤ ਵੀ ਬੇਹੱਦ ਮਾੜੀ ਸੀ। ਵੋਟ ਦੇ ਅਧਿਕਾਰ ਨੇ ਰਾਜੇ ਅਤੇ ਰੰਕ ਨੂੰ ਬਰਾਬਰ ਕਰ ਦਿੱਤਾ। ਵਰਣ ਵਿਵਸਥਾ ਨੂੰ ਬੇਮਾਅਨੇ ਕਰ ਦਿੱਤਾ, ਇਸਤਰੀ-ਪੁਰਸ਼ ਦੇ ਪਾੜੇ ਨੂੰ ਖਤਮ ਕਰ ਦਿੱਤਾ। ਡਾਕਟਰ ਅੰਬੇਡਕਰ ਨੇ ਹਰ ਬਾਲਗ ਦੇ ਹੱਥ ਅਜਿਹਾ ਹਥਿਆਰ; ਫੜਾ ਦਿੱਤਾ ਕਿ ਉਸ ਨੇ ਅਮੀਰ, ਤਾਕਤਵਰ ਅਤੇ ਹੈਂਕੜਬਾਜ਼ ਜਰਵਾਣਿਆਂ ਨੂੰ ਗਰੀਬਾਂ ਦੀਆਂ ਝੌਂਪੜੀਆਂ ਵਿਚ ਹੱਥ ਜੋੜ ਕੇ ਪ੍ਰਾਰਥੀ ਦੇ ਰੂਪ ਵਿਚ ਵੋਟਾਂ ਮੰਗਣ ਲਈ ਲਿਆ ਖੜ੍ਹਾ ਕੀਤਾ। ਡਾ. ਅੰਬੇਡਕਰ ਦੀਆਂ ਅਨੇਕਾਂ ਦੇਣਾਂ 'ਚੋਂ ਸਭ ਨੂੰ ਵੋਟ ਦਾ ਅਧਿਕਾਰ ਦੇਣਾ ਸਭ ਤੋਂ ਵਿਲੱਖਣ ਅਤੇ ਬੇਜੋੜ ਦੇਣ ਮੰਨੀ ਜਾਂਦੀ ਹੈ। ਅੱਜ ਦੇਸ਼ ਆਜ਼ਾਦ ਹੋਏ ਨੂੰ 72 ਸਾਲ ਹੋ ਚੁੱਕੇ ਹਨ। ਦੇਸ਼ ਨੇ ਇਨ੍ਹਾਂ 72 ਸਾਲਾਂ ਵਿਚ ਅਨੇਕਾਂ ਉਥਲ-ਪੁਥਲ ਦੇਖੇ ਹਨ। ਕਈ ਪਾਰਟੀਆਂ ਦੀਆਂ ਸਰਕਾਰਾਂ ਬਣੀਆਂ, ਚੱਲੀਆਂ ਅਤੇ ਟੁੱਟੀਆਂ। ਜਮਹੂਰੀਅਤ ਦਿਨ-ਬ-ਦਿਨ ਮਜ਼ਬੂਤ ਹੁੰਦੀ ਗਈ। ਐਮਰਜੈਂਸੀ ਵਰਗਾ ਕਾਲਾ ਦੌਰ ਭਾਰਤ ਨੇ ਵੇਖਿਆ। ਵੋਟਰ ਅੱਜ ਪਹਿਲਾਂ ਨਾਲੋਂ ਕਿਤੇ ਵੱਧ ਚੌਕਸ ਅਤੇ ਸਿਆਣਾ ਹੋ ਗਿਆ ਹੈ। ਉਹ ਹੁਣ ਚੰਗੇ ਅ ਤੇ ਮਾੜੇ ਸਿਆਸਤਦਾਨ ਵਿਚ ਫਰਕ ਕਰਨਾ ਜਾਣਦਾ ਹੈ।

ਸੋਸ਼ਲ ਮੀਡੀਆ ਨੇ ਵੋਟਰ ਦੀ ਸੂਝ-ਬੂਝ ਵਿਚ ਬੇਇੰਤਹਾ ਵਾਧਾ ਕੀਤਾ ਹੈ। ਰਾਜਨੀਤੀ ਅੱਜ ਧਰਮ, ਜਾਤੀ, ਫਿਰਕਾਪ੍ਰਸਤੀ, ਖੇਤਰਵਾਦ, ਬੋਲੀ ਅਤੇ ਨਸਲਵਾਦ ਦਾ ਬੁਰੀ ਤਰ੍ਹਾਂ ਸ਼ਿਕਾਰ ਹੋ ਚੁੱਕੀ ਹੈ। ਭਾਰਤ ਵਿਚ ਪਿਛਲੇ ਕੁਝ ਸਾਲਾਂ ਵਿਚ ਨਵੇਂ ਨਵੇਂ ਵਾਦ ਹੋਂਦ ਵਿਚ ਆ ਗਏ ਹਨ। ਗਊ ਰੱਖਿਆ ਦੇ ਨਾਂ 'ਤੇ ਮੁਸਲਮਾਨਾਂ ਅਤੇ ਦਲਿਤਾਂ ਨਾਲ ਕੁੱਟਮਾਰ ਅਤੇ ਕਤਲ ਦੀਆਂ ਘਟਨਾਵਾਂ ਆਮ ਹੋ ਗਈਆਂ ਹਨ, ਜੋ ਹਰ ਭਾਰਤੀ ਨਾਗਰਿਕ ਨੂੰ ਚਿੰਤਤ ਕਰਦੀਆਂ ਹਨ। ਜਬਰ-ਜਨਾਹਾਂ ਵਿਚ ਲਗਾਤਾਰ ਵਾਧਾ ਹੋ ਰਿਹਾ ਹੈ। ਸੁਪਰੀਮ ਕੋਰਟ ਦੇ ਸੀਨੀਅਰ ਜੱਜ ਆਪਣੀ ਗੱਲ ਰੱਖਣ ਲਈ ਮੀਡੀਆ ਦਾ ਸਹਾਰਾ ਲੈਂਦੇ ਹਨ। ਸੋਸ਼ਲ ਮੀਡੀਆ ਨੇ ਵੋਟਰ ਨੂੰ ਅਸਲੀਅਤ ਤੋਂ ਜਾਣੂ ਕਰਵਾਉਣ ਵਿਚ ਅਹਿਮ ਭੂਮਿਕਾ ਨਿਭਾਈ ਹੈ। 2019 ਦੀਆਂ ਲੋਕ ਸਭਾ ਚੋਣਾਂ ਭਾਰਤੀ ਰਾਜਨੀਤੀ ਵਿਚ ਮੀਲ ਪੱਥਰ ਸਾਬਤ ਹੋਣ ਵਾਲੀਆਂ ਹਨ। ਅਰਬਾਂ-ਖਰਬਾਂ ਰੁਪਿਆ ਇਹਨਾਂ ਚੋਣਾਂ 'ਤੇ ਖਰਚ ਆਵੇਗਾ। ਵੋਟਰ ਨੂੰ ਜਾਤ-ਪਾਤ, ਧਰਮ ਆਧਾਰਿਤ ਮੁੱਦਿਆਂ 'ਤੇ ਭੜਕਾ ਕੇ ਫਿਰਕੂ ਰੰਗਤ ਦਿੱਤੀ ਜਾਵੇਗੀ। ਸਮਾਜਿਕ ਤਾਣੇ-ਬਾਣੇ ਨੂੰ ਗੰਧਲਾ ਅਤੇ ਤਹਿਸ-ਨਹਿਸ ਕਰਨ ਦੇ ਯਤਨ ਕੀਤੇ ਜਾਣਗੇ ਕਿਉਂਕਿ ਇਹ ਸਭ ਭੂਤਕਾਲ ਵਿਚ ਹੁੰਦਾ ਰਿਹਾ ਹੈ। ਇਨ੍ਹਾਂ ਬੁਰਾਈਆਂ ਤੋਂ ਬਚਣ ਲਈ ਦੇਸ਼ ਹਿੱਤ ਵਿਚ ਵੋਟਰ ਨੂੰ ਕੂੜ ਪ੍ਰਚਾਰ ਤੋਂ ਬਚਣਾ ਹੋਵੇਗਾ। ਟੈਕਨਾਲੌਜੀ ਦੇ ਇਸ ਯੁੱਗ ਵਿਚ ਜਦੋਂ ਵਟ-ਸਐਪ, ਫੇਸਬੁੱਕ, ਟਵਿੱਟਰ, ਟੀ. ਵੀ. ਅਤੇ ਹੋਰ ਸਾਧਨਾਂ ਦੀ ਸਹੀ ਅਤੇ ਗਲਤ ਵਰਤੋਂ ਕੀਤੀ ਜਾਵੇਗੀ ਤਾਂ ਵੋਟਰ ਲਈ ਪਰਖ ਦੀ ਘੜੀ ਹੋਣ ਵਾਲੀ ਹੈ। ਵੋਟਰ ਨੂੰ ਇਨ੍ਹਾਂ ਚੋਣਾਂ ਵਿਚ ਸ਼ਾਂਤ ਰਹਿ ਕੇ ਆਪਣੀ ਸੋਝੀ ਦੀ ਵਰਤੋਂ ਕਰਨੀ ਹੋਵੇਗੀ ਅਤੇ ਸਹੀ ਉਮੀਦਵਾਰ ਦੀ ਚੋਣ ਕਰਨੀ ਹੋਵੇਗੀ।

ਕਿਹਾ ਜਾਂਦਾ ਹੈ ਕਿ ਮਾੜੀ ਸਰਕਾਰ ਵਿਚ ਮਾੜੇ ਨੇਤਾਵਾਂ ਦੀ ਹੋਂਦ ਚੰਗੇ ਲੋਕਾਂ ਦੀ ਚੁੱਪ ਕਾਰਨ ਹੁੰਦੀ ਹੈ, ਜੋ ਚੰਗੇ ਲੋਕਾਂ ਨੂੰ ਚੁਣਨ ਲਈ ਅੱਗੇ ਨਹੀਂ ਆਉਂਦੇ। ਉਹ ਇਹ ਕਹਿ ਕੇ ਹੀ ਪਾਉਣ ਨਹੀਂ ਜਾਂਦੇ ਕਿ ਸਾਰੇ ਇਕੋ ਥੈਲੀ ਦੇ ਚੱਟੇ-ਵੱਟੇ ਹਨ। ਵੋਟਾਂ ਭਾਵੇਂ ਘੱਟ ਪੈਣ ਜਾਂ ਵੱਧ ਜਿੱਤ ਤਾਂ ਹੋਣੀ ਹੀ ਹੁੰਦੀ ਹੈ, ਜਿਸ ਵਿਚ ਦਾਗੀਆਂ ਦਾ ਤੁੱਕਾ ਲੱਗ ਜਾਂਦਾ ਹੈ। ਜੇ ਚੰਗੇ ਲੋਕ ਵੋਟ ਜਰੂਰ ਪਾਉਣ ਪਰ ਸਹੀ ਉਮੀਦਵਾਰ ਨੂੰ ਤਾਂ ਲੋਕਤੰਤਰ ਸਫਲ ਸਿੱਧ ਹੋ ਸਕੇਗਾ। ਆਓ! ਦੇਸ਼ ਦੇ ਸੰਵਿਧਾਨ ਨੂੰ ਬਚਾਉਣ ਲਈ ਅਤੇ ਚੰਗੀ ਸਰਕਾਰ ਬਣਾਉਣ ਲਈ ਹੁਣ ਤੋਂ ਹੀ ਲਾਮਬੰਦ ਹੋ ਜਾਈਏ। ਹਰ ਪੜ੍ਹੇ-ਲਿਖੇ ਵਿਅਕਤੀ ਦਾ ਸਿਆਸੀ ਹੋਣਾ ਲਾਜ਼ਮੀ ਹੈ। ਦੋ ਤਰ੍ਹਾਂ ਦੇ ਵਿਅਕਤੀ ਗੈਰ ਸਿਆਸੀ ਹੁੰਦੇ ਹਨ, ਇਕ ਖੁਦਗਰਜ਼ ਅਤੇ ਇਕ ਬੇਗੈਰਤ। ਖੁਦਗਰਜ਼ ਉਹ ਵਿਅਕਤੀ ਹੁੰਦਾ ਹੈ ਜਿਸ ਨੂੰ ਚੜ੍ਹੀ-ਲੱਥੀ ਦਾ ਕੋਈ ਫਰਕ ਨਾ ਹੋਵੇ ਅਤੇ ਉਹ ਸਿਰਫ ਆਪਣਾ ਲਾਭ ਹੀ ਸੋਚਦਾ ਰਹੇ। ਦੂਸਰਾ ਬੇਗੈਰਤ ਵਿਅਕਤੀ ਗੁਲਾਮਾਂ ਵਾਂਗ ਹੁੰਦਾ ਹੈ ਜਿਸ ਦੇ ਸਾਹਮਣੇ ਦੇਸ਼-ਸਮਾਜ ਭਾਵੇਂ ਢੱਠੇ ਖੂਹ ਵਿਚ ਪਵੇ, ਉਸ ਨੂੰ ਕੋਈ ਪਰਵਾਹ ਨਹੀਂ ਹੁੰਦੀ। ਜੇਕਰ ਤੁਸੀਂ ਗੈਰਤਮੰਦ ਹੋ, ਜੇ ਤੁਸੀਂ ਖੁਦਗਰਜ਼ ਨਹੀਂ ਹੋ ਤਾਂ ਸਿਆਸੀ ਹੋਣਾ ਤੁਹਾਡਾ ਪਹਿਲਾ ਫਰਜ਼ ਹੈ।

# ਅਧਿਆਪਕਾਂ ਦੀਆਂ ਬਦਲੀਆਂ ਲਈ ਠੋਸ ਨੀਤੀ ਕਿਉਂ ਨਹੀਂ?



ਮੇਜਰ ਸਿੰਘ ਨਾਭਾ
91-94635-53962

ਸਿੱਖਿਆ ਵਿਭਾਗ ਅੰਦਰ ਨਵੇਂ ਅਧਿਆਪਕਾਂ ਨੂੰ ਅਕਸਰ ਉਨ੍ਹਾਂ ਦੀ ਰਿਹਾਇਸ਼ ਤੋਂ ਦੂਰ ਸਟੇਸ਼ਨ ਅਲਾਟ ਕੀਤੇ ਜਾਂਦੇ ਹਨ ਭਾਵੇਂ ਕਈ ਕਿਸਮ ਦੇ ਤਰਕ ਜਿਵੇਂ ਬਾਰਡਰ ਏਰੀਆ, ਪੱਛੜੇ ਏਰੀਆ ਦੀ ਗੱਲ ਕਰਕੇ ਆਪਣੇ ਫੈਸ਼ਲੇ ਨੂੰ ਦਰੁਸ਼ਤ ਦਿਖਾਉਣ ਦੀ ਕੋਸ਼ਿਸ਼ ਕੀਤੀ ਜਾਂਦੀ ਹੈ ਪਰ ਇਸ ਦਾ ਭਾਂਡਾ ਫੁੱਟਦਾ ਛੇਤੀ ਹੀ ਨਜ਼ਰ ਆ ਜਾਂਦਾ ਹੈ। ਸਿੱਖਿਆ ਵਿਭਾਗ ਵਿੱਚ ਪਿਛਲੀ ਸਰਕਾਰ ਨੇ ਜਾਂਦੇ ਜਾਂਦੇ ਅਧਿਆਪਕਾਂ ਦੀ ਭਰਤੀ ਪਹਿਲਾਂ ਤਾਂ ਦੂਰ ਜਿਲ੍ਹਿਆਂ ਵਿੱਚ ਕਰ ਦਿੱਤੀ ਤੇ ਵੋਟਾਂ ਤੋਂ ਪਹਿਲਾਂ ਥੋਕ 'ਚ ਉਨ੍ਹਾਂ ਅਧਿਆਪਕਾਂ ਦੀਆਂ ਬਦਲੀਆਂ ਪੜ੍ਹਾਈ ਦੇ ਦਿਨਾਂ ਵਿੱਚ ਹੀ ਕਰ ਦਿੱਤੀਆਂ।ਕੀ ਇਹ ਨੀਤੀ ਸਿੱਖਿਆ ਸੁਧਾਰ ਦੀ ਗੱਲ ਕਰਦੀ ਦਿਖਾਈ ਦਿੰਦੀ ਹੈ।ਬਦਲੀ ਕਾਰਣ ਕੋਈ ਸਕੂਲ ਖਾਲੀ ਹੁੰਦਾ ਹੋਵੇ, ਕੋਈ ਸਰਪਲੱਸ ਹੋਵੇ ਇਸ ਦਾ ਸਰਕਾਰ ਤੇ ਕੋਈ ਅਸਰ ਹੀ ਨਹੀਂ ।ਹਰੇਕ ਸਾਲ ਸਰਕਾਰ / ਸਿੱਖਿਆ ਮੰਤਰੀ ਬਦਲੀਆਂ ਨਵਾਂ ਸ਼ੈਸ਼ਨ ਸੁਰੂ ਹੋਣ ਤੋਂ ਪਹਿਲਾਂ ਕਰਨ ਦੀ ਗੱਲ ਕਰਦੇ ਰਹੇ ਹਨ ਪਰ ਇੰਝ ਕਦੇ ਹੋਇਆ ਨਹੀਂ।ਨਵੀਂ ਬਣੀ ਸਰਕਾਰ ਵਲੋਂ ਵੀ ਪਿਛਲੇ ਸਾਲ ਬਦਲੀਆਂ ਸਾਲ ਦੇ ਅਖੀਰ ਵਿੱਚ ਧੜਾ ਧੜ ਕਰ ਦਿੱਤੀਆਂ ਗਈਆਂ, ਬੱਚਿਆਂ ਦੀ ਪੜ੍ਹਾਈ ਦਾ ਕੋਈ ਧਿਆਨ ਨਹੀਂ ਰੱਖਿਆ ਗਿਆ। ਇਹ ਵਿਸ਼ਾ ਅਧਿਆਪਕਾਂ ਵਿੱਚ ਚਰਚਾ ਦਾ ਰਿਹਾ ਅਤੇ ਅਧਿਆਪਕ ਯੂਨੀਅਨਾਂ ਨੇ ਇਸ ਦਾ ਵਿਰੋਧ ਵੀ ਕੀਤਾ। ਮੰਤਰੀ ਦੇ ਇਹੋ ਜਿਹੇ ਸਿੱਖਿਆ ਵਿਰੋਧੀ ਫੈਸ਼ਲਿਆਂ ਕਾਰਣ ਉਸ ਦਾ ਮਹਿਕਮਾ ਬਦਲਣਾ ਪਿਆ ਅਤੇ ਨਵੇਂ ਸਿੱਖਿਆ ਮੰਤਰੀ ਨੇ ਵੀ ਬਦਲੀਆਂ ਬਿਨ੍ਹਾਂ ਕਿਸੇ ਪਾਲਿਸੀ ਦੇ ਕਰਨੀਆਂ ਜਾਰੀ ਰੱਖੀਆਂ ਹੋਈਆਂ ਹਨ ਅਤੇ ਹੁਣ ਤਾਜ਼ਾ ਫੈਸ਼ਲੇ ਮੁਤਾਬਕ ਵਿਧਾਇਕਾਂ ਦੁਆਰਾ ਅਰਜ਼ੀਆਂ ਲੈਕੇ ਬਦਲੀਆਂ ਲੋਕ ਹਿੱਤ/ਪ੍ਰਬੰਧਕੀ ਹਿੱਤਾਂ ਕਰਕੇ ਕਰਨ ਦਾ ਨਵਾਂ ਰੁਝਾਨ ਪੈਦਾ ਕਰ ਦਿੱਤਾ ਹੈ।ਕੀ ਇੱਕੋ ਪੋਸਟ ਤੇ ਕੰਮ ਕਰਨ ਵਾਲੇ ਅਧਿਆਪਕ ਦੀ ਬਦਲੀ ਕਰਨ ਨਾਲ ਉਸ ਵਿਸ਼ੇ ਦੀ ਵਿਦਿਆਰਥੀਆਂ ਦੀ ਪੜ੍ਹਾਈ ਖਰਾਬ ਨਹੀਂ ਹੋਵੇਗੀ ?ਕੀ ਇਹ ਲੋਕ ਹਿੱਤ ਜਾਂ ਪ੍ਰਬੰਧਕੀ ਹਿੱਤ ਹੋ ਸਕਦਾ ਹੈ।ਇਨ੍ਹਾਂ ਬਦਲੀਆਂ'ਚ ਇਸ ਤਰ੍ਹਾਂ ਵੀ ਹੋਇਆ ਹੈ। ਕੀ ਨਵ ਵਿਵਾਹਤ ,ਕੁਆਰੀਆਂ,ਅਪੰਗ,ਵਿਧਵਾ ਅਧਿਆਪਕਾਂ ਲਈ ਸਰਕਾਰ ਦੀ ਕੋਈ ਹਮਦਰਦੀ ਨਹੀਂ ? ਇਸ ਵਾਰ ਤਾਂ ਸਿੱਖਿਆ ਵਿਭਾਗ ਨੇ ਅਰਜ਼ੀਆਂ ਮੰਗਣ ਦੀ ਗੱਲ ਹੀ ਨਹੀਂ ਕੀਤੀ ਸਗੋਂ ਸਿੱਖਿਆ ਵਿਭਾਗ ਵਿੱਚ ਸਿਆਸਤ ਨੂੰ ਸਿੱਧਾ ਹੀ ਵਾੜ ਦਿੱਤਾ ਹੈ। ਸਿਫਾਰਸ਼ਾਂ ਨਾਲ ਤਾਂ ਪਹਿਲਾਂ ਵੀ ਬਦਲੀਆਂ ਹੁੰਦੀਆਂ ਆਈਆਂ ਹਨ ਪਰ ਵਿਭਾਗ ਵਲੋਂ ਅਰਜ਼ੀਆਂ ਤਾਂ ਲਈਆਂ ਜਾਂਦੀਆਂ ਸਨ।ਜਿਹੜੇ ਅਧਿਆਪਕਾਂ ਦੀ ਹਲਕਾ ਵਿਧਾਇਕ ਜਾਂ ਕਿਸੇ ਮੰਤਰੀ ਤੱਕ ਪਹੁੰਚ ਨਹੀਂ ਉਹ ਇਸ ਬਦਲੀਆਂ ਦੀ ਦੌੜ 'ਚੋਂ ਬਾਹਰ ਹੋਣ ਲਈ ਮਜਬੂਰ ਹੋ ਗਏ ਹਨ। ਵਿਚੋਲੇ ਮੋਟੀਆਂ ਰਕਮਾਂ ਲੈ ਕੇ ਬਦਲੀਆਂ ਕਰਾਉਣ ਦਾ ਧੰਦਾ ਕਰ ਰਹੇ ਹਨ। ਕੀ ਇਹ ਸਾਡੇ ਲੋਕਤੰਤਰ ਸਿਸਟਮ ਤੇ ਧੱਬਾ ਤਾਂ ਨਹੀਂ ਲੱਗ ਰਿਹਾ? ਮੁਲਾਜ਼ਮਾਂ ਨੂੰ ਸਿਅਸਤ ਨਾਲ ਜੋੜਨ ਦੀ ਇਹ ਕੋਝੀ ਚਾਲ ਲੱਗਦੀ ਹੈ। ਸਹੀ ਮਾਅਨਿਆਂ 'ਚ ਜੇਕਰ ਸਰਕਾਰ ਲੋਕਾਂ ਦੇ ਹਿੱਤਾਂ ਦੀ ਗੱਲ ਕਰਦੀ ਹੈ ਤਾਂ ਇਸ ਨਾਲ ਲੋਕ ਖੁਸ਼ ਹੋਣਗੇ ਨਾ ਕਿ ਇਸ ਤਰ੍ਹਾਂ ਭ੍ਰਿਸ਼ਟਾਚਾਰ ਨੂੰ ਉਤਸ਼ਾਹਿਤ ਕਰਕੇ।

ਬਦਲੀਆਂ ਸਮੇਂ ਕਈਆਂ ਨਾਲ ਧੱਕਾ ਵੀ ਹੋ ਜਾਂਦਾ ਹੈ। ਮੇਰਾ ਦੋਸਤ ਬਦਲੀਆਂ ਤੋਂ ਪਹਿਲਾਂ ਹੀ ਬਦਲੀ ਕਰਵਾ ਗਿਆ। ਸਥਾਨਕ ਵਿਧਾਇਕ ਜੋ ਕਿ ਮੰਤਰੀ ਸੀ ਨੇ ਸਿਫਾਰਸ਼ ਕਰਕੇ ਉਸਦੀ ਬਦਲੀ ਰੱਦ ਕਰਵਾ ਕੇ ਕਿਸੇ ਨਜਦੀਕੀ ਦੇ ਆਰਡਰ ਕਰਵਾ ਦਿੱਤੇ । ਮੇਰੇ ਦੋਸਤ ਦਾ ਪਿਛਲਾ ਸਟੇਸ਼ਨ ਕਿਸੇ ਹੋਰ ਦੀ ਬਦਲੀ ਕਾਰਣ ਭਰ ਗਿਆ। ਇਸ ਕਰਕੇ ਦੋਸਤ ਨੂੰ ਜਿਲ੍ਹੇ ਦੇ ਦੂਰ ਸਟੇਸ਼ਨ ਤੇ ਆਰਡਰ ਕਰ ਦਿੱਤੇ ਅਤੇ ਵਿਸ਼ੇਸ ਕਥਨ ਵਿੱਚ 'ਬਦਲੀ ਰੱਦ ਕੀਤੀ ਜਾਂਦੀ ਹੈ' ਲਿੱਖ ਦਿੱਤਾ।ਰੱਦ ਦਾ ਅਰਥ ਹੁੰਦਾ ਵਾਪਸ ਉਸੇ ਸਟੇਸ਼ਨ ਤੇ ਜਾਣਾ। ਬਦਲੀਆਂ ਦਾ ਆਧਾਰ ਵੀ 'ਪ੍ਰਤੀ ਬੇਨਤੀ ਅਨੁਸਾਰ' ਸੀ।ਪਰ ਦੋਸਤ ਨੇ ਤਾਂ ਕੋਈ ਪ੍ਰਤੀ ਬੇਨਤੀ ਕੀਤੀ ਨਹੀਂ ਸੀ ਦੂਸਰਾ ਬਦਲੀ ਰੱਦ ਕਰਕੇ ਦੂਰ ਹੋਰ ਸਟੇਸ਼ਨ ਤੇ ਭੇਜ ਦਿੱਤਾ।

ਇਨ੍ਹਾਂ ਨੁਕਤਿਆਂ ਕਰਕੇ ਉਸ ਨੇ ਕੋਰਟ ਕੇਸ਼ ਕਰ ਦਿੱਤਾ ਪਹਿਲੀ ਪੇਸ਼ੀ ਤੇ ਹੀ ਵਿਭਾਗ ਨੂੰ ਝੁਕਣਾ ਪਿਆ ਤੇ ਬਦਲੀ ਵਾਲੀ ਥਾਂ ਤੇ ਦੁਆਰਾ ਹਾਜ਼ਰ ਕਰਾਉਣਾ ਪਿਆ। ਇਹੋ ਜਿਹੇ ਧੱਕੇ ਕਈ ਵਾਰੀ ਹੁੰਦੇ ਰਹਿੰਦੇ ਹਨ ਜੋ ਕਿ ਮਾੜੀ ਗੱਲ ਹੈ। ਆਮ ਅਧਿਆਪਕ ਦੇ ਲਈ ਬਦਲੀ ਕਰਾਉਣਾ ਅੱਜ ਦੇ ਮਾਹੌਲ ਵਿੱਚ ਕੋਈ ਸੌਖੀ ਗੱਲ ਨਹੀਂ।

ਜੇਕਰ ਸਿੱਖਿਆ ਵਿਭਾਗ ਸੱਚਮੁੱਚ ਸੁਧਾਰਾਂ ਦੀ ਗੱਲ ਕਰਦਾ ਹੈ ਤਾਂ ਬਦਲੀਆਂ ਦੀ ਠੋਸ ਨੀਤੀ ਬਣਾ ਕੇ ਨਵੇਂ ਸ਼ੈਸ਼ਨ ਤੋਂ ਪਹਿਲਾਂ ਅਰਜ਼ੀਆਂ ਲੈ ਕੇ ਮਾਰਚ ਦੇ ਆਖਰੀ ਹਫਤੇ ਬਦਲੀਆਂ ਦੀ ਲਿਸਟ ਜਾਰੀ ਕਰਕੇ ਇੱਕ ਅਪ੍ਰੈਲ ਨੂੰ ਨਵੇਂ ਸਟੇਸ਼ਨਾਂ ਤੇ ਅਧਿਆਪਕਾਂ ਨੂੰ ਹਾਜ਼ਰ ਕਰਵਾ ਦਿੱਤਾ ਜਾਵੇ। ਕਈ ਵਾਰੀ ਇੱਕ ਸਟੇਸ਼ਨ ਤੇ ਦੋ ਦੋ ਬਦਲੀਆਂ ਕਰ ਦਿੱਤੀਆਂ ਜਾਦੀਆਂ ਹਨ ਤੇ ਕਈ ਵਾਰੀ ਪੋਸਟ ਖਾਲੀ ਨਹੀਂ ਹੁੰਦੀ ਉਥੇ, ਕਈ ਵਾਰੀ ਸਰਪਲੱਸ ਪੋਸਟ ਤੇ ਬਦਲੀ ਕਰ ਦਿੱਤੀ ਜਾਂਦੀ ਹੈ, ਤੇ ਕਈ ਵਾਰੀ ਨਾਵਾਂ 'ਚ ਗਲਤੀਆਂ ਰਹਿ ਜਾਂਦੀਆਂ ਹਨ, ਜਿਸ ਨਾਲ ਅਧਿਆਪਕਾਂ ਨੂੰ ਖਜ਼ਲ ਖੁਆਰੀ ਹੁੰਦੀ ਹੈ।ਇਹੋ ਜਿਹਾ ਹੁਣ ਕਿਉਂ ਹੁੰਦਾ ਹੈ ਜਦੋਂ ਕਿ ਸਾਰੇ ਪੋਸਟਾਂ ਦੇ ਸਹੀ ਵੇਰਵੇ ਸਕੂਲਾਂ ਵਲੋਂ ਤੁਰੰਤ ਈ- ਮੇਲ ਤੇ ਭੇਜੇ ਜਾਂਦੇ ਹਨ।ਇਸ ਲਈ ਇਹ ਕੰਮ ਪੂਰੇ ਧਿਆਨ ਨਾਲ ਕਰਵਾਇਆ ਜਾਵੇ ਤਾਂ ਕਿ ਵਾਧੂ ਉਲਝਣਾਂ ਤੋਂ ਬਚਿਆ ਜਾ ਸਕੇ।ਇਸ ਤਰ੍ਹਾਂ ਬੱਚਿਆਂ ਦੀ ਪੜ੍ਹਾਈ ਵੀ ਖਰਾਬ ਨਹੀਂ ਹੋਵੇਗੀ। ਸ਼ਹਿਰੀ ਸਟੇਸ਼ਨਾਂ ਲਈ ਵੀ ਸਾਰੇ ਅਧਿਆਪਕਾਂ ਲਈ ਮੌਕੇ ਇੱਕੋ ਕਸ਼ਵੱਟੀ ਤੇ ਪਰਖਦਿਆਂ ਦਿੱਤੇ ਜਾਣ।ਅਧਿਆਪਕਾਂ ਦੇ ਮਨੋਬਲ ਨੂੰ ਉੱਚਾ ਚੁੱਕਣ ਲਈ ਬਦਲੀਆਂ ਦੀ ਨੀਤੀ ਨੂੰ ਸਿਆਸੀ ਰੰਗਤ ਤੋਂ ਦੂਰ ਰੱਖ ਕੇ ਸਖਤੀ ਨਾਲ ਲਾਗੂ ਕੀਤਾ ਜਾਵੇ ਤਾਂ ਜੋ ਹਰੇਕ ਨੂੰ ਬਦਲੀ ਕਰਾਉਣ ਦਾ ਮੌਕਾ ਮਿਲ ਸਕੇ। ਪਰ ਪਹੁੰਚ ਵਾਲੇ ਅਧਿਆਪਕ ਤਾਂ ਕਈ ਕਈ ਵਾਰੀ ਬਦਲੀ ਕਰਵਾ ਕੇ ਬਿਲਕੁਲ ਨੇੜੇ ਆ ਜਾਂਦੇ ਹਨ ਕਈ ਵਿਚਾਰੇ ਸਾਰੀ ਸਰਵਿਸ ਦੌਰਾਣ ਘਰ ਨੇੜੇ ਨਹੀਂ ਆ ਸਕਦੇ। ਸਿੱਖਿਆ ਵਿਭਾਗ ਅੰਦਰ ਬਦਲੀਆਂ ਲਈ ਠੋਸ ਨੀਤੀ ਅਪਣਾਉਣ ਦੀ ਲੌੜ ਹੈ ਤਾਂ ਕਿ ਸਿੱਖਿਆ ਦੇ ਸੁਧਾਰ ਦੀ ਗੱਲ ਨੂੰ ਅਮਲੀ ਜਾਮਾ ਪਹਿਣਾਇਆ ਜਾ ਸਕੇ।

# ਅਸਲ ਸਨਿਆਸੀ ਕੌਣ ਹੈ



ਅਮਨਪ੍ਰੀਤ ਸਿੰਘ
91-76588-19651

ਜੋ ਭਗਵੇਂ ਕਪੜੇ ਪਾ ਕੇ ਗਲੀ ਗਲੀ ਫਿਰਦੇ ਹਨ, ਕੀ ਉਹ ਸਹੀ ਸਨਿਆਸੀ ਹਨ? ਜੋ ਆਪਣਾ ਘਰ ਬਾਰ ਛੱਡ ਕੇ ਜੰਗਲਾਂ ਵਿੱਚ ਨਿਕਲ ਜਾਂਦੇ ਹਨ, ਕੀ ਉਹ ਸਹੀ ਸਨਿਆਸੀ ਹਨ? ਜੋ ਕਿਧਰੇ ਨਹੀਂ ਜਾਂਦੇ, ਆਪਣੇ ਗ੍ਰਹਿਸਥ ਜੀਵਨ ਵਿੱਚ ਹੀ ਰੱਬ ਨੂੰ ਲੱਭਣ ਦੀ ਕੋਸ਼ਿਸ਼ ਕਰਦੇ ਹਨ, ਕੀ ਉਹ ਸਹੀ ਸਨਿਆਸੀ ਹਨ? ਆਖਿਰ ਸਹੀ ਸਨਿਆਸੀ ਹੈ ਕੌਣ?

ਅਸਲ ਵਿੱਚ ਸਹੀ ਸਨਿਆਸੀ ਕੋਈ ਵੀ ਹੋ ਸਕਦਾ ਹੈ। ਸਹੀ ਸਨਿਆਸੀ ਭਗਵੇਂ ਕਪੜਿਆਂ ਵਿੱਚ ਵੀ ਹੋ ਸਕਦਾ ਹੈ । ਸਹੀ ਸਨਿਆਸੀ ਚਮਕੀਲੀ ਜੈਕਟ ਵਿੱਚ ਵੀ ਹੋ ਸਕਦਾ ਹੈ। ਸਹੀ ਸਨਿਆਸੀ ਇਕ ਵਪਾਰੀ ਵੀ ਹੋ ਸਕਦਾ ਹੈ, ਸਹੀ ਸਨਿਆਸੀ ਇੱਕ ਨੌਕਰੀ ਪੇਸ਼ੇ ਵਾਲਾ ਵੀ ਹੋ ਸਕਦਾ ਹੈ । ਸਹੀ ਸਨਿਆਸੀ ਘਰ ਵਿੱਚ ਰਹਿਣ ਵਾਲਾ ਵੀ ਹੋ ਸਕਦਾ ਹੈ। ਸਹੀ ਸਨਿਆਸੀ ਜੰਗਲਾਂ ਵਿੱਚ ਰਹਿਣ ਵਾਲਾ ਵੀ ਹੋ ਸਕਦਾ ਹੈ। ਅਸਲ ਵਿੱਚ ਗੱਲ ਇਹ ਨਹੀਂ ਹੁੰਦੀ ਕਿ ਉਹ ਪਹਿਨਦਾ ਕੀ ਹੈ ਅਤੇ ਰਹਿੰਦਾ ਕੀ ਹੈ ਯਾ ਉਹ ਕਰਦਾ ਕੀ ਹੈ। ਗੱਲ ਸਿਰਫ ਇੰਨ੍ਹੀ ਹੀ ਹੁੰਦੀ ਹੈ ਕਿ ਉਹ ਮਾਨਸਿਕ ਤੌਰ ਤੇ ਸਨਿਆਸੀ ਹੈ ਯਾ ਨਹੀਂ । ਕੀ ਉਹ ਆਪਣੇ ਮਨ ਤੋਂ ਪਰ੍ਹੇ ਹੋ ਕੇ ਸੋਚ ਸਕਦਾ ਹੈ ਯਾ ਨਹੀਂ ? ਕੀ ਉਸਦੇ ਵਿਚਾਰਾਂ ਵਿੱਚ ਮੌਲਿਕਤਾ ਹੈ ਯਾ ਨਹੀਂ? ਕੀ ਉਹ ਜ਼ਿੰਦਗੀ ਨੂੰ ਕੁਝ ਇਸ ਤਰਾਂ ਦੇਖ ਸਕਦਾ ਹੈ ਜਿਸ ਤਰ੍ਹਾਂ ਇੱਕ ਆਮ ਆਦਮੀ ਨਹੀਂ ਦੇਖ ਸਕਦਾ?

ਕੀ ਉਸਦੇ ਵਿਚਾਰਾਂ ਤੋਂ ਜ਼ਿੰਦਗੀ ਸਰਲ ਨਜ਼ਰ ਆਉਂਦੀ ਹੈ ਯਾ ਔਖੀ? ਕੀ ਉਸਦੇ ਜੀਵਨ ਵਿੱਚੋਂ ਖੁਸ਼ੀ ਦੀ ਮਹਕ ਆਉਂਦੀ ਹੈਂ? ਕੀ ਉਹ ਸੱਭ ਤੋਂ ਨਿਰਾਲਾ ਹੈ? ਕੀ ਉਸਦੇ ਵਿਚਾਰਾਂ ਨਾਲ ਜ਼ਿੰਦਗੀ ਸਰਲ ਬਣਦੀ ਹੈ ਯਾ ਫਿਰ ਔਖੀ? ਕੀ ਉਸਦੇ ਸੰਪਰਕ ਵਿੱਚ ਆਉਣ ਨਾਲ ਤੁਹਾਡੇ ਵਿੱਚ ਚੰਗੀ ਊਰਜਾ ਪੈਦਾ ਹੁੰਦੀ ਹੈ? ਇਹੋ ਜਿਹੇ ਸਵਾਲਾਂ ਦੇ ਜਵਾਬ ਤੋਂ ਹੀ ਪਤਾ ਲਗਦਾ ਹੈ ਕਿ ਅਸਲ ਵਿੱਚ ਕੋਈ ਇਨਸਾਨ ਸਨਿਆਸੀ ਹੈ ਯਾ ਨਹੀਂ। ਅਸਲ ਵਿੱਚ ਇਹ ਗੱਲਾਂ ਬਹੁਤ ਲੰਬੀਆਂ ਹਨ, ਤਿੰਨ-ਸੌ ਸ਼ਬਦਾਂ ਵਿੱਚ ਗੱਲ ਨਬੇੜਨੀ ਬਹੁਤ ਔਖੀ ਹੈ। ਪਰ ਜੇ ਤੁਸੀਂ ਇਹਨਾਂ ਸਵਾਲਾਂ ਨੂੰ ਗੰਭੀਰਤਾ ਨਾਲ ਸੋਚੋਂਗੇ, ਤਾਂ ਸੱਚਾਈ ਆਪਣੇ ਆਪ ਤੁਹਾਡੇ ਸਾਹਮਣੇ ਸ਼ੀਸ਼ੇ ਦੀ ਤਰ੍ਹਾਂ ਸਾਫ਼ ਹੋ ਜਾਏਗੀ ।

ਸੋਹੰ

ਹਰਿ

# SHRI GURU RAVIDASS SABHA (CA)

2150 Crestview Drive, Pittsburg CA 94565

Tel : (925) 439-2355

## Programs at Sri Guru Ravidass Temple Pittsburg in September - October 2018

Guru PiariSadhSangatJi,
Devoted families are requesting entire Sangat to attend the following functions:

**September 16, 2018**
**Parkash Diwas Guru Granth Sahib Ji ,**
**Sewa by Bhai Kashmiri Bhatia and Kamaljit Bhatia**

Parkash Diwas Guru Granth Sahib Ji was on September 10, 2018 but it will be celebrated on September 16, 2018. Guru Arjan Dev ji completed the Aad Granth in1604 and first Parkas were done at Sri Harmandir Sahib (Amritsar). Bhai Kashmiri Bhatia and Bibi Kamaljit Bhatia will host Sri Sukhmani Sahib Path and Langar Sewa

**September 23, 2018**
**Sukhmani Sahib Path and Langar Sewa by Sewadars (Board members 2018-2019)**

Sri Sukhmani Sahib Path and Langar Sewa will be hosted by Gurughar Sewadars for Sukh Shanti and Chardi Kala of entire Sangat. May Waheguru shower HIS blessing on entire Sangat.

**September 30, 2018**
**Sehaj Path and Langar Sewa by Giani Ompal Singh and Giani Gurnam Singh**

Sri Sehaj Path and Langar Sewa will be hosted by hosted by Giani Ompal Singh and Giani Gurnam Singh for Sukh Shanti and Chardi Kala of their family. May Waheguru keep family in Chardi kala.

**October 5-6-7, 2018**
**78th Barsi of Hazoor Shri Nabh Kanwal Raja Sahib**

The blessed and dedicated families are conducting the three days service of Akhand Path Sahib and Langar Sewa in the loving memories of Braham Giani Bhagwan Dass "Raja Sahib" on the occasion of his 78th Barsi. The Akhand Path will start at 10:00 AM on Friday, October 5 and conclude on Sunday, October 7, 2018. Prominent Kirtani Jathas are also coming to delight SANGAT with their melodious KIRTAN. May Akal Purakh bless HIS devotees.

**October 14, 2018, Sukhmani Sahib Path and Langar Sewa by Gurughar*****

**October 21, 2018, Sukhmani Sahib Path and Langar Sewa by Gurughar*****

**October 28, 2018**
**Sri Sukhmani Sahib Path and Langar Sewa by Harjit Singh Rattu & Saroj Rattu**

Sri Sukhmani Sahib Path and Langar Sewa will be hosted by Harjit Singh Rattu and Saroj Rattu in celebration of their daughter (Granddaughter of Bhai Harbans Rattu and Bibi Gyan Rattu) Neha Rattu's 5th Birthday. May Waheguru bless Neha Rattu with happy healthy and long life.

| Sangat Sewadars | Chairman | President | General Secretary | Treasurer |
|---|---|---|---|---|
| | Ramesh Suman | Kashmiri Bhatia | Dilbag Singh | Vinod Kumar |

# SKY TRANSPORT SOLUTIONS

STRIVE FOR MORE



ਟਰੱਕਾਂ ਵਾਲਿਆਂ ਵੀਰਾਂ ਦੇ ਲਈ
ਸਕਾਈ ਟਰਾਂਸਪੋਰਟ ਸਾਲਿਊਸ਼ਨ
ਦੀਆਂ ਵਿਸ਼ੇਸ਼ ਸੇਵਾਵਾਂ

WE PROVIDE ALL TRUCKING RELATED PERMITS AND SERVICES

SPECIAL BIT INSPECTION AND DOT AUDIT COMPLIANCE:

ICC, DOT, IFTA, IRP Plates, PERMITS, NYP, KYU, OR, Canada Permit, CORPORATION AND LLC FILLING SERVICES, 2290, PTI, Trailer plates.

NOTORY PUBLIC SERVICES.
ON THE SPOT VIN VERIFICATION SERVICES.
DOT OUT OF SERVICES??
AUTHORIZED IRS E- FILE PROVIDER.
WE HAVE COMPLETE SOLUTIONS FOR OUT OF SERVICE DOT.

SPECIAL DOT COMPLIANCE FOR SAFETY, AUDITS AND RECORD KEEPING.

PLEASE CONTACT US FOR MORE INFORMATION

PHONE: 209-855-6938, FAX: 209-762-6540

Email: skytransportsolution@gmail.com

Give us a chance to provide you best services

2680 N TRACY BLVD, SUITE 4, TRACY, CA 95376

# ਲੋਕਤੰਤਰ ਅਲਾਮਤਾਂ ਤੋਂ ਮੁਕਤ ਕਿਵੇਂ ਹੋਵੇ

ਅੰਗ-ਸੰਗ



ਸ਼ਾਮ ਸਿੰਘ
98141-13338

**ਅਨਪੜ੍ਹਤਾ ਕਾਰਨ ਲੋਕਾਂ ਨੂੰ ਇਹ ਪਤਾ ਹੀ ਨਹੀਂ ਲੱਗਦਾ ਕਿ ਲੋਕਤੰਤਰ ਕਿਸ ਬਲਾਅ ਦਾ ਨਾਂਅ ਹੈ ਅਤੇ ਇਹ ਉਨ੍ਹਾਂ ਵਾਸਤੇ ਕੀ ਕਰਨ ਲੱਗ ਪਵੇਗਾ। ਉਹ ਇਹ ਵੀ ਨਹੀਂ ਜਾਣਦੇ ਕਿ ਇਹ ਲੋਕਾਂ ਦੀ, ਲੋਕਾਂ ਦੁਆਰਾ ਲੋਕਾਂ ਵਾਸਤੇ ਅਜਿਹੀ ਰਾਜ ਪ੍ਰਬੰਧ ਪ੍ਰਣਾਲੀ ਹੈ, ਜਿਸ ਦੇ ਉਹ ਸਿੱਧੇ ਤੌਰ 'ਤੇ ਭਾਈਵਾਲ ਵੀ ਹਨ, ਲਾਹੇਵਾਲ ਵੀ। ਇਸ ਦਾ ਪਤਾ ਵਿੱਦਿਆ ਤੋਂ ਵੀ ਲੱਗ ਸਕਦਾ ਹੈ, ਸਮਾਜ ਨੂੰ ਪੜ੍ਹਨ ਨਾਲ ਵੀ। ਵਿੱਦਿਆ ਦੀ ਅਣਹੋਂਦ ਕਾਰਨ ਸੂਝ-ਬੂਝ ਪ੍ਰਾਪਤ ਨਹੀਂ ਹੁੰਦੀ, ਜਿਸ ਕਾਰਨ ਸਮੇਂ-ਸਮੇਂ ਦੀਆਂ ਜਾਣਕਾਰੀਆਂ ਦਾ ਪਤਾ ਨਹੀਂ ਲੱਗਦਾ। ਜਾਣਕਾਰੀਆਂ ਅਤੇ ਗਿਆਨ ਬਗ਼ੈਰ ਦੇਸ਼, ਸੂਬੇ ਦਾ ਨਾਗਰਿਕ ਆਮ ਜਿਹੀ ਸਿਆਣਪ ਤੋਂ ਵੀ ਦੂਰ ਰਹਿ ਜਾਂਦਾ ਹੈ, ਜਿਸ ਕਾਰਨ ਉਹ ਸਿਆਸਤ ਦੀਆਂ ਤਾਂ ਕੀ, ਸਮਾਜ ਦੀਆਂ ਬਾਰੀਕੀਆਂ ਵੀ ਨਹੀਂ ਸਮਝ ਸਕਦਾ।**

ਭਾਵੇਂ ਭਾਰਤ ਦਾ ਲੋਕਤੰਤਰ ਵਿਸ਼ਵ ਭਰ ਵਿੱਚ ਵੱਡਾ ਅਤੇ ਵਿਸ਼ਾਲ ਗਰਦਾਨਿਆ ਜਾਂਦਾ ਹੈ, ਪਰ ਇਹ ਅਜੇ ਆਪਣੇ ਬਚਪਨੇ ਦੁਆਲੇ ਗੇੜੇ ਕੱਢਣ ਤੋਂ ਉੱਪਰ ਨਹੀਂ ਉੱਠ ਸਕਿਆ। ਅਜਿਹਾ ਹੋਣ ਦੇ ਕਈ ਕਾਰਨ ਹਨ, ਜਿਨ੍ਹਾਂ ਦਾ ਹਰ ਹਾਲਤ ਵਿੱਚ ਨਿਪਟਾਰਾ ਕਰਨ ਦੀ ਲੋੜ ਹੈ, ਪਰ ਇਸ ਕਾਰਜ ਲਈ ਕੋਈ ਸੁਹਿਰਦਤਾ ਨਾਲ ਮੈਦਾਨ ਵਿੱਚ ਉੱਤਰਨ ਵਾਸਤੇ ਤਿਆਰ ਨਹੀਂ ਹੋ ਰਿਹਾ। ਇਹ ਕਾਰਜ ਸੌਖਾ ਵੀ ਨਹੀਂ।

ਅਨਪੜ੍ਹਤਾ ਕਾਰਨ ਲੋਕਾਂ ਨੂੰ ਇਹ ਪਤਾ ਹੀ ਨਹੀਂ ਲੱਗਦਾ ਕਿ ਲੋਕਤੰਤਰ ਕਿਸ ਬਲਾਅ ਦਾ ਨਾਂਅ ਹੈ ਅਤੇ ਇਹ ਉਨ੍ਹਾਂ ਵਾਸਤੇ ਕੀ ਕਰਨ ਲੱਗ ਪਵੇਗਾ। ਉਹ ਇਹ ਵੀ ਨਹੀਂ ਜਾਣਦੇ ਕਿ ਇਹ ਲੋਕਾਂ ਦੀ, ਲੋਕਾਂ ਦੁਆਰਾ ਲੋਕਾਂ ਵਾਸਤੇ ਅਜਿਹੀ ਰਾਜ ਪ੍ਰਬੰਧ ਪ੍ਰਣਾਲੀ ਹੈ, ਜਿਸ ਦੇ ਉਹ ਸਿੱਧੇ ਤੌਰ 'ਤੇ ਭਾਈਵਾਲ ਵੀ ਹਨ, ਲਾਹੇਵਾਲ ਵੀ। ਇਸ ਦਾ ਪਤਾ ਵਿੱਦਿਆ ਤੋਂ ਵੀ ਲੱਗ ਸਕਦਾ ਹੈ, ਸਮਾਜ ਨੂੰ ਪੜ੍ਹਨ ਨਾਲ ਵੀ।

ਵਿੱਦਿਆ ਦੀ ਅਣਹੋਂਦ ਕਾਰਨ ਸੂਝ-ਬੂਝ ਪ੍ਰਾਪਤ ਨਹੀਂ ਹੁੰਦੀ, ਜਿਸ ਕਾਰਨ ਸਮੇਂ-ਸਮੇਂ ਦੀਆਂ ਜਾਣਕਾਰੀਆਂ ਦਾ ਪਤਾ ਨਹੀਂ ਲੱਗਦਾ। ਜਾਣਕਾਰੀਆਂ ਅਤੇ ਗਿਆਨ ਬਗ਼ੈਰ ਦੇਸ਼, ਸੂਬੇ ਦਾ ਨਾਗਰਿਕ ਆਮ ਜਿਹੀ ਸਿਆਣਪ ਤੋਂ ਵੀ ਦੂਰ ਰਹਿ ਜਾਂਦਾ ਹੈ, ਜਿਸ ਕਾਰਨ ਉਹ ਸਿਆਸਤ ਦੀਆਂ ਤਾਂ ਕੀ, ਸਮਾਜ ਦੀਆਂ ਬਾਰੀਕੀਆਂ ਵੀ ਨਹੀਂ ਸਮਝ ਸਕਦਾ।

ਗ਼ਰੀਬੀ ਨੇ ਮੁਲਕ ਮਾਰਿਆ ਪਿਆ ਹੈ, ਕਿਉਂਕਿ ਪੂਰੇ ਮੁਲਕ ਵਿੱਚ ਮੁੱਠੀ ਭਰ ਲੋਕ ਦੌਲਤ ਅਤੇ ਪਦਾਰਥਾਂਅਤੇ ਸਾਧਨਾਂ ਉੱਤੇ ਸਵਾਰ ਹੋਈ ਬੈਠੇ ਹਨ, ਜਿਨ੍ਹਾਂ 'ਤੇ ਕੋਈ ਰੋਕ-ਟੋਕ ਨਹੀਂ। ਕਿਸੇ ਨੂੰ ਝੁੱਗੀ ਵਿੱਚ ਰਹਿਣ ਲਈ ਮਜਬੂਰ ਹੋਣਾ ਪੈ ਰਿਹਾ ਹੈ ਅਤੇ ਕਿਧਰੇ ਵੱਡੇ ਸ਼ਹਿਰ ਦੀ ਬਹੁ-ਮੁੱਲੀ ਜ਼ਮੀਨ 'ਤੇ ਚਾਰ ਜੀਆਂ ਦਾ ਪਰਵਾਰ 300 ਕਮਰਿਆਂ ਦੇ ਘਰ ਵਿੱਚ ਰਹਿ ਰਿਹਾ ਹੈ।

ਅਜਿਹਾ ਕੁਝ ਇਸ ਲਈ ਹੋ ਰਿਹਾ ਹੈ, ਕਿਉਂਕਿ ਹੁਕਮਰਾਨਾਂ ਦੀਆਂ ਨੀਤੀਆਂ ਵਿੱਚ ਅਸਾਵੇਂਪਣ ਨੂੰ ਪੂਰੀ ਪ੍ਰਵਾਨਗੀ ਵੀ ਹੈ ਅਤੇ ਬੇਪਰਵਾਹ ਖੁੱਲ੍ਹ ਵੀ। ਜਿਹੜੇ ਬੇਵੱਸ ਗ਼ਰੀਬ ਆਪਣਾ ਮਕਾਨ ਤੱਕ ਬਣਾਉਣ ਦੇ ਵੀ ਸਮਰੱਥ ਨਹੀਂ, ਉਨ੍ਹਾਂ ਵਾਸਤੇ ਲੋਕਤੰਤਰੀ ਸਰਕਾਰ ਕੋਲ ਕੋਈ ਸਕੀਮ ਨਹੀਂ, ਜਿਸ ਕਰ ਕੇ ਉਨ੍ਹਾਂ ਕੋਲ ਸਬਰ ਕਰਨ ਤੋਂ ਬਿਨਾਂ ਕੋਈ ਚਾਰਾ ਨਹੀਂ।

ਲੋਕਤੰਤਰ ਦੀ ਪ੍ਰਣਾਲੀ ਬਾਰੇ ਜਾਣਕਾਰੀ ਦੇਣ ਲਈ ਕੋਈ ਪ੍ਰਬੰਧ ਨਹੀਂ, ਜਿੱਥੇ ਗ਼ਰੀਬਾਂ, ਅਨਪੜ੍ਹਾਂ ਅਤੇ ਬੇਸਮਝ ਲੋਕਾਂ ਨੂੰ ਸੂਝ-ਬੂਝ ਪ੍ਰਦਾਨ ਕੀਤੇ ਜਾਣ ਦਾ ਇੰਤਜ਼ਾਮ ਹੋਵੇ। ਇਸ ਸੂਝ-ਬੂਝ ਦੀ ਰੋਸ਼ਨੀ ਕਰਨ ਦੀ ਲਾਜ਼ਮੀ ਜ਼ਰੂਰਤ ਹੈ, ਤਾਂ ਕਿ ਲੋਕਾਂ ਨੂੰ ਲੰਮੀ ਉਡੀਕ ਨਾ ਕਰਨੀ ਪਵੇ, ਜਦ ਅਨੁਭਵ ਦੀ ਪਕਿਆਈ ਹਾਸਲ ਹੋ ਸਕੇ।

ਅਗਲੀ ਅਲਾਮਤ ਜਾਤ-ਪਾਤ ਹੈ, ਜਿਸ ਨੇ ਲੋਕਾਂ ਨੂੰ ਸਰੀਰਕ ਪੱਖੋਂ ਵੀ ਦੂਰ ਕੀਤਾ ਹੋਇਆ ਹੈ ਅਤੇ ਮਾਨਸਿਕ ਪੱਖੋਂ ਕੰਗਾਲ ਵੀ। ਇੱਥੋਂ ਤੱਕ ਕਿ ਸਮਾਜ ਦੇ ਕੁਝ ਵਰਗਾਂ ਨੂੰ ਧਾਰਮਿਕ ਸਥਾਨਾਂ ਵਿੱਚ ਜਾਣ ਤੋਂ ਵਰਜਿਆ ਜਾ ਰਿਹਾ ਹੈ, ਤਾਂ ਕਿ ਉਹ ਸਥਾਨ ਕਿਤੇ ਅਪਵਿੱਤਰ ਹੀ ਨਾ ਹੋ ਜਾਣ। ਜਿੱਥੇ ਸ਼ਰਧਾਲੂ ਨਹੀਂ ਜਾ ਸਕਦੇ, ਉੱਥੇ ਰੱਬ ਨੇ ਕੀ ਲੈਣ ਆਉਣਾ?

ਜਾਤ-ਪਾਤ ਦਾ ਕੋਈ ਆਧਾਰ ਵੀ ਨਹੀਂ। ਇੱਕ ਆਦਮੀ ਦੇ ਜ਼ਿਹਨ ਦੀ ਵੰਡ-ਪਾਊ ਅਤੇ ਅਸਾਵੀਂ ਸੋਚ ਨੇ ਸਮੁੱਚੇ ਸਮਾਜ ਨੂੰ ਅਸਮਾਨਤਾ ਦੇ ਰੰਗ ਵਿੱਚ ਅਜਿਹਾ ਰੰਗਿਆ ਕਿ ਸਦੀਆਂ ਬੀਤਣ ਤੋਂ ਬਾਅਦ ਵੀ ਮਨੁੱਖੀ ਬਰਾਬਰੀ ਵਾਸਤੇ ਕੋਈ ਰਾਹ ਨਹੀਂ ਲੱਭਦਾ। ਜਿਹੜੇ ਆਪਣਾ ਰਾਹ ਆਪ ਬਣਾਉਣ ਦਾ ਦਾਅਵਾ ਕਰਦੇ ਹਨ, ਉਨ੍ਹਾਂ ਨਾਲ ਵੀ ਕੋਈ ਨਹੀਂ ਤੁਰਦਾ।

ਧਰਮਾਂ ਦਾ ਗਲਬਾ ਭਾਰਤ ਭਰ ਵਿੱਚ ਏਨਾ ਹੈ, ਜਿਵੇਂ ਕਿ ਰੱਬ ਸਿਰਫ਼ ਇਸੇ ਦੇਸ਼ ਵਿੱਚ ਰਹਿੰਦਾ ਹੋਵੇ ਅਤੇ ਉਸ ਦੀ ਜ਼ਰੂਰਤ ਵੀ ਕੇਵਲ ਇੱਥੇ ਦੇ ਲੋਕਾਂ ਨੂੰ ਹੀ ਬਹੁਤੀ ਹੋਵੇ। ਧਰਮਾਂ ਦੇ ਦਖ਼ਲ ਅਤੇ ਭੂਮਿਕਾ ਨੇ ਲੋਕਤੰਤਰ ਨੂੰ ਉਸ ਦੇ ਨਿਰਪੱਖ ਅਤੇ ਨਿਰਮਲ ਰਾਹ ਉੱਤੇ ਤੁਰਨ ਹੀ ਨਹੀਂ ਦਿੱਤਾ। ਧਰਮ ਦੇ ਆਧਾਰ 'ਤੇ ਚੁਣ ਹੋਇਆ ਧਰਮੀਆਂ ਦੀ ਗੱਲ ਹੀ ਕਰੇਗਾ।

ਜਾਤ-ਪਾਤੀ ਪ੍ਰਣਾਲੀ ਵਾਲਾ ਸਮਾਜ ਅੱਗੇ ਉੱਪ-ਜਾਤਾਂ ਅਤੇ ਗੋਤਾਂ ਵਿੱਚ ਇਸ ਹੱਦ ਤੱਕ ਵੰਡਿਆ ਹੋਇਆ ਹੈ ਕਿ ਲੋਕ ਉਨ੍ਹਾਂ ਦੇ ਦਾਇਰਿਆਂ ਵਿੱਚ ਹੀ ਤੁਰਦੇ ਹਨ, ਉਨ੍ਹਾਂ ਤੋਂ ਬਾਹਰ ਨਿਕਲਣ ਲਈ ਤਿਆਰ ਨਹੀਂ ਹੁੰਦੇ। ਅਜਿਹਾ ਹੋਣ ਨਾਲ ਲੋਕਤੰਤਰ ਦਾ ਅਸਲੀ ਰੰਗ ਪ੍ਰਗਟ ਹੀ ਨਹੀਂ ਹੋਣ ਦਿੱਤਾ ਜਾਂਦਾ। ਫਿਰ ਕਿੱਥੋਂ ਲੱਭੇਗਾ ਲੋਕਤੰਤਰ?

ਰਾਜਸੀ ਨੇਤਾ ਆਪਣੇ ਸਵਾਰਥਾਂ ਅਤੇ ਮੰਡਿਆਂ-ਪੂੜਿਆਂ ਕਾਰਨ ਇਨ੍ਹਾਂ ਸਾਰੀਆਂ ਅਲਾਮਤਾਂ ਨੂੰ ਵਰਤਦਿਆਂ ਆਪੋ-ਆਪਣੇ ਧੜੇ ਕਾਇਮ ਕਰ ਲੈਂਦੇ ਹਨ, ਜਿਨ੍ਹਾਂ ਦੇ ਆਸਰੇ ਵਰ੍ਹਿਆਂ-ਵਰ੍ਹਿਆਂ ਤੱਕ ਖੱਟਦੇ ਰਹਿੰਦੇ ਹਨ ਅਤੇ ਮਾਰ ਨਹੀਂ ਖਾਂਦੇ। ਹਾਂ, ਉਹ ਤਾਂ ਤਰ ਜਾਂਦੇ ਹਨ, ਪਰ ਲੋਕਤੰਤਰ ਗੋਤੇ ਖਾਣ ਬਿਨਾਂ ਨਹੀਂ ਰਹਿੰਦਾ।

ਲੋਕਾਂ 'ਚੋਂ ਉੱਠੇ ਲੋਕਾਂ ਦੇ ਪ੍ਰਤੀਨਿਧਾਂ ਨੂੰ ਚਾਹੀਦਾ ਹੈ ਕਿ ਉਹ ਹੋਰ ਅਲਾਮਤਾਂ, ਬੁਰਾਈਆਂ ਅਤੇ ਊਣਤਾਈਆਂ ਤੋਂ ਬਿਨਾਂ ਪਹਿਲਾਂ ਉੱਪਰ ਬਿਆਨੀਆਂ ਅਲਾਮਤਾਂ ਨੂੰ ਦੂਰ ਕਰਨ ਦਾ ਉਪਰਾਲਾ ਕਰਨ ਤਾਂ ਲੋਕਤੰਤਰ ਵਿੱਚ ਲੋਕ ਉਨ੍ਹਾਂ ਦੇ ਮਗਰ ਲੱਗ ਕੇ ਤੁਰ ਪੈਣਗੇ, ਜਿਸ ਕਾਰਨ ਲੋਕਤੰਤਰ ਅਲਾਮਤਾਂ ਤੋਂ ਮੁਕਤੀ ਦੇ ਰਾਹ ਪਵੇਗਾ।

ਭ੍ਰਿਸ਼ਟਾਚਾਰ ਅਜਿਹੀ ਅਲਾਮਤ ਹੈ, ਜਿਸ ਤੋਂ ਤਾਂ ਰੱਬ ਨੂੰ ਵੀ ਨਹੀਂ ਬਖਸ਼ਿਆ ਗਿਆ। ਉਸ ਵਾਸਤੇ ਧਰਮ ਸਥਾਨਾਂ 'ਤੇ ਮਾਇਆ ਚੜ੍ਹਾਈ ਜਾਂਦੀ ਹੈ, ਗਹਿਣੇ ਚੜ੍ਹਾਏ ਜਾਂਦੇ ਹਨ, ਤਾਂ ਜੁ ਉਸ ਦੇ ਇਵਜ਼ ਵਿੱਚ ਕੁਝ ਹਾਸਲ ਕੀਤਾ ਜਾ ਸਕੇ। ਚੋਰਾਂ ਨੂੰ ਮੋਰ ਕਹਿਣ ਵਾਂਗ ਚੋਰਾਂ ਨੂੰ ਧਰਮ ਅਸਥਾਨਾਂ ਵਿੱਚ ਵੀ ਚੋਰੀ ਕਰਨ ਤੋਂ ਡਰ ਨਹੀਂ ਲੱਗਦਾ, ਹੱਦ ਪਾਰ ਕਰਨ ਤੋਂ ਨਹੀਂ ਡਰਦੇ।

ਇੱਕੀਵੀਂ ਸਦੀ ਵਿੱਚ ਸਭ ਖੇਤਰਾਂ ਨੇ ਤਰੱਕੀ ਕੀਤੀ ਹੈ, ਜਿਸ ਕਾਰਨ ਭਾਰਤ ਦੇ ਹੁਕਮਰਾਨਾਂ ਨੂੰ ਵੀ ਜਾਗਣ ਦੀ ਲੋੜ ਹੈ ਅਤੇ ਲੋਕਾਂ ਨੂੰ ਵੀ। ਹੱਕਦਾਰਾਂ ਨੂੰ ਹੱਕ ਮਿਲਣ, ਦਿੱਤੇ ਜਾਣ, ਪਰ ਨਾ-ਹੱਕਿਆਂ ਨੂੰ ਬੇਲੋੜੀਆਂ ਰਿਆਇਤਾਂ ਦੇਣ ਨਾਲ ਹੱਕਦਾਰਾਂ ਦੇ ਮਨਾਂ ਵਿੱਚ ਰੋਹ ਪੈਦਾ ਹੋਣਾ ਕੁਦਰਤੀ ਗੱਲ ਹੈ, ਜੋ ਨਹੀਂ ਦੇਣੀਆਂ ਚਾਹੀਦੀਆਂ।

ਹਾਂ, ਸਰਕਾਰ ਦਾ ਏਨਾ ਫ਼ਰਜ਼ ਜ਼ਰੂਰ ਹੈ ਕਿ ਉਹ ਸਮਾਜ ਦੇ ਹਰ ਵਰਗ ਦਾ ਖ਼ਿਆਲ ਕਰੇ ਅਤੇ ਸੰਤੁਸ਼ਟ ਕਰਨ ਦਾ ਹਰ ਹੀਲਾ ਕਰਨ ਦਾ ਉਪਰਾਲਾ ਕਰੇ, ਤਾਂ ਕਿ ਕਿਸੇ ਦੇ ਜ਼ਿਹਨ ਵਿੱਚ ਵੀ ਸਰਕਾਰ ਪ੍ਰਤੀ ਰੋਹ ਨਾ ਜਾਗੇ, ਜੋ ਬਾਅਦ 'ਚ ਵਿਦਰੋਹ ਬਣ ਜਾਵੇ। ਇਸ ਤਰ੍ਹਾਂ ਦੇ ਜਤਨਾਂ ਨਾਲ ਹੀ ਲੋਕਤੰਤਰ ਅਲਾਮਤਾਂ ਤੋਂ ਬਚੇਗਾ।

### ਲਤੀਫ਼ੇ ਦਾ ਚਿਹਰਾ-ਮੋਹਰਾ

ਵਿਗਿਆਨੀਆਂ ਅਤੇ ਤਕਨਾਲੋਜੀ ਵਾਲਿਆਂ ਨੇ ਮਿਹਨਤ ਤੇ ਦਿਮਾਗ਼ ਵਰਤ ਕੇ ਕੰਪਿਊਟਰ ਈਜਾਦ ਕੀਤਾ, ਪਰ ਭਾਰਤ ਦੇ ਜੋਤਸ਼ੀਆਂ ਨੇ ਅਣਵਿਗਿਆਨਕ ਕਮਾਲ ਕੀਤੀ ਕਿ ਉਸ ਨੂੰ ਵੀ ਟੇਵੇ ਅਤੇ ਕੁੰਡਲੀਆਂ ਬਣਾਉਣੀਆਂ ਸਿਖਾ ਦਿੱਤੀਆਂ।

# ਏਸ਼ੀਅਨ ਪੈਸੀਫਿਕ ਮਾਸਟਰ ਗੇਮਜ਼ ਹਾਕੀ ਜੇਤੂ ਟੀਮ ਦੇ ਖਿਡਾਰੀਆਂ ਦਾ ਜਰਖੜ ਸਟੇਡੀਅਮ ਪੁੱਜਣ 'ਤੇ ਹੋਇਆ ਨਿੱਘਾ ਸਵਾਗਤ

**ਲੁਧਿਆਣਾ-** ਏਸ਼ੀਅਨ ਪੈਸੀਫਿਕ ਮਾਸਟਰ ਗੇਮਜ਼ ਜੋ ਮਲੇਸ਼ੀਆ ਦੇ ਸ਼ਹਿਰ ਪਨਾਗ ਵਿਖੇ ਸਮਾਪਤ ਹੋਈਆਂ। ਜਿਸ ਵਿਚ ਭਾਰਤ ਨੇ ਮਲੇਸ਼ੀਆ ਨੂੰ ਹਰਾ ਕੇ ਸੋਨ ਤਗਮਾ ਜਿੱਤਿਆ। ਟੀਮ ਦੇ ਟੌਪ ਸਕੋਰਰ ਜਰਖੜ ਅਕੈਡਮੀ ਦੇ ਖਿਡਾਰੀ ਗੁਰਸਤਿੰਦਰ ਸਿੰਘ ਤੋਂ ਇਲਾਵਾ ਪੰਜਾਬ ਦੇ 9 ਖਿਡਾਰੀਆਂ ਨੇ ਭਾਰਤੀ ਹਾਕੀ ਟੀਮ ਦੀ ਪ੍ਰਤੀਨਿਧਤਾ ਕੀਤੀ। ਜਿਸ ਵਿਚ 6 ਖਿਡਾਰੀ ਲੁਧਿਆਣਾ ਜ਼ਿਲ੍ਹੇ ਨਾਲ ਸਬੰਧੀਤ ਸਨ। ਦਵਿੰਦਰ ਸਿੰਘ ਪੰਜਾਬ ਪੁਲਿਸ, ਕੁਲਵਿੰਦਰ ਸਿੰਘ, ਸੁਖਵਿੰਦਰ ਸਿੰਘ ਪਿੰਡ ਚਚਰਾੜੀ, ਗੁਰਵਿੰਦਰ ਸਿੰਘ, ਜਸਵਿੰਦਰ ਸਿੰਘ ਪਿੰਡ ਢੋਲਨ, ਦਵਿੰਦਰ ਸਿੰਘ ਅਮਲੋਹ ਆਦਿ ਖਿਡਾਰੀਆਂ ਦਾ ਵਤਨ ਪੁੱਜਣ 'ਤੇ ਜਰਖੜ ਹਾਕੀ ਅਕੈਡਮੀ ਨੇ ਮਾਤਾ ਸਾਹਿਬ ਕੌਰ ਖੇਡ ਸਟੇਡੀਅਮ ਵਿਖੇ ਪੁੱਜਣ 'ਤੇ ਜੋਰਦਾਰ ਸਵਾਗਤ ਕੀਤਾ। ਇਸ ਮੌਕੇ ਜੇਤੂ ਖਿਡਾਰੀਆਂ ਨੂੰ ਹਾਰ ਅਤੇ ਸਿਰੋਪੇ ਪਾ ਕੇ ਉਨ੍ਹਾਂ ਦਾ ਮਾਣ ਸਤਿਕਾਰ ਵਧਾਇਆ।

ਜਰਖੜ ਅਕੈਡਮੀ ਦੇ ਮੁੱਖ ਪ੍ਰਬੰਧਕ ਜਗਰੂਪ ਸਿੰਘ ਜਰਖੜ, ਪ੍ਰਧਾਨ ਪਰਮਜੀਤ ਸਿੰਘ ਨੀਟੂ ਅਤੇ ਅਕੈਡਮੀ ਦੇ ਤਕਨੀਕੀ ਡਾਇਰੈਕਟਰ ਨਰਾਇਣ ਸਿੰਘ ਗਰੇਵਾਲ ਆਸਟ੍ਰੇਲੀਆ ਨੇ ਆਖਿਆ ਕਿ ਇਹ ਜਰਖੜ ਹਾਕੀ ਅਕੈਡਮੀ ਦਾ ਮਾਣ ਵਧਾਉਣ ਵਾਲੇ ਸਰਵੋਤਮ ਸਕੋਰਰ ਬਣੇ ਗੁਰਸਤਿੰਦਰ ਸਿੰਘ ਪਰਗਟ ਨੂੰ ਅਗਲੇ ਸਾਲ ਹੋਣ ਵਾਲੀਆਂ ਜਰਖੜ ਖੇਡਾਂ ਦੇ ਫਾਈਨਲ ਸਮਾਰੋਹ 'ਤੇ ਮੋਟਰ ਸਾਈਕਲ ਦੇ ਕੇ ਸਨਮਾਨਿਤ ਕੀਤਾ ਜਾਵੇਗਾ।




ਇਸਤੋਂ ਇਲਾਵਾ ਮਾਸਟਰ ਗੇਮਜ਼ ਵਰਲਡ ਹਾਕੀ ਕੱਪ ਵਿਚ ਕਰਮਜੀਤ ਸਿੰਘ ਕਿਲ੍ਹਾ ਰਾਏਪੁਰ ਨੂੰ ਵੀ ਮੋਟਰ ਸਾਈਕਲ ਦੇ ਕੇ ਸਨਮਾਨਿਤ ਕੀਤਾ ਜਾਵੇਗਾ।

ਇਸ ਮੌਕੇ ਜਰਖੜ ਅਕੈਡਮੀ ਦੇ ਮੁੱਖ ਪ੍ਰਬੰਧਕ ਪਰਮਜੀਤ ਸਿੰਘ ਨੀਟੂ, ਸੰਦੀਪ ਸਿੰਘ ਪੰਧੇਰ, ਸਰਪੰਚ ਸੁਰਜੀਤ ਸਿੰਘ ਡੰਗੋਰਾ, ਰਣਜੀਤ ਸਿੰਘ ਦੁਲੇਅ, ਅਜੀਦ ਸਿੰਘ ਲਾਦੀਆਂ, ਸ਼ਿੰਗਾਰਾ ਸਿੰਘ ਜਰਖੜ, ਮਨਦੀਪ ਸਿੰਘ ਜਰਖੜ, ਜਗਦੀਪ ਸਿੰਘ ਕਹਾਲੋਂ, ਯਾਦਵਿੰਦਰ ਸਿੰਘ ਤੂਰ, ਮਨਜਿੰਦਰ ਸਿੰਘ ਡੰਗੋਰਾਂ, ਮਨਜੀਤ ਸਿੰਘ ਚਾਹਲ, ਤੇਜਿੰਦਰ ਸਿੰਘ ਜਰਖੜ, ਜਗਦੇਵ ਸਿੰਘ ਜਰਖੜ, ਸੰਦੀਪ ਸਿੰਘ ਸੋਨੂ, ਅਮਨਦੀਪ ਕੌਰ ਚਾਹਲ, ਭੈਣ ਦਲਜੀਤ ਕੌਰ, ਬਾਬਾ ਰੁਲਦਾ ਸਿੰਘ, ਸੋਹਣ ਸਿੰਘ ਸ਼ੰਕਰ, ਡਾ. ਜਗਜੀਤ ਸਿੰਘ, ਸਾਹਿਬਜੀਤ ਸਿੰਘ ਅਤੇ ਹੋਰ ਜਰਖੜ ਹਾਕੀ ਅਕੈਡਮੀ ਦੇ ਖਿਡਾਰੀ ਅਤੇ ਖਿਡਾਰੀਆਂ ਦੇ ਪਰਿਵਾਰਕ ਮੈਂਬਰ ਵੱਡੀ ਗਿਣਤੀ 'ਚ ਹਾਜ਼ਰ ਸਨ। ਜੇਤੂ ਖਿਡਾਰੀਆਂ ਨੂੰ ਖੁੱਲ੍ਹੀ ਜਿਪਸੀ ਰਾਹੀਂ ਧੂਮ ਧੜੱਕੇ ਨਾਲ ਸਟੇਡੀਅਮ 'ਚ ਲਿਆ ਕੇ ਸਵਾਗਤ ਕੀਤਾ ਗਿਆ।

# ਅਮਰੀਕਨ ਸਿੱਖਾਂ ਦੀ ਕਹਾਣੀ ਦੇ ਅਧਾਰਤ ਬਣੀ ਲਘੂ ਫਿਲਮ "ਯੂਨਾਈਟਿਡ ਸ਼ੇਡਜ਼ ਆਫ ਅਮਰੀਕਾ"ਨੇ ਏਮੀ ਇਨਾਮ ਜਿੱਤਿਆ

**ਕੈਲੀਫੋਰਨੀਆ ( ਹੁਸਨ ਲੜੋਆ ਬੰਗਾ)-** ਅਮਰੀਕਾ ਦੇ ਸੀ ਐਨ ਐਨ ਨਿਊਜ ਚੈਨਲ ਵਲੋਂ ਅਮਰੀਕਨ ਸਿੱਖਾਂ ਉੱਤੇ ਤਿਆਰ ਕੀਤੀਲਘੂ ਫਿਲਮ "ਯੂਨਾਈਟਿਡ ਸ਼ੇਡਜ਼ ਆਫ ਅਮਰੀਕਾ," ਜਿਸਨੂੰ ਡਬਲਯੂ. ਕਮਉ ਬੇਲ ਦੁਆਰਾ ਤਿਆਰ ਕੀਤਾ ਗਿਆ ਸੀ, ਨੂੰ ਦੁਨੀਆਂ ਦੇ ਬੇਹਤਰੀਨ ਅਵਾਰਡ "ਐਮੀ ਅਵਾਰਡ" ਨਾਲ ਸਨਮਾਨਿਤ ਕੀਤਾ ਗਿਆ ਹੈ। ਇਸ ਲਘੂ ਫਿਲਮ ਵਿੱਚ ਮਈ ਚ ਪਹਿਲੀ ਵਾਰ ਇੱਕ ਘੰਟੇ ਦੀ ਲੰਮੀ ਐਪੀਸੋਡ ਵਿੱਚ ਵਿਸ਼ੇਸ਼ ਤੌਰ 'ਤੇ ਸਿੱਖ ਅਮਰੀਕੀ ਭਾਈਚਾਰੇ' ਤੇ ਧਿਆਨ ਕੇਂਦਰਿਤ ਕੀਤਾ ਗਿਆ ਸੀ, ਜਿਸ ਨੇ ਕ੍ਰੀਏਟਿਵ ਆਰਟਸ ਐਮੀਜ਼ ਜੋ ਲਾਸ ਏਂਜਲਸ, ਕੈਲੀਫੋਰਨੀਆ, ਵਿੱਚ ਕੱਲ੍ਹ ਅਯੋਜਿਤ ਕੀਤਾ ਗਿਆ ਇਸ ਦੌਰਾਨ ਇਸ ਸ਼ੋਅ ਨੇ 'ਬੇਮਿਸਾਲ ਰਿਐਲਿਟੀ ਪ੍ਰੋਗਰਾਮ' ਦਾ ਸਨਮਾਨ ਜਿੱਤਿਆ। ਸਿਖਾਂ 'ਤੇ ਧਿਆਨ ਕੇਂਦਰਤ ਕਰਨ ਵਾਲੀ ਇਹ ਲਘੂ ਫਿਲਮ ਨੂੰ, "ਅਮਰੀਕਾ ਵਿਚ ਸਿੱਖ", ਨੇ ਰਿਆਲਟੀ ਪ੍ਰੋਗਰਾਮ ਲਈ ਵੀ ਸੁਪਰਵਾਈਜਿੰਗ ਐਡੀਟਿੰਗ ਦੀ ਸ਼੍ਰੇਣੀ 'ਵਿਚ ਵੀ ਜੇਤੂ ਐਲਾਨਿਆ ਗਿਆ ਇਹ ਪੁਰਸਕਾਰ ਫਿਲਮ ਅਡੀਟਰ ਬ੍ਰਿਆਨ ਏਬਰ ਦੀ ਝੋਲੀ ਚ ਪਿਆ।"ਯੂਨਾਈਟਿਡ ਸ਼ੇਡਜ਼ ਆਫ ਅਮਰੀਕਾ" ਕਾਮੇਡੀਅਨ ਅਤੇ ਰਾਜਨੀਤਕ ਪ੍ਰਵਕਤਾ ਬੈਲ ਦੀ ਅਗਵਾਈ ਚ ਬਣਾਈ ਗਈ ਹੈ ਉਸਨੇ ਕਿਹਾ"ਉਹ ਅਮਰੀਕਾ ਦੇ ਲੋਕਾਂ ਨੂੰ ਉਹਨਾਂ ਦੀਆਂ ਚੁਣੌਤੀਆਂ ਦਾ ਸਾਹਮਣਾ ਕਰਨ ਬਾਰੇ ਸਮਝਦਾ ਹੈ। ਉਨਾਂ ਕਿਹਾ, ਕਿ "ਮੈਂ ਅਮਰੀਕਾ ਵਿੱਚ ਵਧੇਰੇ ਗਲਤਫਹਿਮ ਵਾਲੇ ਧਰਮ ਬਾਰੇ ਅਮਰੀਕਨਾ ਨੂੰ ਹੋਰ ਜਾਣਨ ਦੀ ਉਮੀਦ ਕਰ ਰਿਹਾ ਹਾਂ."ਇਸ ਘਟਨਾਕ੍ਰਮ ਵਿੱਚ, ਡਬਲਯੂ. ਕਮਉ ਬੇਲ ਨੇ ਯੂਬਾ ਸਿਟੀ, ਕੈਲੀਫੋਰਨੀਆ ਦਾ ਦੌਰਾ ਕੀਤਾ, ਉਥੇ ਉਨਾਂ ਨੇ ਵੱਖ ਵੱਖ ਸਿੱਖ ਭਾਈਚਾਰੇ ਦੇ ਆਗੂਆਂ ਨਾਲ ਮਿਲ ਕੇ ਵਾਰਤਾਲਾਪ ਰਿਕਾਰਡ ਕਰਕੇ ਲਘੂ ਫਿਲਮ ਦਾ ਇੱਕ ਹਿੱਸਾ ਤਿਆਰ ਕੀਤਾ। ਇਸੇ ਸਮੇ ਦੌਰਾਨ, ਬੈਲ ਦੀ ਇੰਟਰਵਿਊ ਹਰਪ੍ਰੀਤ ਸਿੰਘ, ਸਿੱਖ ਕੋਲੀਸ਼ਨ ਦੇ ਸਹਿ-ਬਾਨੀ; ਸਿੱਖ ਕੋਲੀਸ਼ਨ ਸੋਸ਼ਲ ਜਸਟਿਸ ਫੈਲੋ ਵਿੰਟੀ ਸਿੰਘ, ਯੁਬਾ ਸਿਟੀ ਦੀ ਭਾਰਤੀ ਅਮਰੀਕੀ ਮੇਅਰ ਪ੍ਰੀਤ ਡਿਡਬਾਲ; ਕਰਨਦੀਪ ਬੈਂਸ, ਯੂਬਾ ਸਿਟੀ ਕਿਸਾਨ ਅਤੇ ਕਮਿਊਨਿਟੀ ਲੀਡਰ ਵਕੀਲ ਅਤੇ ਫਿਲਮ ਨਿਰਮਾਤਾ ਵੈਲਰੀ ਕੌਰ; ਲੈਫਟੀਨੈਂਟ ਕਰਨਲ ਕਮਲਜੀਤ ਸਿੰਘ ਕਲਸੀ, ਅਭਿਨੇਤਾ K ਡਿਜ਼ਾਇਨਰ ਵਾਰਿਸ ਆਹਲੂਵਾਲੀਆ ਅਤੇ ਹਰਪ੍ਰੀਤ ਸਿੰਘ ਦੇ ਲੜਕੇ, ਦਿਲਜਫਰ ਸਿੰਘ ਨਾਲ ਹੋਈ ਤੇ ਸਿੱਖ ਬਾਈਚਾਰੇ ਵਾਰੇ ਗੱਲਾਂ ਰਿਕਾਰਡ ਕੀਤੀਆਂ ਸੀ।ਐਮੀ ਅਵਾਰਡ ਜਿੱਤਣ ਤੋਂ ਬਾਅਦ, ਵੈਲਰੀ ਕੌਰ ਨੇ ਟਵੀਟ ਕੀਤਾ ਕਿ "ਯੂਨਾਈਟਿਡ ਸ਼ੇਡਜ਼ ਆਫ ਅਮਰੀਕਾ," ਫਿਲਮ ਨੇ ਸਾਡੇ ਸਿੱਖਾਂ ਦੀਆਂ ਕਹਾਣੀਆਂ ਅਧਾਰਤ ਅਮਰੀਕਾ ਵਿਚ ਐਮੀ ਜਿੱਤਿਆ, ਇਹ ਪਹਿਲੀ ਵਾਰ ਹੈ ਜਦੋਂ ਕੌਮ ਦੇ ਲ਼ੋਕਾਂ ਨੇ ਆਪਣੀਆਂ ਆਪਣੀਆਂ ਕਹਾਣੀਆਂ, ਆਪਣੀਆਂ ਆਪਣੀਆਂ ਆਵਾਜ਼ਾਂ, ਰਾਹੀਂ ਫਿਲਮ ਉਦਯੋਗ ਵਿੱਚ ਸਭ ਤੋਂ ਵੱਡਾ ਸਨਮਾਨ ਪ੍ਰਾਪਤ ਕਰ ਲਿਆ ਹੈ! ਹਰਪ੍ਰੀਤ ਸਿੰਘ ਦੇ ਟਵਿੱਟਰ ਰਾਹੀਂ ਬੈਲ ਤਕ ਪਹੁੰਚਣ ਤੋਂ ਬਾਅਦ ਇਹ ਫਿਲਮ ਬਣਾਉਣ ਦਾ ਸਿਲਸਿਲਾ ਸ਼ੁਰੂ ਹੋਇਆ ।




ਹਰਪ੍ਰੀਤ ਸਿੰਘ ਨੇ ਆਪਣੇ ਇੰਟਰਵਿਊ ਦੀ ਸ਼ੁਰੂਆਤ ਵਿਚ ਕਿਹਾ ਕਿ "ਇਸ ਸਿੱਖ ਕੌਮ ਨੂੰ ਨਫ਼ਰਤ ਦਾ ਸਾਹਮਣਾ ਕਰਨਾ ਪਿਆ। ਉਨਾਂ ਕਿਹਾ "ਸਿੱਖ ਧਰਮ ਪਿਆਰ ਦਾ ਧਰਮ ਹੈ, ਅਤੇ ਇਹ ਪਿਆਰ ਦੂਸਰਿਆਂ ਲਈ ਕੁਰਬਾਨੀ ਦੀ ਭਾਵਨਾ ਰੱਖਦਾ ਹੈ, ਖਾਸ ਤੌਰ 'ਤੇ ਦੱਬੇ-ਕੁਚਲੇ, ਦੱਬੇ ਹੋਏ ਲੋਕਾਂ ਲਈ, ਉਦਾਹਰਨ ਲਈ, ਅਸੀਂ ਸਿਖਾਂ ਨੇ ਭੂਚਾਲ ਦੇ ਦੌਰਾਨ ਹੈਤੀ ਵਿੱਚ , ਕੈਟਰੀਨਾ ਭੁਚਾਲ ਚ, ਸੀਰੀਆ ਜੰਗ ਦੌਰਾਨ ਅਤੇ ਕਦੇ ਅਜਿਹਾ ਮੌਕਾ ਨਹੀਂ ਆਇਆ ਜਦੋਂ ਸਿੱਖਾਂ ਨੇ ਲੋੜਵੰਦਾਂ ਲਈ ਦਰਵਾਜੇ ਨਾ ਖ੍ਹੋਲੇ ਹੋਣ।

ਸਿੱਖ ਧਰਮ ਦਾ ਵਰਣਨ ਕਰਨ ਲਈ ਅਮਰੀਕਾ ਵਿਚ ਪਹਿਲੀ ਮਹਿਲਾ ਸਿੱਖ ਮੇਅਰ ਯੁਬਾ ਸਿਟੀ ਪ੍ਰੀਤ ਡਿਡਵਾਲ ਨੇ ਕਿਹਾ: "ਮੈਂ ਇਕ ਵਿਸ਼ੇਸ਼ ਸਿੱਖ ਔਰਤ ਦੀ ਤਰ੍ਹਾਂ ਨਹੀਂ ਦਿੱਖ ਰਹੀ, ਪਰ ਮੈਂ 100 ਪ੍ਰਤੀਸ਼ਤ ਸਿੱਖ ਹਾਂ. ਪਰਮਾਤਮਾ ਦੇ ਅਧੀਨ, ਅਸੀਂ ਸਾਰੇ ਬਰਾਬਰ ਹਾਂ। ਇਸ ਫਿਲਮ ਵਿੱਚ ਆਹਲੂਵਾਲੀਆ ਨੇ ਦੱਸਿਆ ਕਿ 9/11 ਦੇ ਬਾਅਦ ਉਸ 'ਤੇ ਕਿਸ ਤਰ੍ਹਾਂ ਹਮਲਾ ਕੀਤਾ ਗਿਆ ਸੀ, ਜਿਸ ਤੋਂ ਬਾਅਦ ਉਸ ਨੇ ਆਪਣੀ ਸੱਜੀ ਅੱਖ' ਦੀ ਨਜ਼ਰ ਗੁਆ ਲਈ।

ਇਸ ਲਘੂ ਫਿਲਮ ਨੇ ਸਿੱਖ ਭਾਈਚਾਰੇ ਦੀ ਖੇਤੀਬਾੜੀ ਦੀ ਪਰੰਪਰਾ, ਸਿੱਖ ਧਰਮ ਸਭਿਆਚਾਰ ਅਤੇ ਧਰਮ ਦੇ ਇਤਿਹਾਸ ਨੂੰ ਉਜਾਗਰ ਕੀਤਾ। ਸਿੱਖਾਂ ਦੀਆਂ ਸਮੱਸਿਆਵਾਂ ਉੱਤੇ ਅਮਰੀਕਾ ਦੇ ਸੀ ਐਨ ਐਨ ਚੈਨਲ ਵਲੋਂ ਬਣੀ ਇਸ ਲਘੂ ਫਿਲਮ ਨੂੰ ਐਮੀ ਅਵਾਰਡ ਮਿਲਣਾ ਅਮਰੀਕਾ ਹੀ ਨਹੀਂ ਪੂਰੀ ਦੁਨੀਆਂ ਦਾ ਧਿਆਨ ਸਿੱਖ ਕੌਮ ਵੱਲ ਫਿਰ ਖਿਚਿਆ ਗਿਆ ਹੈ।

# ਸਤਿਗੁਰ ਸੁਆਮੀ ਈਸ਼ਰਦਾਸ ਮਹਾਰਾਜ ਜੀ ਦੀ ਭਾਰਤੀ ਮੂਲਨਿਵਾਸੀ ਧਰਮ ਆਦਿ ਧਰਮ ਨੂੰ ਅਨਮੁੱਲੀ ਦੇਣ



ਪ੍ਰਵੀਨ ਕੁਮਾਰ ਭਟੋਆ
91 86999-46059

ਸੋਹੰ ਜੈ ਗੁਰਦੇਵ
ਜੈ ਆਦਿ ਧਰਮ

ਸਤਿਕਾਰਯੋਗ ਗੁਰੂ ਪਿਆਰੀ ਸਤਸੰਗਤ ਜੀ, ਜਿਸ ਤਰਾਂ ਆਪ ਜੀ ਨੂੰ ਪਤਾ ਹੀ ਹੈ ਕਿ ਭਾਰਤ ਦੀ ਧਰਤੀ ਗੁਰੂਆਂ, ਪੀਰਾਂ, ਰਿਸ਼ੀਆਂ, ਮੁਨੀਆਂ, ਪੈਗੰਬਰਾਂ ਦੀ ਧਰਤੀ ਹੈ। ਇਸ ਧਰਤੀ ਸਮੇ-ਸਮੇ ਅਨੁਸਾਰ ਸਦੀਆਂ ਤੋਂ ਮਾਨਵਤਾ ਨੂੰ ਸਹੀ ਦਿਸ਼ਾ ਦੇਣ ਵਾਸਤੇ ਸੰਤਾਂ-ਮਹਾਂਪੁਰਸ਼ਾਂ ਦੇ ਅਵਤਾਰ ਹੁੰਦੇ ਆਏ ਹਨ। ਜਿਸ ਤਰਾਂ ਸਤਿਗੁਰੂ ਵਾਲਮੀਕਿ ਜੀ, ਸਤਿਗੁਰੂ ਕਬੀਰ ਸਾਹਿਬ ਜੀ, ਸਤਿਗੁਰੂ ਨਾਮਦੇਵ ਜੀ, ਸਤਿਗੁਰੂ ਰਵਿਦਾਸ ਮਹਾਰਾਜ ਜੀ , ਸਤਿਗੁਰੂ ਨਾਨਕ ਦੇਵ ਜੀ ਆਦਿ, ਮਹਾਂਪੁਰਸ਼ਾਂ ਨੇ ਆਪਣੇ ਵਿਚਾਰਾਂ ਅਤੇ ਬਾਣੀ ਅਨੁਸਾਰ ਮਾਨਵਤਾ ਨੂੰ ਸਹੀ ਸੇਧ ਦਿੱਤੀ। ਪਰ ਜਿਸ ਤਰਾਂ ਅਸੀਂ ਸਮਾਜ ਵਿੱਚ ਨਿਗਾਹ ਮਾਰਦੇ ਹਾਂ ਤਾਂ ਸਾਨੂੰ ਸਾਡੇ ਦੇਸ਼ ਅੰਦਰ ਹੀ ਕਈ ਧਰਮ, ਕਈ ਜਾਤੀਆਂ ਅਤੇ ਕਬੀਲੇ ਨਜ਼ਰ ਆਂਉਦੇ ਹਨ ਅਤੇ ਲੋਕ ਸਦੀਆਂ ਤੋਂ ਇਹਨਾਂ ਜਾਤੀਆਂ ਅਤੇ ਧਰਮਾਂ ਵਿੱਚ ਵੰਡੇ ਹੋਏ ਨੇ । ਅਫਸੋਸ ਦੀ ਗੱਲ ਇਹ ਵੀ ਹੈ ਕਿ ਸਮਾਜ ਵਿਚੋਂ ਅਤੇ ਤੱਕ ਵੀ ਊਚ-ਨੀਚ ਦਾ ਵਿਤਕਰਾ ਖ਼ਤਮ ਨਹੀਂ ਹੋਇਆ।

ਮਨੂੰਵਾਦੀ ਸੋਚ ਨੇ ਭਾਰਤੀ ਮੂਲਨਿਵਾਸੀ ਆਦਿਵਾਸੀ ਸਮਾਜ ਨਾਲ ਤਾਂ ਹੱਦੋਂ ਬਧਕੇ ਭੇਦ-ਭਾਵ ਕੀਤਾ ਅਤੇ ਕੁੱਤਿਆਂ-ਬਿਲਿਆਂ ਤੋਂ ਵੀ ਬੁਰੀ ਜਿੰਦਗੀ ਜਿਉਣ ਲਈ ਮਜਬੂਰ ਕਰ ਦਿੱਤਾ,ਜਿਸਦੇ ਕਰਕੇ ਭਰਤੀ ਆਦਿ ਸਮਾਜ ਸਮਾਜਿਕ ਅਤੇ ਆਰਥਿਕ ਤੋਰ ਤੇ ਪੱਛੜ ਕੇ ਰਹਿ ਗਿਆ।ਫਿਰ ਸਮੇ ਦੇ ਚੱਕਰ ਆਪਣਾ ਰੰਗ ਦਿਖਾਇਆ ਅਤੇ ਸਤਿਗੁਰੂ ਰਵਿਦਾਸ ਮਹਾਰਾਜ ਜੀ ਅਤੇ ਸਤਿਗੁਰੂ ਕਬੀਰ ਸਾਹਿਬ ਦਾ ਅਵਤਾਰ ਹੋਇਆਂ ਜਿਨ੍ਹਾਂ ਨੇ ਸਮਾਜ ਵਿੱਚ ਇਨਕਲਾਬ ਲਿਆਂਦਾ ਅਤੇ ਸਮਾਜ ਨੂੰ ਗੁਲਾਮੀ ਦੀਆਂ ਬੇੜੀਆਂ ਤੋਂ ਮੁਕਤ ਕੀਤਾ।ਇਸੇ ਤਰ੍ਹਾਂ ਸਤਿਗੁਰੂ ਨਾਨਕ, ਗੁਰੂ ਗੋਬਿੰਦ ਸਿੰਘ ਜੀ ਆਦਿ ਗੁਰੂਆਂ ਨੇ ਸਮਾਜਿਕ ਕੁਰੀਤੀਆਂ ਵਿਰੁੱਧ ਆਵਾਜ਼ ਉਠਾਈ ਅਤੇ ਜਾਤ-ਪਾਤ ਦੇ ਵਿਤਕਰੇ ਨੂੰ ਖ਼ਤਮ ਕਰਨ ਦੀ ਪੂਰੀ ਕੋਸ਼ਿਸ਼ ਕੀਤੀ।ਪਰ ਅਫਸੋਸ ਸਮਾਜ ਦੇ ਸ਼ਰਾਰਤੀ ਲੋਕਾਂ ਇਹ ਵਿਤਕਰਾ ਫਿਰ ਵੀ ਜਾਰੀ ਰੱਖਿਆਂ।

ਫਿਰ ਇਸ ਸਮਾਜਿਕ ਵਿਤਕਰੇ ਨੂੰ ਖ਼ਤਮ ਕਰਨ ਲਈ ਸੰਨ 1925 ਵਿਚ "ਆਦਿ ਧਰਮ ਮੰਡਲ" ਲਹਿਰ ਸ਼ੁਰੂ ਕੀਤੀ ਗਈ। ਬਾਬੂ "ਮੰਗੂ ਰਾਮ" ਮੁੱਗੋਵਾਲਿਆ ਜੀ ਨੇ 11 ਅਤੇ 12 ਜੂਨ 1926 ਨੂੰ ਆਦਿ ਧਰਮ ਮੰਡਲ ਦੀ ਪਹਿਲੀ ਮੀਟਿੰਗ, ਪਿੰਡ ਮੁਗੋਵਾਲ, ਤਹਿਸੀਲ ਗੜ੍ਹਸ਼ੰਕਰ, ਜਿਲ੍ਹਾ ਹੁਸ਼ਿਆਰਪੁਰ ਵਿਖੇ ਕੀਤੀ, ਜਿਸ ਵਿਚ ਪੰਜਾਬ ਦੀਆਂ 36 ਜਾਤਾਂ ਨੂੰ ਇਕੱਠਾ ਕਰਕੇ ਇਹ ਮਾਤਾ5 ਪਾਸ ਕੀਤਾ ਗਿਆ ਕਿ, ਅਸੀਂ ਸਾਰੇ ਭਾਰਤੀ ਮੂਲਨਿਵਾਸੀ ਹਾਂ, ਸਾਡਾ ਧਰਮ "ਆਦਿ ਧਰਮ"ਹੈ, ਸਾਡਾ ਪਵਿਤਰ ਸ਼ਬਦ "ਸੋਹੰ"ਹੈ, ਸ਼ੁਭ ਕਾਮਨਾ ਸੰਦੇਸ਼ "ਜੈ ਗੁਰਦੇਵ"ਹੈ, ਆਦਿ ਧਰਮ ਦਾ ਕੌਮੀ ਰੰਗ "ਲਾਲ" ਹੈ"ਅਤੇ ਸਾਡਾ ਪਵਿਤ੍ਰ ਧਾਰਮਿਕ ਗ੍ਰੰਥ "ਸ਼੍ਰੀ ਗੁਰੂ ਆਦਿ ਪ੍ਰਗਾਸ਼" ਗ੍ਰੰਥ ਹੋਵੇਗਾ।ਅਸੀਂ ਨਾ ਤਾਂ ਹਿੰਦੂ ਹਾਂ, ਨਾ ਮੁਸਲਿਮ ਹਾਂ, ਨਾ ਈਸਾਈ ਹਾਂ, ਨਾ ਸਿੱਖ, ਨਾ ਬੋਧੀ। ਅਸੀਂ ਭਾਰਤ ਦੇ ਆਦਿ ਵਸ਼ਿੰਦਿਆਂ ਦੀ ਔਲਾਦ ਹਾਂ, ਇਸ ਲਈ ਸਾਡਾ ਮੂਲ ਧਰਮ "ਆਦਿ ਧਰਮ" ਹੈ। ਸਤਿਗੁਰੂ ਰਵਿਦਾਸ ਮਹਾਰਾਜ ਜੀ ਨੇ ਵੀ ਆਪਣੀ ਬਾਣੀ ਚ ਫ਼ਰਮਾਇਆ:-

ਆਦਿ ਸੇ ਪ੍ਰਕਟ ਭਿਆ ਭੈਆ ਨਾ ਜਾਕੋ ਅੰਤ।।
ਸਤਿ ਆਦਿ ਧਰਮ ਰਵਿਦਾਸ ਕਾ ਕੋਈ ਵਿਰਲਾ ਜਾਣੈ ਸੰਤ।।

ਇਸ ਲਈ1926 ਤੋਂ ਹੀ ਸਾਡੇ ਅਲੱਗ ਧਰਮ,ਨਿਸ਼ਾਨ,ਗ੍ਰੰਥ ਆਦਿ ਦਾ ਐਲਾਨ ਕਰ ਦਿੱਤਾ ਗਿਆ।ਅਲੱਗ ਧਰਮ ਐਲਾਨੇ ਜਾਣ ਦਾ ਮੁੱਖ ਕਾਰਨ ਸਮਾਜਿਕ ਵਿਤਕਰਾ ਹੀ ਸੀ। ਇਸ ਅਲੱਗ ਧਰਮ ਸਦਕਾ ਹੀ ਭਾਰਤੀ ਮੂਲਨਿਵਾਸੀਆਂ ਨੂੰ ਹੱਕ-ਹਕੂਕ ਦਿੱਤੇ ਜਾਨੇ ਸੀ। ਜਦੋਂ 1928 ਵਿੱਚ ਸਾਈਮਨ ਕਮਿਸ਼ਨ ਭਾਰਤ ਆਇਆ ਤਾਂ ਬਾਬੂ ਮੰਗੂਰਾਮ ਜੀ ਨੇ ਸ਼ਾਹੀ ਕਮਿਸ਼ਨ ਨੂੰ ਹੱਕ6 ਵਾਸਤੇ ਮੈਮੋਰੰਡਮ ਦਿੱਤੇ ਅਤੇ ਕਿਹਾ ਕਿ ਅਸੀਂ ਭਾਰਤੀ ਮੂਲਨਿਵਾਸੀ ਹਾਂ, ਪਰ ਸਾਡੇ ਨਾਲ ,ਸਾਡੇ ਹੀ ਦੇਸ਼ ਅੰਦਰ ਕੁੱਤਿਆਂ-ਬਿਲਿਆਂ ਵਰਗਾ ਵਿਵਹਾਰ ਕੀਤਾ ਜਾਂਦਾ ਹੈ, ਇੱਕ ਕੁੱਤਾ ਤਾਂ ਤਲਾਬ ਤੋਂ ਪਾਣੀ ਪੀ ਸਕਦਾ ਹੈ ਪਰ ਜੇਕਰ ਕਿਸੇ ਸਵਰਨ ਦੇ ਤਲਾਬ ਵਿਚੋਂ ਕੋਈ ਭਾਰਤੀ ਮੂਲਨਿਵਾਸੀ (ਜਿਸਨੂੰ ਸਵਾਰਨਾ ਵਲੋਂ ਅਛੂਤ ਕਹਿ ਕੇ ਜਲੀਲ ਕੀਤਾ ਜਾਂਦਾ ਹੈ) ਪਾਣੀ ਪੀ ਲਵੇ ਤਾਂ ਉਸਨੂੰ ਸਖਤ ਸਜਾਵਾਂ ਦਿੱਤੀਆਂ ਜਾਂਦੀਆਂ ਹਨ। ਬਾਬੂ ਜੀ ਨੇ ਕਿਹਾ ਕਿ ਅਸੀਂ ਭਾਰਤੀ ਮੂਲਨਿਵਾਸੀ ਇਹਨਾਂ ਸਭ ਤੋਂ ਅਲੱਗ ਹਾਂ, ਕਿਓਂਕਿ ਹਿੰਦੂ ਮੱਧ ਏਸ਼ੀਆ ਤੋਂ ਆਏ ਸਨ,ਮੁਸਲਿਮ ਅਰਬ ਦੇਸ਼ਾਂ ਤੋਂ, ਈਸਾਈ ਪੱਛਮੀ ਦੇਸ਼ਾਂ ਤੋਂ ਆ ਕੇ ਭਾਰਤ ਵਿੱਚ ਝੱਲ ਕਪਟ ਨਾਲ ਕਬਜ਼ਾ ਕਰੀਂ ਬੈਠੇ ਹਨ।ਇਹ ਸਭ ਵਿਦੇਸ਼ੀ ਹਨ,ਹਿੰਦੂ, ਮੁਸਲਿਮ, ਸਿੱਖ, ਈਸਾਈ ਆਦਿ ਆਪਣੀ ਗਿਣਤੀ ਵਧਾਉਣ ਲਈ ਸਾਨੂੰ ਆਪਣੇ ਵਿੱਚ ਸ਼ਾਮਿਲ ਕਰ ਲੈਂਦੇ ਹਨ, ਪਰ ਜਦੋਂ ਹੱਕਾਂ-ਹਕੂਕਾਂ ਦੀ ਵਾਰੀ ਆਂਉਂਦੀ ਹੈ ਤਾਂ ਸਾਨੂੰ ਹੱਕਾਂ ਤੋਂ ਵਾਂਝੇ ਰੱਖਿਆ ਜਾਂਦਾ ਹੈ ,ਸਾਨੂੰ ਅਛੂਤ ਕਹਿ ਕੇ ਫਿਟਕਾਰਿਆ ਜਾਂਦਾ ਹੈ। ਬਾਬੂ ਮੰਗੂਰਾਮ ਜੀ ਨੇ ਸਾਈਮਨ ਕਮਿਸ਼ਨ ਨੂੰ ਕਿਹਾ ਕਿ ਦੇਸ਼ ਆਜ਼ਾਦ ਕਰਨ ਤੋਂ ਪਹਿਲਾਂ ਕ੍ਰਿਪਾ ਕਰਕੇ ਸਾਨੂੰ ਸਾਡੇ ਹੱਕ ਦਿੱਤੇ ਜਾਣ । ਸਾਈਮਨ ਕਮਿਸ਼ਨ ਬਾਬੂ ਮੰਗੂਰਾਮ ਜੀ ਨੂੰ ਕਿਹਾ ਕਿ ਅਗਰ ਤੁਸੀਂ ਇਹਨਾਂ ਸਭ ਕੌਮਾਂ ਤੋਂ ਅਲੱਗ ਹੋ ਤਾਂ ਤੁਹਾਡਾ ਇਸ਼ਟ ਕੌਣ ਹੈ, ਜਿਸਨੂੰ ਤੁਸੀਂ ਮੰਨਦੇ ਹੋ,?ਜਿਸ ਤਰ੍ਹਾਂ ਹਿੰਦੂਆਂ ਦੇ ਇਸ਼ਟ ਰਾਮ, ਕ੍ਰਿਸ਼ਨ,ਮੁਸਲਮਾਨਾਂ ਦੇ ਮੁਹੰਮਦ,ਈਸਾਈ ਮਤ ਵਿੱਚ ਯਿਸੂ, ਸਿੱਖਾਂ ਚ ਗੁਰੂ ਨਾਨਕ ਜੀ ਆਦਿ।

ਜਿਵੇਂ ਹਿੰਦੂ ਗੀਤਾ, ਰਾਮਾਇਣ ਵੇਦਾਂ ਆਦਿ ਨੂੰ ਮੰਨਦੇ ਨੇ, ਮੁਸਲਮਾਨ ਕੁਰਾਨ ਨੂੰ ,ਸਿੱਖ ਗੁਰੂ ਗ੍ਰੰਥ ਸਾਹਿਬ ਜੀ ਨੂੰ, ਈਸਾਈ ਬਾਈਬਲ ਨੂੰ, ਇਸ ਤਰਾਂ ਤੁਹਾਡਾ ਇਸ਼ਟ ਅਤੇ ਧਾਰਮਿਕ ਗ੍ਰੰਥ ਕਿਹੜਾ ਹੈ।ਅਗਰ ਤੁਹਾਡਾ ਅਲੱਗ ਧਰਮ ਹੈ ਤਾਂ ਆਪਣਾ ਇਸ਼ਟ ਅਤੇ ਆਪਣਾ ਧਾਰਮਿਕ ਗ੍ਰੰਥ ਲੈ ਕੇ ਆਓ ,ਫਿਰ ਆਪ ਨੂੰ ਅਲੱਗ ਹੱਕ-ਹਕੂਕ ਮਿਲਣਗੇ।

ਬਾਬੂ ਮੰਗੂਰਾਮ ਜੀ ਨੇ ਉੱਤਰ ਦਿੱਤਾ, "ਸਾਡੇ ਇਸ਼ਟ ਸ਼੍ਰੀ ਗੁਰੂ ਰਵਿਦਾਸ ਜੀ, ਸਤਿਗੁਰੂ ਭਗਵਾਨ ਵਾਲਮੀਕਿ ਜੀ, ਸਤਿਗੁਰੂ ਕਬੀਰ ਜੀ,ਸਤਿਗੁਰੂ ਨਾਮਦੇਵ ਜੀ ਆਦਿ ਸਾਡੇ ਇਸ਼ਟ ਗੁਰੂ ਹਨ, ਇਹਨਾਂ ਗੁਰੂਆਂ ਦੀ ਬਾਣੀ ਨੂੰ ਮੰਨਕੇ ਇੱਕ ਗ੍ਰੰਥ "ਸ਼੍ਰੀ ਗੁਰੂ ਆਦਿ ਪ੍ਰਗਾਸ਼" ਤਿਆਰ ਕੀਤਾ ਜਾਏਗਾ ਜੋ ਸਾਡਾ ਇਸ਼ਟ ਗ੍ਰੰਥ ਹੋਵੇਗਾ।

ਗੁਰੂ ਰੂਪ ਸਤਸੰਗਤਿ ਜੀ ਫਿਰ ਬਾਬੂ ਮੰਗੂਰਾਮ ਜੀ ਨੇ 1929 ਵਿੱਚ ਲੁਧਿਆਣੇ ਸੰਤ ਸਮੇਲਨ ਕਰਾਇਆ, ਜਿਸ ਵਿੱਚ ਪੰਜਾਬ ਅਤੇ ਪੰਜਾਬ ਦੇ ਬਾਹਰੋਂ ਵੀ ਸੰਤਾ ਮਹਾਂਪੁਰਸ਼ਾਂ ਨੇ ਆਪਣੀ ਹਾਜ਼ਰੀ ਲਗਾਈ।ਇਸ ਸੰਮੇਲਨ ਵਿੱਚ ਡੇਰਾ ਬੱਲਾਂ ਤੋਂ ਸੰਤ ਸਰਵਣ ਦਾਸ ਜੀ ਅਤੇ ਅਨੰਦਗੜ੍ਹ ਤੋਂ ਸੁਆਮੀ ਈਸ਼ਰਦਾਸ ਜੀ ਵੀ ਹਾਜਰ ਹੋਏ।

ਇਸ ਸਮੇਲਨ ਵਿੱਚ ਬਾਬੂ ਜੀ ਅਤੇ ਆਦਿ ਧਰਮ ਮੰਡਲ ਵਲੋਂ ਇਹ ਅਪੀਲ ਕੀਤੀ ਗਈ ਕਿ "ਕੌਣ ਸੰਤ ਮਹਾਪੁਰਸ਼ ਜੋ ਆਦਿ ਧਰਮ ਵਾਸਤੇ ਗ੍ਰੰਥ ਤਿਆਰ ਕਰੇਗਾ?,ਜਿਸ ਵਿਚ ਸਰਬ ਸਾਂਝੀ ਬਾਣੀ ਹੋਵੇ।ਜਿਸ ਵਿੱਚ ਕਿਸੇ ਨਾਲ ਕੋਈ ਵਿਤਕਰਾ ਨਾ ਹੋਵੇ,ਬਾਣੀ ਆਦਿ ਪੁਰਖ ਨਾਲ ਜੋੜਦੀ ਹੋਵੇ। ਅਗਰ ਇਹ ਗ੍ਰੰਥ ਤਿਆਰ ਹੋਏਗਾ ਤਾਂ ਹੀ ਭਾਰਤੀ ਮੂਲਨਿਵਾਸੀ ਸਮਾਜ ਨੂੰ ਹੱਕ ਹਕੂਕ ਮਿਲਣਗੇ,ਨਹੀਂ ਤਾਂ ਫਿਰ ਤੋਂ ਗੁਲਾਮੀ ਦਾ ਸਾਹਮਣਾ ਕਰਨਾ ਪਵੇਗਾ।"

ਕਿਸੀ ਨੇ ਬਾਂਹ ਖੜ੍ਹੀ ਨ ਕੀਤੀ, ਕਿਓਂਕਿ ਗ੍ਰੰਥ ਤਿਆਰ ਕਰਨਾ ਕੋਈ ਆਮ ਗੱਲ ਨਹੀਂ ਸੀ, ਇਆ ਵਾਸਤੇ ਸੰਤ ਜੋ ਨਾਮ ਦਾ ਧਨੀ ਹੋਵੇ, ਅਧਿਆਤਮ ਚ ਭਰਪੂਰ ਹੋਵੇ, ਸੁਰਤ ਅਤੇ ਸ਼ਬਦ ਦੀ ਸਾਰ ਜੋ ਜਾਣਦਾ ਹੋਵੇ, ਓਹੀ ਗ੍ਰੰਥ ਤਿਆਰ ਕਰ ਸਕਦਾ ਸੀ। ਜਦੋਂ ਕਿਸੀ ਨੇ ਬਾਂਹ ਖੜ੍ਹੀ ਨ ਕੀਤੀ ਤਾਂ ਬਾਬੂ ਨਿਰਾਸ਼ ਹੋ ਗਏ ।ਉਹਨਾਂ ਦੀ ਨਿਰਾਸ਼ਾ ਦੇਖ ਸਾਰੇ ਮਹਾਂਪੁਰਸ਼ਾਂ ਨੇ ਕਿਹਾ, ਕਿ ਗਰੰਥ ਕੋਈ ਵੀ ਤਿਆਰ ਕਰੇ, ਬਾਅਦ ਵਿੱਚ ਇਸ ਗ੍ਰੰਥ ਦੀ ਛਪਵਾਈ ਅਤੇ ਹੋਰ ਸੇਵਾ ਸਭ ਰਲਕੇ ਕਰਨਗੇ।

ਬਾਬੂ ਜੀ ਨੂੰ ਤਾਂ ਸੁਆਮੀ ਈਸ਼ਰਦਾਸ ਜੀ ਬਾਰੇ ਪਤਾ ਹੀ ਸੀ। ਸਤਿਗੁਰੂ ਸੁਆਮੀ ਈਸ਼ਰਦਾਸ ਜੀ ਦੀ ਉਮਰ ਉਸ ਸਮੇ 29 ਸਾਲ ਦੀ ਸੀ। 29 ਸਾਲ ਦੀ ਉਮਰ ਚ ਹੀ ਸੁਆਮੀ ਜੀ ਨਾਮ ਦੇ ਧਨੀ ਸੰਤ ਸਨ, ਕਿਓਂਕਿ ਮਹਾਰਾਜ 7 ਸਾਲ ਦੀ ਉਮਰ ਤੋਂ ਹੀ ਬਾਣੀ ਉਚਾਰਦੇ ਸਨ। ਬਾਬੂ ਜੀ ਨੇ ਸੁਆਮੀ ਜੀ ਨੂੰ ਬੇਨਤੀ ਕੀਤੀ ਕਿ ਇਹ ਆਦਿ ਧਰਮ ਕੌਮ ਦੀ ਗ੍ਰੰਥ ਦੀ ਸੇਵਾ ਤੁਸੀਂ ਕਰੋ,ਹੋਰ ਕੋਈ ਵੀ ਇਸ ਸੇਵਾ ਲਈ ਸਮਰੱਥ ਨਹੀਂ ਹੈ।

ਸੁਆਮੀ ਈਸ਼ਰਦਸ ਮਹਾਰਾਜ ਜੀ ਨੇ ਹੱਥ ਜੋੜਕੇ ਸਭ ਸੰਗਤ ਵਿੱਚ ਕਿਹਾ:-

ਲਘੂ ਸੇਵਕ ਮੈ ਗੁਰ ਕੀ ਮਹਿਮਾ ਲਿਖੀ ਨ ਜਾਇ।।
ਜੇ ਗੁਰ ਕ੍ਰਿਪਾ ਕਰਨਗੇ ਤਾਂ ਆਪੇ ਲੈਣ ਲਿਖਾਇ।।

ਸਤਗੁਰੂ ਜੀ ਨੇ ਕਿਹਾ ਕਿ ਮੈ ਤਾਂ ਛੋਟਾ ਜਿਹਾ ਸੇਵਕ ਹਾਂ, ਪਰ ਗੁਰੂ ਜੀ ਦੀ ਅਪਾਰ ਮਹਿਮਾ ਲਿਖਣਾ ਮੇਰੇ ਵਸ ਨਹੀਂ, ਪਰ ਅਗਰ ਸਤਿਗੁਰੂ ਰਵਿਦਾਸ ਮਹਾਰਾਜ ਜੀ ਦੀ ਕ੍ਰਿਪਾ ਹੋਈ ਤਾਂ ਆਪੇ ਹੀ ਮੇਰੇ ਕੋਲੋਂ ਆਪਣੀ ਕੌਮ ਦਾ ਗ੍ਰੰਥ ਤਿਆਰ ਕਰਾਉਣਗੇ।

ਗੁਰੂ ਪਿਆਰੀ ਸਤਸੰਗਤਿ ਜੀ, ਫਿਰ ਕੀ ਸੀ,ਸਤਿਗੁਰੂ ਸੁਆਮੀ ਈਸ਼ਰਦਾਸ ਮਹਾਰਾਜ ਜੀ ਨੇ ਇਹ ਆਦਿ ਧਰਮ ਦੇ ਗ੍ਰੰਥ ਦੀ ਜੁੰਮੇਵਾਰੀ ਚੁੱਕ ਲਈ, ਅਤੇ ਅਕਤੂਬਰ 1929 ਵਿੱਚ ਆਦਿ ਧਰਮ ਦਾ ਪਵਿੱਤਰ ਗ੍ਰੰਥ "ਸ਼੍ਰੀ ਗੁਰੂ ਆਦਿ ਪ੍ਰਗਾਸ਼" ਲਿਖਣਾ ਸ਼ੁਰੂ ਕਰ ਦਿੱਤਾ।1929 ਤੋਂ 1930 ਤੱਕ ਜਿੰਨਾ ਵੀ ਗ੍ਰੰਥ ਤਿਆਰ ਹੋਇਆ ਨੂੰ ਆਧਾਰ ਮੰਨਕੇ ਹੀ 1930 ਵਿਚ ਸਾਡਾ ਅਲੱਗ ਧਰਮ ਆਦਿ ਧਰਮ ਰਜਿਸਟਰਡ ਹੋ ਗਿਆ ਅਤੇ 1931 ਦੀ ਮਰਦਮਸ਼ੁਮਾਰੀ ਵਿੱਚ 4 ਲੱਖ 85 ਹਜ਼ਾਰ ਲੋਕਾਂ ਨੇ ਆਪਣਾ ਧਰਮ "ਆਦਿ ਧਰਮ" ਲਿਖਵਾਇਆ। ਫਿਰ ਜਦੋਂ ਅਪ੍ਰੈਲ 1932 ਵਿੱਚ ਲਾਰਡ ਲੋਥੀਅਨ ਕਮੇਟੀ ਲਾਹੌਰ ਸ਼ਾਲਾ ਬਾਗ ਪਹੁੰਚੀ ਤਾਂ ਇਸ ਕਮੇਟੀ ਵਿੱਚ ਸਭ ਧਰਮਾਂ ਦੇ ਨੁਮਾਇੰਦੇ ਪਹੁੰਚੇ,ਇਸ ਕਮੇਟੀ ਦਾ ਮੁੱਖ ਮਕਸਦ ਭਾਰਤ ਦੀ ਆਰਥਿਕ, ਸਮਾਜਿਕ ਦਸ਼ਾ ਦੇਖਣਾ ਸੀ ਅਤੇ ਭਾਰਤੀ ਮੂਲਨਿਵਾਸੀ ਲੋਕਾਂ ਨੂੰ ਓਹਨਾ ਦੇ ਹੱਕ ਦੇਣਾ ਸੀ। ਇਸ ਕਮੇਟੀ ਵਿੱਚ ਸਾਰੇ ਧਰਮ ਦੇ ਨੁਮਾਉਂਦਿਆਂ ਦੀ ਆਪਸ ਵਿੱਚ ਬਹੁਤ ਬਹਿਸ ਹੋਈ, ਅਛੂਤਾਂ ਵਲੋਂ ਬਾਬੂ ਮੰਗੂਰਾਮ ਜੀ ਆਪਣੇ 2000 ਸਾਥੀਆਂ ਨਾਲ ਪਹੁੰਚੇ। ਡਾਕਟਰ ਭੀਮ ਰਾਓ ਅੰਬੇਡਕਰ ਉਸ ਸਮੇ ਆਦਿ ਧਰਮ ਮੰਡਲ ਦੇ ਵਕੀਲ ਦੀ ਹੈਸੀਅਤ ਨਾਲ, ਕਮੇਟੀ ਵਿੱਚ ਵਹਿਸ ਦਾ ਜਬਾਬ ਅੰਗਰੇਜ਼ੀ ਅਨੁਵਾਦ ਕਰਕੇ ਦੇ ਰਹੇ ਸਨ।

(ਹਵਾਲਾ: ਸੰਖੇਪ ਨਾਲ ਪੜ੍ਹੋ ਆਦਿ ਧਰਮ ਮੰਡਲ ਰਿਪੋਰਟ 1931)

ਇਸ ਕਮੇਟੀ ਵਿੱਚ ਵੀ ਆਦ ਧਰਮ ਮੰਡਲ ਵਲੋਂ, ਆਦ ਧਰਮ ਦਾ ਗ੍ਰੰਥ ਸ਼੍ਰੀ ਗੁਰੂ ਆਦਿ ਪ੍ਰਗਾਸ਼ ਪੇਸ਼ ਕੀਤਾ ਗਿਆ ਅਤੇ ਵੱਖਰੇ ਹੱਕਾਂ-ਹਕੂਕਾਂ ਦੀ ਮੰਗ ਕੀਤੀ ਗਈ। ਇਹ ਸਭ ਹਾਲਾਤ ਦੇਖਦੇ ਲੰਦਨ ਗੋਲਮੇਜ ਕਾਨਫਰੰਸ 1932 ਵਿੱਚ ਡਾਕਟਰ ਅੰਬੇਡਕਰ ਜੀ ਨੂੰ ,ਆਦਿ ਧਰਮ ਮੰਡਲ ਵਲੋਂ , ਅਛੂਤਾਂ ਦਾ ਲੀਡਰ ਬਣਾ ਕੇ ਪੇਸ਼ ਕੀਤਾ ਗਿਆ। ਇਹ ਮਿਹਨਤ ਰੰਗ ਲਿਆਈ ਅਤੇ ਲੰਦਨ ਗੋਲਮੇਜ ਕੰਨਫਰੈਂਸ ਵਿੱਚ ਭਾਰਤੀ ਆਦਿ ਧਰਮੀ ਮੂਲਨਿਵਾਸੀਆਂ ਨੂੰ ਕਮਿਊਨਲ ਐਵਾਰਡ ਦਿੱਤਾ ਗਿਆ,ਜਿਸ ਚ ਸਾਨੂੰ ਦੋਹਰੀ ਨਾਗਰਿਕਤਾ ਮਿਲ ਗਈ, ਵੋਟ ਦਾ ਹੱਕ ਮਿਲਿਆ, ਪੜਾਈ ਦਾ ਹੱਕ ,ਜਮੀਨ-ਜਾਇਦਾਦ ਖਰੀਦਣ ਆਦਿ ਹੱਕ ਮਿਲ ਗਏ। ਇਹ ਸਭ ਸਤਿਗੁਰ ਸੁਆਮੀ ਈਸ਼ਰਦਾਸ ਜੀ ਦੁਆਰਾ ਰਚਿਤ ਸਰਬ ਸਾਂਝੀ ਬਾਣੀ ਸਾਡਾ ਇਸ਼ਟ ਸ਼੍ਰੀ ਗੁਰੂ ਆਦਿ ਪ੍ਰਗਾਸ਼ ਗ੍ਰੰਥ ਸਦਕਾ ਅਤੇ ਆਦਿ ਧਰਮ ਮੰਡਲ ਸਦਕਾ ਹੋਇਆ।

ਸਤਿਗੁਰੂ ਸੁਆਮੀ ਜੀ ਨੇ ਇਸ ਗ੍ਰੰਥ ਨੂੰ ਲਗਭਗ 30 ਸਾਲ ਦੇ ਸਮੇ 1929ਤੋਂ1959 ਤੱਕ ਸੰਪੂਰਨ ਕਰ ਦਿੱਤਾ।ਜਿਸ ਵਿੱਚ ਸੁਆਮੀ ਜੀ ਨੇ ਗੁਰੂ ਵਾਲਮੀਕਿ ਜੀ,ਗੁਰੂ ਕਬੀਰ ਜੀ, ਗੁਰੂ ਰਵਿਦਾਸ ਜੀ,ਗੁਰੂ ਨਾਮਦੇਵ ਜੀ ਤੋਂ ਇਲਾਵਾ 700 ਸੰਤਾਂ ਦੇ ਨਾਮ ਤੇ ਬਾਣੀ ਅੰਕਿਤ ਕੀਤੀ। ਸੰਪੂਰਨ ਬਾਣੀ ਰਾਗਾਂ, ਛੰਦਾਂ, ਸਲੋਕਾਂ,ਦੋਹਿਆਂ, ਅਤੇ ਕੁੰਡਲੀਆਂ ਵਿੱਚ ਅੰਕਿਤ ਕੀਤੀ। ਸਤਿਗੁਰੂ ਸੁਆਮੀ ਈਸ਼ਰਦਾਸ ਜੀ ਨੇ ਸਾਰੀ ਬਾਣੀ ਅੰਧਵਿਸ਼ਵਾਸਾਂ, ਕਰਮਕਾਂਡਾਂ ਦੀ ਵਿਰੁੱਧ ਰਚਿਤ ਕਰਕੇ ਪੂਰੀ ਮਾਨਵਤਾ ਨੂੰ ਮੁਕਤੀ ਦਾ ਮਾਰਗ ਦਿਖਾਇਆ ਅਤੇ ਬਾਣੀ ਨੂੰ ਗੁਰੂ ਰੂਪ ਜਾਣ ਕੇ ਉਪਦੇਸ਼ ਦਿੱਤਾ:

ਆਦਿ ਧਰਮਿਓ ਗੁਰੂ ਆਦਿ ਪ੍ਰਗਾਸ਼ ਆਦੀ ਏਹੋ ਨਾਮ।।
ਤਨ ਮਨ ਧਨ ਲੈ ਖ਼ਿਦਮਤ ਕਰਨੀ ਬਿਸਰੈ ਸੁਬਹ ਨ ਸ਼ਾਮ।।੧।।
ਆਦਿ ਪੁਰਖ ਆ ਦਰਸਨ ਦੀਨਾ ਬਾਣੀ ਭਈ ਅਕਾਸ਼।।
ਗਨ ਗੁਰੂਆਂ ਕਿ ਅਨਕੰਪਾ ਹੋਇ ਲਿਖਿਓ ਆਦਿ ਪ੍ਰਗਾਸ਼।।੨।।

ਸੁਆਮੀ ਜੀ ਇਹ ਉਪਦੇਸ਼ ਸਭ ਸੰਗਤ ਨੂੰ ਦੇ ਕੇ 18 ਜੁਲਾਈ1963 ਨੂੰ ਜੋਤਿ-ਜੋਤ ਸਮਾ ਗਏ।

ਸੋ ਗੁਰੂ ਪਿਆਰੀ ਸਤਸੰਗਤਿ ਜੀ, ਆਓ ਅਸੀਂ ਸਭ ਰਲਕੇ ਆਪਣੇ ਗੁਰੂਆਂ ,ਮਹਾਪੁਰਸ਼ਾਂ ਦੇ ਰਸਤੇ ਚਲੀਏ। ਸਭ ਰਲ ਮਿਲ ਕੇ ਆਪਸੀ ਵਿਤਕਰੇ ਭੁਲਾ ਕੇ "ਆਦਿ ਧਰਮ"ਦੀ ਸ਼ਰਨ ਵਿੱਚ ਆਈਏ ਅਤੇ ਆਦਿ ਧਰਮ ਦੇ ਇਸ ਅਨਮੋਲ ਗ੍ਰੰਥ ਸ਼੍ਰੀ ਗੁਰੂ ਆਦਿ ਪ੍ਰਗਾਸ਼ ਨੂੰ ਆਪਣੇ ਆਦਿ ਦੁਆਰੇ(ਗੁਰੂ ਘਰ) ਵਿੱਚ ਪ੍ਰਕਾਸ਼ ਬਾਣੀ ਰਾਹੀਂ ਆਪਣੀ ਆਣ ਵਾਲੀ ਪੀੜ੍ਹੀ ਨੀ ਵੀ ਆਦਿ ਪੁਰਖ ਦੇ ਸ਼ਬਦ ਸਿਮਰਨ ਨਾਲ ਜੋੜਕੇ,ਆਪਣਾ ਜੀਵਨ ਸਫਲਾ ਬਣਾਈਏ ਜੀ। ਇਹ ਮਾਰਗ ਹੀ ਸਮਾਜ ਅਤੇ ਪੂਰੀ ਮਾਨਵਤਾ ਲਈ ਕਲਿਆਣਹਿੱਤ ਹੈ। ਸੋਹੰ ਧੰਨ ਗੁਰਦੇਵ।
ਬੋਲੇ ਸੋ ਨਿਰਭੈ।।
ਗੁਰੂ ਵਾਲਮੀਕ ਗੁਰੂ ਰਵਿਦਾਸ ਸਭ ਗੁਰੂਆਂ ਕੀ ਜੈ।।

## ਆਪਣਾ ਚਾਹੇ ਦੂਰ ਵੀ ਹੋਵੇ

ਆਪਣਾ ਚਾਹੇ ਦੂਰ ਵੀ ਹੋਵੇ
ਦਰਦ ਤਾਂ ਫੇਰ ਵੀ ਉਠਦਾ ਏ
ਆਪਣੇ ਹੀ ਗੁੱਸੇ ਰਾਜੀ ਹੁੰਦੇ
ਇੱਥੇ ਕੌਣ ਪਰਾਇਆ ਰੁੱਸਦਾ ਏ
ਆਪਣਾ ਚਾਹੇ ਦੂਰ ਵੀ ਹੋਵੇ
ਦਰਦ ਤਾਂ ਫੇਰ ਵੀ ਉਠਦਾ ਏ।

ਆਪਣਿਆਂ ਨਾਲ ਹੀ ਮਾਣ ਜਿਹਾ ਹੁੰਦਾ
ਬਿਨ ਆਪਣਿਆਂ ਬੰਦਾ ਬਣੇ ਵਿਚਾਰਾ
ਪਰ ਆਪਣਾ ਜਦ ਬਣੇ ਬੇਗਾਨਾ
ਫੇਰ ਗੱਲਾਂ ਜੱਗ ਕਰਦਾ ਸਾਰਾ
ਤੀਰ ਗੱਲਾਂ ਦੇ ਜਦ ਸੀਨੇ ਚੁਭਦੇ
ਫਿਰ ਉਦੋਂ ਮਨ ਦੁਖਦਾ ਏ
ਆਪਣਾ ਚਾਹੇ ਦੂਰ ਵੀ ਹੋਵੇ
ਦਰਦ ਤਾਂ ਫੇਰ ਵੀ ਉਠਦਾ ਏ।

ਟੱਬਰਾਂ ਨਾਲ ਹੀ ਰੌਣਕ ਹੁੰਦੀ
ਬਿਨ ਟੱਬਰਾਂ ਦੇ ਪੈਣ ਉਜਾੜੇ
ਪੈਸਾ, ਸ਼ੋਹਰਤ, ਆਕੜ, ਚੁਗਲੀ
ਸਭ ਥਾਂਹੀ ਇਹ ਪੌਣ ਪੁਆੜੇ
ਕੱਲਿਆਂ ਨੂੰ ਲੋਕੀ ਦੱਬ ਹੀ ਲੈਂਦੇ
ਤੇ ਬੰਦਾ ਵਿਚ ਮਜਬੂਰੀ ਝੁਕਦਾ ਏ
ਆਪਣਾ ਚਾਹੇ ਦੂਰ ਵੀ ਹੋਵੇ
ਦਰਦ ਤਾਂ ਫੇਰ ਵੀ ਉਠਦਾ ਏ।

ਇਕ ਪੰਛੀ ਮੈਨੂੰ ਆ ਕੇ ਕਹਿੰਦਾ
ਮੈਨੂੰ ਮੇਰੇ ਆਪਣਾ ਮਿਲਾ ਦੇ
ਕਿਹੜੇ ਸ਼ਹਿਰ ਗਰਾਂ ਰਹਿੰਦੇ ਨੇ
ਸਰਨਾਮਾ ਮੈਨੂੰ ਦੱਸ ਦਸਾ ਦੇ
ਕਹਿੰਦਾ ਕੱਲਾ ਕਿਤੇ ਮਰ ਨਾ ਜਾਮਾਂ
ਸੋਚ ਕੇ ਮੇਰਾ ਸਾਹ ਸੁੱਕਦਾ ਏ
ਆਪਣਾ ਚਾਹੇ ਦੂਰ ਵੀ ਹੋਵੇ
ਦਰਦ ਤਾਂ ਫੇਰ ਵੀ ਉਠਦਾ ਏ।

ਬੇਲੇ ਵਿਚ ਇਕ ਰੁੱਖ ਸੀ ਕੱਲਾ
ਮੈਂ ਜਾ ਕੇ ਉਹਦੀ ਛਾਵੇਂ ਬਹਿ ਗਿਆ
ਕੱਲੇ ਪਣ ਦਾ ਝੌਰਾ ਕਹਿੰਦਾ
ਜਾਨ ਮੇਰੀ ਨੂੰ ਲੈ ਕੇ ਬਹਿ ਗਿਆ
ਬਾਕੀ ਕੱਠੇ ਦੱਸ ਤੂੰ ਕਿਉਂ ਕੱਲਾ
ਹਰ ਟਾਹਣੀ ਪੱਤਾ ਪੁੱਛਦਾ ਏ
ਆਪਣਾ ਚਾਹੇ ਦੂਰ ਵੀ ਹੋਵੇ
ਦਰਦ ਤਾਂ ਫੇਰ ਵੀ ਉਠਦਾ ਏ।

ਕੱਲੇਪਣ ਦਾ ਦਰਦ ਬੁਰਾ ਏ
'ਪਿੱਪਲਾਂਵਾਲੀਆ' ਸਹਿ ਨਹੀਂ ਹੁੰਦਾ
ਆਪਣਾ ਚਾਹੇ ਵੱਖ ਵੀ ਹੋ ਜਾਏ
ਪਰ ਪਰਾਇਆ ਕਹਿ ਨਹੀਂ ਹੁੰਦਾ
ਰੰਗ ਲਹੂ ਦੇ ਭਾਵੇਂ ਫਿੱਕੇ ਪੈ ਗਏ
ਪਰ ਉਬਾਲਾ ਅੱਜ ਵੀ ਉਠਦਾ ਏ
ਆਪਣਾ ਚਾਹੇ ਦੂਰ ਵੀ ਹੋਵੇ
ਦਰਦ ਤਾਂ ਫੇਰ ਵੀ ਉਠਦਾ ਏ।
ਆਪਣੇ ਹੀ ਗੁੱਸੇ ਰਾਜੀ ਹੁੰਦੇ
ਇੱਥੇ ਕੌਣ ਪਰਾਇਆ ਰੁੱਸਦਾ ਏ
ਆਪਣਾ ਚਾਹ ਦੂਰ ਵੀ ਹੋਵੇ ....



-ਜੋਗਿੰਦਰ ਧਾਮੀ
'ਪਿੱਪਲਾਂਵਾਲੀਆ

## ਜਨਮਦਾਤੀ

ਮਾਂ ਤੂੰ ਮੈਨੂੰ ਜੱਗ ਦਿਖਾਇਆ
ਰਿੜ੍ਹਨ ਸਿਖਾਇਆ, ਤੁਰਨ ਸਿਖਾਇਆ
ਤੁਤਲੀਆਂ ਗੱਲਾਂ ਕਰਨ ਸਿਖਾਇਆ।

ਜੀਵਲ ਤੇ ਤੂਫਾਨਾਂ ਅੱਗੇ
ਸੀਨਾ ਤਾਣ ਕੇ ਖੜ੍ਹਨ ਸਿਖਾਇਆ।

ਪਾਸੇ ਰੱਖ ਬੁਰਾਈਆਂ ਕੋਲੋਂ
ਸੱਚਾਈ ਤੇ ਖੜ੍ਹਨ ਸਿਖਾਇਆ।



ਵਾਧਾ ਕਰੇ ਜੋ ਮੇਰੇ ਉਤੇ
ਉਸ ਦੇ ਸੰਗ ਤੂੰ ਲੜਨ ਸਿਖਾਇਆ।

ਉਚੀ ਤੋਂ ਉਚੀ ਚੋਟੀ ਤੇ
ਪੌੜੀ ਪੌੜੀ ਚੜ੍ਹਨ ਸਿਖਾਇਆ।

ਖੂਬ ਖਿਡਾਇਆ, ਖੂਬ ਪੜ੍ਹਾਇਆ
ਦੁਨੀਆਂ ਦਾ ਖਾਸਾ ਸਮਝਾਇਆ।

ਪਾਲਿਆ ਪੋਸਿਆ ਧੰਦੇ ਲਾਇਆ
ਚਾਵਾਂ ਦੇ ਸੰਗ ਕਾਜ ਰਚਾਇਆ।

ਫੁੱਲਾਂ ਜਿਹੀ ਸਾਥਣ ਸੰਗ ਵਿਆਹਿਆ
ਲਾਲਾਂ ਦਾ ਵਰ ਝੋਲੀ ਪਾਇਆ।

ਸਾਡੇ ਸੁੱਖ ਤੇ ਖੁਸ਼ਹਾਲੀ ਲਈ
ਦੇਵਤਿਆਂ, ਪੀਰਾਂ ਤਾਈਂ ਧਿਆਇਆ।

ਅਸੀਂ ਤਿਰੇ ਭੁੱਲਣਹਾਰਾਂ ਨੇ
ਤੇਰਾ ਪੂਰਾ ਮੁੱਲ ਨਾ ਪਾਇਆ।

ਤੇਰਾ ਸੀਨਾ ਠੰਡਾ ਰੱਖਦੇ
ਇਹ ਵੀ ਸਾਨੂੰ ਵੱਲ ਨਾ ਆਇਆ।

ਮਾਂ ਤੂੰ ਮੈਨੂੰ ਜੱਗ ਦਿਖਾਇਆ
ਰਿੜ੍ਹਨ ਸਿਖਾਇਆ, ਤੁਰਨ ਸਿਖਾਇਆ।

ਉਦੈ ਰਣਦੇਵ 98786-70658

## ਵੱਢ ਕੇ ਜੜ੍ਹਾਂ ਤੂੰ ਹੁਣ

ਪੁੱਛਦਾ ਏ ਹਾਲ ਵੇ
ਦੱਸ ਕੀ ਸੀ ਕੀਤਾ ਅਸੀ
ਮਾੜਾ ਤੇਰੇ ਨਾਲ ਵੇ
ਹੰਝੂਆਂ ਦੇ ਨਾਲ ਨਿੱਤ
ਪਲਕਾਂ ਨੂੰ ਧੋਂਦੇ ਆਂ
ਗ਼ਮ ਅਸੀਂ ਰੱਖ ਕੇ
ਸਿਰ੍ਹਾਣੇ ਨਿੱਤ ਸੌਂਦੇ ਆਂ
ਤਿੜਕੇ ਘੜੇ ਦੇ ਵਾਂਗੂੰ
ਨਿੱਤ ਚੋਈ ਜਾਨੇ ਆਂ
ਉੱਤੋਂ ਉੱਤੋਂ ਹੱਸੀਏ ਤੇ
ਵਿੱਚੋਂ ਰੋਈ ਜਾਨੇ ਆਂ
ਸੱਚੀ ਸਾਡੇ ਦਿਲੋਂ ਵਹਿਮ
ਕੱਢ ਦਿੱਤਾ ਤੈਂ ਵੇ
ਪੱਥਰ ਨੂੰ ਰੱਬ ਮੰਨ
ਪੂਜਦੀ ਰਹੀ ਮੈਂ ਵੇ
ਬੁਝਾ ਨਾ ਸਕੇ ਹਿਜਰਾਂ ਦੀ
ਅੱਗ ਹੰਝੂ ਖਾਰੇ ਵੇ
ਜਾਨ ਕਾਹਤੋਂ ਕੱਢਦੇ ਨੇ
ਜਾਨ ਤੋਂ ਪਿਆਰੇ ਵੇ
ਇੱਕ ਵਾਰੀ ਬੋਲਦਾ
ਮੈਂ ਦਿੰਦੀ ਜਾਨ ਵਾਰ ਵੇ
ਇੰਜ ਤਾਂ ਨਾਂ ਡੋਬਦਾ
ਤੂੰ ਵਿੱਚ ਮੰਝਧਾਰ ਵੇ
ਕਿੱਧਰ ਨੂੰ ਜਾਈਏ
ਕੋਈ ਲੱਭਦਾ ਨੀ ਰਾਹ ਵੇ
ਖੁਦਾ ਸੀ ਤੂੰ ਮੇਰਾ
ਤੇਰਾ ਸ਼ਹਿਰ ਦਰਗਾਹ ਵੇ
ਖਿਜ਼ਾ ਤੇਰੇ ਸ਼ਹਿਰ ਵਾਲੀ
ਬਣ ਗਈ ਸ਼ਰੀਕ ਵੇ
ਛੱਡ ਦਿੱਤੀ ਅਸੀਂ ਤੇਰੇ
ਆਉਣ ਦੀ ਉਡੀਕ ਵੇ
ਬੁਰਕੇ ਦੇ ਵਿੱਚੋਂ ਕਾਹਦਾ
ਝਾਕਿਆ ਸੀ ਬਾਹਰ ਵੇ
"ਵੀਰਪਾਲ" ਜਿਓਂਦਿਆ ਨੂੰ
ਗਇਓਂ ਸਾਨੂੰ ਮਾਰ ਵੇ



-ਵੀਰਪਾਲ ਕੌਰ ਭੱਠਲ
91-97810-13953

## ਪਿਆਰ

ਜਿਹੜਾ ਲਾਉਂਦਾ ਤੇ ਲੱਗੀਆਂ ਦੇ ਦੁੱਖ ਜਾਣਦਾ
ਨਾ ਕੋਈ ਅੱਗੋਂ ਪਿੱਤੋਂ ਵੇਖਿਆ ਕੋਈ ਸੁੱਖ ਮਾਣਦਾ
ਜਿਵੇਂ ਨਦੀ ਦੇ ਕਿਨਾਰੇ ਲੱਗਾ ਰੁੱਖ ਜਾਣਦਾ
ਦਿਲ ਮਿਲਿਆਂ ਦੇ ਮੇਲੇ ਮੌਤ ਜ਼ਿੰਦਗੀ ਨਾ ਖੇਲੇ
ਉਦੋਂ ਰੱਬ ਵੀ ਤਾਂ ਉਹਨਾਂ ਕੋਲੋਂ ਬੱਸ ਡਰ ਗਿਆ
ਉਹੀ ਕਰਦੇ ਪਿਆਰ ਸੱਚਾ ਸੋਹਣਿਆ
ਜਿਹੜਾ ਲੱਗੀਆਂ ਦੇ ਦੁੱਖ ਦਿਲ ਉੱਤੇ ਜਰ ਗਿਆ।

ਤੂੰ ਸੁਣੀ ਤੇ ਸੁਣਾਵਾਂ ਤੈਨੂੰ ਬਾਤ ਸੋਹਣਿਆ
ਦਿਲ ਲੱਗਦਾ ਹੈ ਵੱਡਾ ਛੋਟੀ ਰਾਤ ਸੋਹਣਿਆ
ਟਾਈਮ ਕੱਢਦੇ ਨਾ ਪੁੱਛੇ ਕੋਈ ਜਾਤ ਸੋਹਣਿਆ
ਗੱਲਾਂ ਹੋਣ ਚਾਰੇ ਪਾਸੇ ਸਾਰੇ ਖ਼ੂਨ ਦੇ ਪਿਆਸੇ
ਕਿਵੇਂ ਮਿਰਜ਼ਾ ਮਿਸਾਲ ਵੀ ਤਾਂ ਕਾਇਮ ਕਰ ਗਿਆ
ਉਹੀ ਕਰਦੇ ਪਿਆਰ ਸੱਚਾ ਸੋਹਣਿਆ ਜਿਹੜਾ ..

ਭੁੱਖ ਲੱਗਦੀ ਨਾ ਦੱਸ ਫਿਰ ਨੀਂਦ ਕਦੋਂ ਆਉਣੀ
ਲੋਕ ਪੁੱਛਦੇ ਨੇ ਸਾਰੀ ਪੈਂਦੀ ਗੱਲ ਸਮਝਾਉਣੀ
ਸੀਸ ਤਲੀ ਉੱਤੇ ਧਰ ਕਿਵੇਂ ਮੌਤ ਤਾਂ ਵਿਆਹੁਣੀ
ਜਿਵੇਂ ਸੋਹਣੀ ਦੀ ਨਨਾਣ ਜਿਹੜੀ ਹੋਈ ਬੇਈਮਾਨ
ਘੜਾ ਨਦੀ ਦੇ ਵਿਚਾਲੇ ਜਾ ਕੇ ਸਾਰਾ ਖਰ ਗਿਆ
ਉਹੀ ਕਰਦੇ ਪਿਆਰ ਸੱਚਾ ਸੋਹਣਿਆ ਜਿਹੜਾ ..

ਲਾ ਕੇ ਐਨਕਾਂ ਤੇ ਲੱਗਦਾ ਸਟਾਰ ਕੁੜੀਓ
ਧਰਮਿੰਦਰ ਦਾ ਪੱਕਾ ਗੂੜ੍ਹਾ ਯਾਰ ਕੁੜੀਓ
ਮੈਨੂੰ ਪੈਂਦਾ ਸੀ ਭੁਲੇਖਾ ਕਈ ਵਾਰ ਕੁੜੀਓ
ਮੈਂ ਵੀ 'ਹੇਮਾ' ਨਾਲੋਂ ਸੋਹਣੀ ਉਹਨੂੰ ਲੱਗੀ ਮਨਮੋਹਣੀ
'ਦੇਵ ਘੋਲੀਏ' ਦਾ ਮੇਰੇ ਉੱਤੇ ਤਾਹੀਉਂ ਮਰ ਗਿਆ
ਉਹੀ ਕਰਦੇ ਪਿਆਰ ਸੱਚਾ ਸੋਹਣਿਆ
ਜਿਹੜਾ ਲੱਗੀਆਂ ਦੇ ਦੁੱਖ ਦਿਲ ਉੱਤੇ ਜਰ ਗਿਆ।



ਦੇਵ ਘੋਲੀਆ
559-232-7764

## ਅਸੀ ਆਵਾਂਗੇ

ਤੁਹਾਡੇ ਡੇਅਰੀ ਫਾਰਮਾਂ ਨੂੰ
ਬਿਨਾ ਸ਼ੱਕ
ਅਸੀਂ ਦੇਖਣ ਆਵਾਂਗੇ ।

ਪਹਿਲਾਂ ਸਾਨੂੰ
ਇਹ ਸੁਨਿਸਚਿਤ
ਕਰ ਲੈਣ ਦੇਵੋ
ਹਲਵਾਈ ਦੀ
ਦੁਕਾਨ ਨੂੰ
ਦੁੱਧ ਦੀ ਪਹੁੰਚ
ਸਰਕਾਰੀ ਮਹਿਕਮਾ ਕਰੇ
ਤਾਂ ਜੋ ਉਸਦੇ
ਸਿਰ ਉੱਤੇ
ਸੈਂਪਲ ਭਰੇ ਜਾਣ ਦੀ
ਤਲਵਾਰ
ਲਟਕਦੀ ਨਾ ਰਹੇ

ਤੁਹਾਡੇ ਸਵੀਮਿੰਗ ਪੂਲਾਂ ਨੂੰ
ਬਿਨਾ ਸ਼ੱਕ
ਅਸੀਂ ਦੇਖਣ ਆਵਾਂਗੇ ।

ਪਹਿਲਾਂ ਸਾਨੂੰ
ਪਾਣੀ ਦੀਆਂ
ਕੁੱਝ ਲੱਪਾਂ
ਭਰ ਲੈਣ ਦੇਵੋ
ਉਸ ਪੰਜਾਬ ਵਾਸਤੇ
ਜਿਸਦੇ ਖੇਤਾਂ ਤੋਂ
ਨਹਿਰਾਂ ਦਾ ਪਾਣੀ
ਚੁਰਾਇਆ ਗਿਆ ਹੈ ।

ਤੁਹਾਡੇ ਰਾਜਭਵਨਾ ਨੂੰ
ਬਿਨਾ ਸ਼ੱਕ
ਅਸੀਂ ਦੇਖਣ ਆਵਾਂਗੇ ।

ਪਹਿਲਾਂ ਸਾਨੂੰ
ਗੁਰਦਵਾਰੇ , ਮੰਦਰਾਂ ,
ਮਸਜਿਦਾਂ ਅਤੇ ਚਰਚਾਂ
ਦੀਆਂ ਛੱਤਾਂ ਨੂੰ
ਉਨ੍ਹਾਂ ਫਰੀਕਾ
ਦੇ ਨਾਮ
ਰਜਿਸਟਰੀ ਕਰ
ਲੈਣ ਦੇਵੋ
ਜਿਨ੍ਹਾਂ ਨੂੰ ਬੇ ਘਰੇ,
ਖਾਨਾਬੇਦੋਸ਼ ਕਰ
ਦਿੱਤਾ ਗਿਆ ਹੈ ।

ਤੁਹਾਡੇ ਮੁਰੱਬਿਆਂ ਨੂੰ
ਬਿਨਾ ਸ਼ੱਕ
ਅਸੀਂ ਦੇਖਣ ਆਵਾਂਗੇ ।

ਪਹਿਲਾਂ ਸਾਨੂੰ
ਕੁੱਝ ਜ਼ਮੀਨਾ ਦੇ
ਟੁਕੜਿਆਂ ਦੀ
ਨਿਸ਼ਾਨ ਦੇਹੀ
ਕਰ ਲੈਣ ਦੇਵੋ
ਉਨ੍ਹਾ ਤ੍ਰੀਮਤਾਂ ਵਾਸਤੇ
ਜਿਨ੍ਹਾਂ ਦੀਆਂ ਮੱਝਾਂ
ਪੱਠੇ ਖਾਂਦੀਆ ਹਨ
' ਤੇ ਉਨ੍ਹਾਂ ਨੂੰ
ਪੂਰੇ ਭਾਰਤ ਦੇ
ਬੰਨਿਆਂ ਉੱਤੋਂ
ਘਾਹ ਖੋਤਣ ਦੀ
ਮਨਾਹੀ ਹੈ ।



ਤੁਹਾਡੇ ਡੇਅਰੀ ਫਾਰਮਾਂ ਨੂੰ
ਤੁਹਾਡੇ ਸਵੀਮਿੰਗ ਪੂਲਾਂ ਨੂੰ
ਤੁਹਾਡੇ ਰਾਜ ਭਵਨਾ ਨੂੰ
ਤੁਹਾਡੇ ਮੁਰੱਬਿਆਂ ਨੂੰ
ਬਿਨਾ ਸ਼ੱਕ
ਅਸੀਂ ਦੇਖਣ ਆਵਾਂਗੇ ।

ਕਮਲਦੇਵ ਪਾਲ
925-698-8974

# KB USED AUTO SALES



## 8655 B Monterey Street Gilroy, CA 95020

Kashmiri Bhatia,
Dealer/Broker
408-848-2365

50% OFF WARRANTY
with Qualifying Car Purchase

IN HOUSE
FINANCING AVALIABLE
www. kbusedautosales.com

ਅਸੀਂ ਖਰੀਦਦਾਰਾਂ ਨੂੰ ਆਸਾਨ ਕਿਸ਼ਤਾਂ ਤੇ ਲੋਨ ਲਈ ਮਦਦ ਕਰਦੇ ਹਾਂ



Kashmiri Bhatia & his wife

# K&K AUTO REPAIR and Car Wash

63 Muckelemi St
San Juan Bautista 95045

Kashmiri Bhatia (Owner)
831-623-4702

20% OFF LABOUR
on your next qualifying service

Car Care You Can Trust



# CORNING ਵਿਚ ਪੰਜਾਬੀ ਟਰੱਕਰ ਭਰਾਵਾਂ ਦਾ ਆਪਣਾ

# AAA Truck Wash, Tire, and Lube



* We Carry New and Used Tires All Major Brands
* Smart Way Tires Available
* Used Tires Start From & 135
* Old Change $ 189 + Tax
* We also do truck and car washing and waxing
* Friendly and Professional Staff
* We offer truck and car detailing

AAA TRUCKWASH
Sign of Excellence

### ਪੰਜਾਬੀ ਭਰਾਵਾਂ ਲਈ ਸੇਲ

ਅਸੀਂ ਆਪਣੇ ਪੰਜਾਬੀ ਭਰਾਵਾਂ ਦੀ ਜ਼ਰੂਰਤ ਨੂੰ ਮੁੱਖ ਰੱਖਦੇ ਹੋਏ ਬਰਿਜਸਟੋਨ ਸਟੇਅਰਿੰਗ ਟਾਇਰਾਂ ਦੀ ਸੇਲ ਲਗਾਈ ਹੈ

ਬਰਿਜਸਟੋਨ 283 (ਦੋ ਟਾਇਰ) $1149
ਚਾਈਨੀਜ਼ 749 (ਦੋ ਟਾਇਰ) $749



Call:
530-824-5134

### ਪੁਰਾਣੇ ਟਾਇਰਾਂ ਦੀ ਸੇਲ

ਇਕ ਵਾਰ ਸੇਵਾ ਦਾ ਮੌਕਾ ਜ਼ਰੂਰ ਦਿਓ

| | |
|---|---|
| Used Tires American Brand | $99 + Labor |
| Recap Truck Tire | $ 249 + Labor |
| Recap Trailar Tires and Kind | $ 199 + Labor |

LUCAS OIL LUCAS INJECTOR CLEANER $28.99

## NEW & USED TIRES
WASH, LUBE, BRAKES

Call:
650-642-0697

## 3525 Highway 99, West Corning, CA 96021
Across the Street from TA Truck Stop

ਅਪਨਾ ਪੰਜਾਬ ਸਪੋਰਟਸ ਕਲੱਬ ਕੈਲੇਫੋਰਨੀਆ ਦੇ ਪ੍ਰਧਾਨ ਸ. ਕਸ਼ਮੀਰ ਸਿੰਘ ਧੁੱਗਾ, ਅਵਤਾਰ ਸਿੰਘ ਤਾਰੀ, ਕਮਲਜੀਤ ਸਿੰਘ ਅਟਵਾਲ, ਜਤਿੰਦਰ ਸਿੰਘ ਤੱਖਰ, ਜਸਵਿੰਦਰ ਸਿੰਘ ਤੱਖਰ, ਮਹਿੰਦਰ ਭੱਟੀ, ਮਨਜੀਤ ਵਿਰਕ, ਮਨਜੀਤ ਗਿੱਲ, ਗੁਰਿੰਦਰ ਪੁਰੇਵਾਲ, ਜਸਵੰਤ ਸਰਾਂ, ਵਿਕਰਮਜੀਤ ਸਿੰਘ ਅਤੇ ਦਰਸ਼ਨ ਸਿੰਘ ਔਜਲਾ, ਮਹਿੰਗਾ ਸਿੰਘ ਸੰਧੂ ਸਰਪੰਚ, ਮਨਜੀਤ ਸਿੰਘ ਸੰਧੂ, ਬਲਜੀਤ ਸਿੰਘ ਸੰਘੇੜਾ, ਜੱਸੀ ਸੰਘੇੜਾ ਫਰਿਜ਼ਨੋ, ਬੀਰੂ (ਅੰਤਰਰਾਸਟਰੀ ਕਬੱਡੀ ਰੈਫਰੀ), ਤੂਰ ਬ੍ਰਦਰਜ਼ ਅਤੇ ਘੋਲੀਆ ਹੇਵਰਡ ਆਦਿ ਮੈਂਬਰ ਸਾਹਿਬਾਨ ਵੱਲੋਂ ਯੂਨਾਈਟਿਡ ਸਪੋਰਟਸ ਕਲੱਬ ਕੈਲੇਫੋਰਨੀਆ (ਅਮਰੀਕਾ) ਵੱਲੋਂ ਸਫਲਤਾਪੂਰਵਕ 14ਵਾਂ ਵਿਸ਼ਵ ਕਬੱਡੀ ਕੱਪ ਕਰਵਾਏ ਜਾਣ ਦੀਆਂ ਬਹੁਤ-ਬਹੁਤ ਵਧਾਈਆਂ। ਅੱਗੇ ਤੋਂ ਵੀ ਵਾਹਿਗੁਰੂ ਪੰਜਾਬੀ ਭਾਈਚਾਰੇ 'ਚ ਅਜਿਹੇ ਉਪਰਾਲੇ ਕਰਨ ਦਾ ਬਲ ਬਖਸ਼ਿਸ਼ ਕਰਦਾ ਰਹੇ।

## (ਅਪਨਾ ਪੰਜਾਬ ਸਪੋਰਟਸ ਕਲੱਬ ਕੈਲੇਫੋਰਨੀਆ)






















